# ਬਾਰਹਮਾਹਾ (ਚੇਤਿ)

***ਸੰਤ ਵਰਿਆਮ ਸਿੰਘ ਜੀ***

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥*

*ਅੰਗ - 134*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੇ ਦਰਬਾਰ 'ਚ ਆਪ ਚੇਤਰ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਉਂਦੇ ਹੋਏ ਏਸ ਅਸਥਾਨ ਤੇ ਪਹੁੰਚੇ ਹੋਂ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*

*ਅੰਗ - 133*

ਦੂਸਰਾ ਏਸ ਤੋਂ ਵੀ ਉਪਰ ਅੱਜ ਮਹਾਨ ਗੁਰੂ ਗੁਰੂ ਹਰਿਰਾਇ ਸਾਹਿਬ ਮਹਾਰਾਜ, ਆਪ ਛੋਟੀ ਉਮਰ ਵਿਚ ਹਨ, ਆਪ ਤੋਂ ਵੱਡੇ ਹੋਰ ਕਈ ਭਰਾਤਾ, ਆਪ ਜੀ ਦੇ ਪਿਤਾ ਦੇ ਭਰਾ ਹਨ। ਲੇਕਿਨ ਗੁਰੂ ਛੇਵੇਂ ਪਾਤਸਾਹ ਮਹਾਰਾਜ ਜੀ ਨੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਜੋਤ, ਆਪਣੀ ਜੋਤ ਟਿਕਾਉਣ ਵਾਸਤੇ ਚੁਣਿਆ ਤੇ ਅੱਜ ਦੇ ਦਿਨ ਉਨ੍ਹਾਂ ਦੇ ਅੰਦਰ ਗੁਰੂ ਜੋਤੀ ਦਾ ਪ੍ਰਕਾਸ਼ ਹੋਇਆ ਤੇ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਗੁਰਗੱਦੀ ਦੇ ਉਤੇ ਸਸ਼ੋਭਤ ਹੋਏ। ਸੋ ਉਨ੍ਹਾਂ ਦੀ ਯਾਦ ਅਤੇ ਸੰਗਰਾਂਦ ਦਾ ਦਿਹਾੜਾ ਆਪ ਪਿਆਰ ਨਾਲ ਮਨਾ ਰਹੇ ਹੋ। ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਨਿਰਾ ਹੀ ਪਿਆਰ ਦੀ ਮੂਰਤ ਸੀ। ਸ਼ਿਕਾਰ ਖੇਲ੍ਹਦੇ ਸੀ, ਬਾਹਰ ਜਾਇਆ ਕਰਦੇ ਸੀ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਵੀ ਸ਼ਿਕਾਰ ਖੇਲ੍ਹਦੇ ਸੀ ਲੇਕਿਨ ਜੀਵਾਂ ਦਾ ਉਧਾਰ ਕਰਦੇ ਸੀ। ਉਸੇ ਵੇਲੇ ਉਧਾਰ ਹੋ ਜਾਂਦਾ ਸੀ, ਲੇਕਿਨ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਜੀ ਨੇ ਸ਼ਿਕਾਰ ਖੇਲ੍ਹਿਆ, ਵੱਡੇ-ਵੱਡੇ ਚੀਤੇ, ਸ਼ੇਰ, ਉਹ ਜੀਉਂਦੇ ਮਾਰੇ ਨਹੀਂ ਹਨ, ਫੜ ਕੇ ਰੱਖ ਲਏ। ਉਨ੍ਹਾਂ ਦੇ ਉਤੇ ਦ੍ਰਿਸ਼ਟੀ ਪਾਈ, ਥੋੜ੍ਹੀ ਦੇਰ ਤੋਂ ਬਾਅਦ ਜੰਗਲ 'ਚ ਜਾ ਕੇ ਫੇਰ ਛੱਡ ਆਉਂਦੇ ਸੀ।

ਆਪ ਦਾ ਦਿਲ ਐਨਾ ਨਰਮ ਸੀ ਕਿ ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਪਿਛੇ-ਪਿਛੇ ਜਾ ਰਹੇ ਸੀ। ਗੁਰੂ ਮਹਾਰਾਜ ਸੈਰ ਕਰ ਰਹੇ ਸੀ ਤੇ ਇਹ ਪਿਛੇ ਜਾਂਦੇ ਸੀ। ਇਨ੍ਹਾਂ ਦੇ ਚੋਲਾ ਬਹੁਤ ਵੱਡਾ ਪਾਇਆ ਹੋਇਆ ਸੀ। ਧਰਤੀ ਦੇ ਨਾਲ ਲਗ ਕੇ ਜਾ ਰਿਹਾ ਸੀ। ਇਕ ਗੁਲਾਬ ਦੇ ਫੁੱਲ ਨਾਲ ਚੋਲਾ ਲੱਗਿਆ ਤੇ ਫੁੱਲ ਟੁੱਟ ਗਿਆ। ਗੁਰੂ ਮਹਾਰਾਜ ਜਦੋਂ ਸਾਰਾ ਚੱਕਰ ਕੱਢ ਕੇ ਵਾਪਸ ਆਏ, ਕੀ ਦੇਖਦੇ ਨੇ, ਛੋਟੀ ਜਿਹੀ ਉਮਰ, ਛੋਟਾ ਜਿਹਾ ਬੱਚਾ, ਗੁਰੂ ਹਰਿਰਾਇ ਸਾਹਿਬ ਮਹਾਰਾਜ, ਉਹ ਫੁੱਲ ਹੱਥ ਵਿਚ ਲਿਆ ਹੋਇਆ ਹੈ ਤੇ ਬਹੁਤ ਡੂੰਘੇ ਭਾਵ ਵਿਚ ਗਏ ਹੋਏ ਨੇ ਤੇ ਫੁੱਲ ਨਾਲ ਗੱਲਾਂ ਕਰ ਰਹੇ ਨੇ ਕਿ ਐ ਫੁੱਲ! ਤੂੰ ਕਿੰਨੀ ਦੇਰ ਅਜੇ ਟਾਹਣੀ ਦੇ ਨਾਲ ਖਿੜ ਕੇ ਕਿੰਨਾ ਅਨੰਦ ਦੇਣਾ ਸੀ ਨੇਤਰਾਂ ਨੂੰ, ਆਪਣੀ ਖ਼ੂਬਸੂਰਤੀ ਦਾ। ਕਿੰਨੀ ਸੁਗੰਧੀ ਦੇਣੀ ਸੀ ਨਾਸਕਾ ਨੂੰ। ਲੇਕਿਨ ਤੇਰੇ ਨਾਲ ਮੇਰਾ ਚੋਲਾ ਛੂਹਣ ਨਾਲ, ਤੂੰ ਟੁੱਟ ਗਿਆ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕੋਲ ਜਾਂਦੇ ਨੇ, ਸਾਰੀ ਗੱਲ ਦੇਖੀ ਤੇ ਨਾਲ ਦੀ ਨਾਲ ਪਿੱਠ ਤੇ ਹੱਥ ਰੱਖਿਆ, ਬੇਟਾ! ਜੇ ਕਿਸੇ ਨੂੰ ਨਹੀਂ ਤੋੜਨਾ ਤਾਂ ਚੋਲਾ ਸੰਭਾਲ ਕੇ ਚੱਲੀਦਾ ਹੁੰਦਾ ਹੈ। ਸਾਰੀ ਜ਼ਿੰਦਗੀ ਗੁਰੂ ਹਰਿਰਾਇ ਸਾਹਿਬ ਮਹਾਰਾਜ ਨੇ ਚੋਲਾ ਪਹਿਨ ਲੈਣਾ, ਇਕੱਠਾ ਕਰਕੇ ਖੱਬੀ ਬਾਂਹ ਦੇ ਉਤੇ ਰੱਖ ਲੈਣਾ। ਸਾਰੇ ਪੱਲੇ ਇਕੱਠੇ ਕਰ ਲੈਣੇ ਹੇਠਲੇ। ਗੁਰਿਆਈ ਵੀ ਕੀਤੀ, ਸਾਰੀ ਜ਼ਿੰਦਗੀ ਬਤੀਤ ਕੀਤੀ ਪਰ ਇਹ ਜਿਹੜਾ ਇਕੋ ਵਕਤ ਦਾ ਉਪਦੇਸ਼ ਸੀ, ਛੋਟੀ ਉਮਰ ਦੇ ਅੰਦਰ, ਬੱਚੇ ਸੀ ਨਿੱਕੇ ਜਿਹੇ, ਓਸਨੂੰ ਕਮਾਉਂਦੇ ਰਹੇ ਹਮੇਸ਼ਾ ਹੀ ਕਿ ਇਹ ਮੇਰੇ ਗੁਰੂਦੇਵ ਦਾ ਹੁਕਮ ਹੈ। ਸੋ ਉਨ੍ਹਾਂ ਦਾ ਗੁਰਿਆਈ ਦਾ ਦਿਵਸ ਆਪਾਂ ਅੱਜ ਮਨਾ ਰਹੇ ਹਾਂ। ਆਪ ਨਿਰੀ ਪਿਆਰ ਦੀ ਮੂਰਤ ਸੀ, ਇਕ ਨਵਾਂ ਸਬਕ ਦੇ ਰਹੇ ਸੀ ਕਿ ਜਪ ਤਪ ਕਰਦੇ-ਕਰਦੇ ਜਪੀ ਹਾਰ ਗਏ, ਤਪੀ ਹਾਰ ਗਏ, ਵਰਤ ਰੱਖ ਕੇ ਵਰਤ ਰੱਖਣ ਵਾਲੇ ਹਾਰ ਗਏ। ਪੁੱਠੇ ਲਟਕਦੇ ਹਾਰ ਗਏ, ਧੂਣੀਆਂ ਤਾਪਦੇ ਹਾਰ ਗਏ, ਜਲਧਾਰੇ ਕਰਦੇ ਹਾਰ ਗਏ। ਬਰਫਾਂ 'ਚ ਬੈਠ ਕੇ ਸਰੀਰ ਗਾਲਣ ਵਾਲੇ ਹਾਰ ਗਏ। ਸੈਂਕੜੇ ਸਾਲਾਂ ਦੀਆਂ ਸਮਾਧੀਆਂ ਲਾਉਣ ਵਾਲੇ ਥੱਕ ਗਏ। ਲੇਕਿਨ ਪ੍ਰਮੇਸ਼ਰ ਨਹੀਂ ਮਿਲ ਸਕਿਆ ਕਿਸੇ ਨੂੰ। ਵਾਹਿਗੁਰੂ ਜੀ ਰੂਪ-ਰੰਗ, ਰੇਖ-ਭੇਖ ਤੋਂ ਨਿਆਰਾ ਹੈ ਉਹ ਨਹੀਂ ਮਿਲਦਾ ਕਿਸੇ ਨੂੰ। ਸੋ ਆਪ ਜੀ ਨੇ ਬਹੁਤ ਹੀ ਸੁਖਾਲਾ ਤਰੀਕਾ ਦੱਸਿਆ ਕਿ ਪ੍ਰੇਮੀਓ! ਵਾਹਿਗੁਰੂ ਨਿਰਾ ਪਿਆਰ ਹੈ ਜਿਸਦੇ ਹਿਰਦੇ ਵਿਚ ਪਿਆਰ ਦਾ ਵਾਸਾ ਹੋ ਜਾਵੇ। ਜਿਸਦੇ ਹਿਰਦੇ ਵਿਚ ਖਿੱਚ ਪੈਣੀ ਸ਼ੁਰੂ ਹੋ ਜਾਵੇ, ਜਿਸਦੇ ਹਿਰਦੇ ਵਿਚੋਂ ਕੁੜੱਤਣ ਤੇ ਰੁੱਖਾਪਣ ਨਿਕਲ ਜਾਵੇ, ਦ੍ਵੈਤ ਨਿਕਲ ਜਾਵੇ, ਦੁਸ਼ਮਣ ਵੀ ਆਪਣੇ ਲੱਗਣ ਲਗ ਜਾਣ, ਦੁਸ਼ਮਣ ਕੋਈ ਨਾ ਰਹੇ। ਕਹਿੰਦੇ ਜਦੋਂ ਹਿਰਦੇ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ ਫੇਰ ਖਿੱਚਾਂ ਪੈਂਦੀਆਂ ਨੇ। ਉਹ ਜਿਹੜੀ ਖਿੱਚ ਪੈਂਦੀ ਹੈ ਉਹਦੇ ਅੱਗੇ ਵਾਹਿਗੁਰੂ ਜੀ ਠਹਿਰਦੇ ਨਹੀਂ ਹੈ, ਵਾਹਿਗੁਰੂ ਜੀ ਨੂੰ

ਆਉਣਾ ਪੈਂਦਾ ਹੈ। ਉਹ ਖਿੱਚ ਖਾਂਦੇ ਨੇ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਆਪ ਨੇ ਫੁਰਮਾਨ ਕੀਤਾ ਕਿ ਪਿਆਰ ਦਾ ਰਸਤਾ ਸਾਰਿਆਂ ਨਾਲੋਂ ਸੁਖਾਲਾ ਰਸਤਾ ਹੈ, ਜਿਹਦੇ ਨਾਲ ਪਿਆਰ ਹੋਵੇ, ਉਹ ਇਕ ਸਕਿੰਟ ਵਾਸਤੇ ਵੀ ਅੱਖਾਂ ਤੋਂ ਓਹਲੇ ਨਹੀਂ ਹੋਇਆ ਕਰਦਾ। ਉਹਦੀ ਗੈਰਹਾਜ਼ਰੀ ਨਹੀਂ ਕਦੇ ਵੀ ਮਹਿਸੂਸ ਹੋਇਆ ਕਰਦੀ ਕਦੇ ਵੀ, ਜਿਹਦੇ ਨਾਲ ਪਿਆਰ ਹੋਵੇ। ਸਾਨੂੰ ਤਾਂ ਸ਼ਿਕਾਇਤ ਹੈ ਜੀ, ਭਜਨ ਕਰਦੇ ਹਾਂ ਧਿਆਨ ਨਹੀਂ ਲਗਦਾ, ਮਨ ਨਹੀਂ ਟਿਕਦਾ। ਕਿਉਂਕਿ ਪਿਆਰ ਦੇ ਵਿਚ ਨਹੀਂ ਅਸੀਂ ਆਏ। ਪਿਆਰ ਦੇ ਮੰਡਲ ਤੋਂ ਬਾਹਰ-ਬਾਹਰ ਫਿਰਦੇ ਹਾਂ, ਜਿਹਦੇ ਨਾਲ ਪਿਆਰ ਹੋ ਜਾਵੇ, ਉਹਦੇ ਲਈ ਤਾਂ ਸ਼ਿਕਾਇਤ ਨਹੀਂ ਰਹਿੰਦੀ ਕੋਈ, ਉਹ ਤਾਂ ਹਰ ਵਕਤ ਨਾਲ ਰਹਿੰਦਾ ਹੈ। ਸੁੱਤੇ ਵੀ, ਜਾਗਦੇ ਵੀ, ਗੱਲ ਕਰੋ ਤਾਂ ਉਨ੍ਹਾਂ ਦੀ ਹੀ। ਸੋ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਹੈ ਪਿਆਰੇ ਦੀ ਗੱਲ ਸੁਣਨ ਲਈ। ਮਹਾਰਾਜ ਕਹਿੰਦੇ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***

***ਅੰਗ - 558***

ਕੀ ਦੇਈਏ ਉਸਨੂੰ? ਦੇਖਿਆ ਸਭ ਚੀਜ਼ਾਂ ਕਿ ਆਹ ਦੇ ਦੇਈਏ, ਆਹ ਦੇ ਦੇਈਏ। ਸਾਰਿਆਂ ਨਾਲੋਂ ਪਿਆਰਾ ਸੀਸ ਹੁੰਦਾ ਹੈ।

***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***

***ਅੰਗ - 558***

ਬਿਨਾਂ ਸੀਸ ਤੋਂ ਸੇਵਾ ਕਰੀਏ। ਸੀਸ ਵੱਢ ਕੇ ਉਹਨੂੰ ਬੈਠਣ ਵਾਸਤੇ ਬਣਾ ਦਿਤਾ ਜਾਵੇ ਮੂੜਾ। ਸੋ ਵੱਡੀ ਕੁਰਬਾਨੀ ਹੈ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਤਨੁ ਮਨੁ ਕਾਟਿ ਕਾਟਿ ਸਭ ਅਰਪੀ ਵਿਚਿ ਅਗਨੀ ਆਪੁ ਜਲਾਈ॥***
***ਪਖਾ ਫੇਰੀ ਪਾਣੀ ਢੋਵਾ.............॥ ਅੰਗ - 757***

ਅਗਲੀ ਤੁਕ ਕਿਹੜੀ ਹੈ ਧਿਆਨ ਦੇਵੋ, ਪੱਖਾਂ ਤਾਂ ਬਹੁਤ ਸਾਰੇ ਫੇਰਦੇ ਨੇ, ਪਾਣੀ ਵੀ ਢੋਂਦੇ ਨੇ। ਪਰ ਅਗਲੀ ਗੱਲ ਜਿਹੜੀ ਹੈ ਕਹਿੰਦੇ -

***............. ਜੋ ਦੇਵਹਿ ਸੋ ਖਾਈ॥ ਅੰਗ - 757***

ਹੇ ਵਾਹਿਗੁਰੂ! ਤੇਰੀ ਸੇਵਾ ਕਰਦੇ ਨੂੰ ਜੋ ਕੁਛ ਵੀ ਪ੍ਰਾਪਤ ਹੋ ਜਾਵੇ, ਉਹ ਮੈਂ ਖਾਵਾਂ, ਕਦੇ ਸ਼ਿਕਵਾ ਨਾ ਕਰਾਂ ਕਿ ਮੈਨੂੰ ਆਹ ਚੀਜ਼ ਮਿਲ ਜਾਏ, ਆਹ ਮਿਲ ਜਾਏ। ਜੇ ਦੁੱਖ ਦੇ ਦਿਤਾ ਤਾਂ ਵੀ ਮੈਂ ਤੇਰਾ ਹੀ ਧਿਆਨ ਰੱਖਾਂ, ਜੇ ਸੁਖ ਦੇ ਦਿਤਾ ਤਾਂ ਵੀ। ਜੇ ਭੁੱਖ ਦੇ ਦਿਤੀ ਤਾਂ ਮੈਂ ਭੁੱਖਾ ਹੀ ਰੱਜਿਆ ਰਹਾਂ ਕਿ ਤੇਰੇ ਵਲੋਂ ਆਈ ਹੋਈ ਹੈ। ਸੋ ਇਹ ਪਿਆਰ ਜਿਸਦੇ ਹਿਰਦੇ ਵਿਚ ਸਮਾਅ ਜਾਵੇ, ਵੱਡੇ ਭਾਗਾਂ ਵਾਲਾ ਪੁਰਸ਼ ਹੁੰਦਾ ਹੈ ਕਿਉਂਕਿ ਪੱਥਰ ਦਿਲ ਨੇ। ਪੱਥਰ ਦਿਲ ਜਿਹੜੇ ਨੇ-

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***

***ਅੰਗ - 1379***

ਉਹ ਤਾਂ ਮਸਾਣ ਹੋਇਆ ਕਰਦੇ ਨੇ। ਮਸਾਣਾਂ ਦੀ ਮਿਟੀ ਜਿਹੜੀ ਜਲੀ ਹੋਈ ਹੈ ਉਥੇ ਘਾਹ ਬੀਜ ਕੇ ਦੇਖ ਲਓ ਹਰਾ ਨਹੀਂ ਹੁੰਦਾ ਕਿਉਂਕਿ ਜਲ ਗਈ ਮਿੱਟੀ। ਇਸੇ ਤਰ੍ਹਾਂ ਦੇ ਨਾਲ ਮੋਹ ਮਾਇਆ ਦੇ ਨਾਲ ਜਿਹਦਾ ਹਿਰਦਾ ਜਲਿਆ ਹੋਇਆ ਹੈ। ਉਥੇ ਪਿਆਰ ਨਹੀਂ ਹੋਇਆ ਕਰਦਾ। ਉਹ ਤਾਂ ਮਸਾਣ ਹੁੰਦੇ ਨੇ, ਉਥੇ ਬਿਰਹਾ ਨਹੀਂ ਹੁੰਦਾ, ਖਿੱਚ ਨਹੀਂ ਹੁੰਦੀ। ਖਿੱਚ ਬਗੈਰ ਵਾਹਿਗੁਰੂ ਨਹੀਂ ਮਿਲਦਾ।

ਕਰੋੜਾਂ ਤੀਰਥਾਂ ਕੀਤੇ ਰੱਬ ਨੂੰ ਮਿਲਣ ਵਾਸਤੇ। ਵੱਡੇ-ਵੱਡੇ ਦਾਨ, ਆਪਣਾ ਸਰੀਰ ਵੀ ਦਾਨ ਵਿਚ ਦੇ ਦਿਤਾ। ਵੱਡੇ-ਵੱਡੇ ਵਰਤ ਧਾਰਨ ਕਰ ਲਏ। ਬੇਅੰਤ ਕਿਸਮ ਦੇ ਭੇਸ ਜਾ ਕੇ ਰਿਸ਼ੀਆਂ ਮੁਨੀਆਂ ਦੇ ਵਿਚ ਕਰ ਲਏ। ਦੇਸਾਂ ਦੇਸਾਂਤਰਾਂ 'ਚ ਫਿਰਿਆ, ਲੈ ਕੇ ਵੱਡੇ-ਵੱਡੇ ਕੇਸ ਸਿਰ ਦੇ ਉਤੇ ਧਰ ਲਏ। ਮਹਾਰਾਜ ਕਹਿੰਦੇ ਐਉਂ ਤਾਂ ਨਹੀਂ ਮਿਲਣਾ ਰੱਬ। ਅਸ਼ਟਾਂਗ ਯੋਗ ਕਰੇ, 84 ਆਸਨ ਸਿੱਧਾਂ ਦੇ ਹੁੰਦੇ ਨੇ ਮਹਾਰਾਜ ਕਹਿੰਦੇ ਕਰੋੜ ਆਸਨ ਕਰ ਲੈ ਚਾਹੇ, 84 ਛੱਡ ਕੇ। ਮੂੰਹ ਕਾਲਾ ਕਰਕੇ ਫਿਰਦਾ ਰਿਹਾ। ਸੁੰਦਰਤਾ ਖਰਾਬ ਕਰ ਲਈ ਆਪਣੀ, ਸੁੱਕ ਗਿਆ। ਪਰ ਮਹਾਰਾਜ ਕਹਿੰਦੇ ਜੇ ਵਾਹਿਗੁਰੂ ਦੇ ਨਾਲ ਪਿਆਰ ਨਹੀਂ ਨਾ ਪਿਆ ਤਾਂ ਕਹਿੰਦੇ ਧਰਮਰਾਜ ਦੀ ਦੁਨੀਆਂ ਵਿਚ ਜਾਣਾ ਪੈਂਦਾ ਹੈ। ਕਹਿੰਦੇ ਕੀ ਹੋ ਗਿਆ ਜੇ ਸਿਰ ਮੁਨਾ ਲਿਆ, ਜਾਂ ਸਿਰ ਦੇ ਉਤੇ ਜਟਾਂ ਧਰ ਲਈਆਂ। ਜਾ ਕੇ ਤਪਸਿਆ ਵਾਲੀ ਥਾਂ ਤੇ ਭੇਖ ਦਿਖਾਉਣ ਲਗ ਗਿਆ।

ਕੀ ਹੋ ਗਿਆ ਜੇ ਅੱਖਾਂ ਖੋਲ੍ਹਦਾ ਹੀ ਨਹੀਂ, ਅੱਖਾਂ ਮੀਚ ਕੇ ਬਗਲੇ ਵਾਂਗਣ ਬੈਠਾ ਰਹਿੰਦਾ ਹੈ। ਅੱਖਾਂ ਮੀਚ ਲਈਆਂ, ਝੂੰਮ-ਝੂੰਮ ਕੇ ਗੁਣ ਗਾਉਂਦਾ ਹੈ।

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਅੰਗ - 450***

ਬੇਅੰਤ ਰਾਗਾਂ ਦੇ ਨਾਲ, ਬੇਅੰਤ ਨਾਦਾਂ ਦੇ ਨਾਲ, ਬੇਅੰਤ ਸਾਜਾਂ ਦੇ ਨਾਲ ਝੂੰਮ-ਝੂੰਮ ਕੇ ਗੁਣ ਗਾ ਰਿਹਾ ਹੈ। ਮਹਾਰਾਜ ਕਹਿੰਦੇ ਫੇਰ ਕੀ ਹੋ ਗਿਆ। ਆਰਤੀ ਕਰਦਾ ਹੈ, ਧੂਪ ਜਗਾਉਂਦਾ ਹੈ, ਸੰਖ ਵਜਾਉਂਦਾ ਹੈ, ਘੜਿਆਲਾਂ ਵਜਾਉਂਦਾ ਹੈ, ਫੁੱਲ ਸੁਟਦਾ ਹੈ। ਮਹਾਰਾਜ ਕਹਿੰਦੇ ਤੁਸੀਂ ਕਹੋ ਨਾ ਕਹੋ, ਬਿਨਾ ਪਿਆਰ ਤੋਂ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਗੁਰੂ ਤਾਂ ਨਿਰਾ ਹੀ ਪਿਆਰ ਮੰਗਦਾ ਹੈ ਸਾਧਸੰਗ ਜੀ! ਗੁਰੂ ਤਾਂ ਹਰ ਵਕਤ ਸਿੱਖ ਨੂੰ ਉਡੀਕਦਾ ਹੈ ਕਿ ਮੇਰਾ ਸਿੱਖ ਮੇਰੇ ਕੋਲ ਆਵੇ। ਕਿਉਂਕਿ ਗੁਰੂ ਪਿਆਰ ਦੀ ਮੂਰਤ ਹੁੰਦਾ ਹੈ। ਗੁਰੂ ਤੇ ਪ੍ਰਮੇਸ਼ਰ ਦੇ ਵਿਚ ਫਰਕ ਨਹੀਂ ਹੋਇਆ ਕਰਦਾ। ਇਕੋ ਹੋਇਆ ਕਰਦੇ ਨੇ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਦੇ ਜੀਵਨ ਦੇ ਅੰਦਰ, ਜਿਨ੍ਹਾਂ ਦੀ ਗੁਰਗੱਦੀ ਦਾ ਆਪਾਂ ਦਿਵਸ ਮਨਾ ਰਹੇ ਹਾਂ। ਆਪ ਦੇ ਇਤਿਹਾਸ ਦੇ ਅੰਦਰ ਇਕ ਐਸੀ ਘਟਨਾ ਆਉਂਦੀ ਹੈ, ਬੇਅੰਤ ਨੇ ਉਸ ਤਰ੍ਹਾਂ ਤਾਂ, ਪਰ ਆਪਾਂ ਇਕ ਦਾ ਜ਼ਿਕਰ ਕਰਦੇ ਹਾਂ।

ਕਿਸੇ ਦੂਰ ਪਿੰਡ ਦੇ ਅੰਦਰ ਕੋਈ ਮਾਤਾ ਰਹਿੰਦੀ ਸੀ। ਆਮ ਸਾਧਾਰਨ ਸੀ ਲੇਕਿਨ ਸਤਿਸੰਗ ਦਾ ਨਹੀਂ ਸੀ ਓਸਨੂੰ ਪਤਾ ਕਿ ਕੀ ਹੁੰਦਾ ਹੈ, ਰੱਬ ਕੀ ਹੁੰਦਾ ਹੈ? ਜਿਵੇਂ ਆਮ ਲੋਕ ਪਾਪ ਵੀ ਕਰਦੇ ਨੇ, ਪੁੰਨ ਵੀ ਕਰਦੇ ਨੇ। ਵੈਸਾ ਹੀ ਜੀਵਨ ਸੀ ਉਸਦਾ। ਇਕ ਵਾਰੀ ਐਸਾ ਹੋਇਆ ਕਿ ਕੋਈ ਪੂਰਨ ਮਹਾਂਪੁਰਸ਼ ਹਰੀ ਦਾ ਜਸ ਕਰਦੇ-ਕਰਦੇ ਗੁਰੂ ਦੇ ਸਿੱਖ, ਉਸ ਦੇ ਨਗਰ ਵਿਚ ਆ ਗਏ। ਉਥੇ ਸਤਿਸੰਗ ਹੋਣਾ ਸ਼ੁਰੂ ਹੋ ਗਿਆ। ਸਤਿਸੰਗ ਦੇ ਵਿਚ ਓਹੀ ਜਾਂਦੇ ਨੇ ਜਿਨ੍ਹਾਂ ਦੇ ਮੱਥੇ ਦੇ ਵਿਚ ਕਲਮ ਲਿਖੀ ਹੋਵੇ, ਦੂਜਾ ਨਹੀਂ ਜਾ ਸਕਿਆ ਕਰਦਾ। ਕੋਲ ਜਾ ਕੇ ਬਾਹਰ ਬੈਠ ਜਾਂਦਾ ਹੈ ਕਿਉਂਕਿ ਓਹਨੂੰ ਦਾਖਲਾ ਨਹੀਂ ਮਿਲਦਾ। ਜਿਹੜੀਆਂ ਗੁਪਤ ਤਾਕਤਾਂ ਨੇ, ਉਹ ਧੱਕਾ ਮਾਰਦੀਆਂ ਨੇ, ਜੇ ਆ ਵੀ ਜਾਵੇ ਕੰਨ ਬੰਦ ਕਰ ਦਿੰਦੀਆਂ ਨੇ, ਸੁਣਨ ਤੱਕ ਨਹੀਂ ਦਿੰਦੀਆਂ ਕਿਉਂਕਿ ਭਾਗ ਵਿਚ ਲਿਖਿਆ ਹੋਇਆ ਨਹੀਂ। ਥੋੜ੍ਹਾ ਜਿਹਾ ਪੁੰਨ ਤਾਂ ਸੀਗਾ ਕਿ ਨੇਤਰਾਂ ਦੇ ਨਾਲ ਸੰਗਤ ਦੇ ਦਰਸ਼ਨ ਕਰ ਲਓ, ਉਹਦਾ ਵੀ ਬੜਾ ਭਾਰਾ ਪੁੰਨ ਹੈ। ਲੇਕਿਨ ਐਡਾ ਪੁੰਨ ਨਹੀਂ ਸੀ ਕਿ ਸਤਿਸੰਗ ਸਰਵਣ ਕਰ ਲਏ। ਸੋ ਪ੍ਰੇਮੀ ਜਾਣੇ ਸ਼ੁਰੂ ਹੋ ਗਏ, ਕਿਸੇ ਨੇ ਕਿਹਾ ਬੀਬੀ! ਵਡੇਰੀ ਉਮਰ ਦੀ ਸੀ ਥੋੜ੍ਹੀ। ਬਾਲ-ਬੱਚੇ ਚੜ੍ਹਾਈ ਕਰ ਗਏ ਸੀ, ਘਰਵਾਲਾ ਵੀ ਚੜ੍ਹਾਈ ਕਰ ਗਿਆ ਸੀ। ਇਕੱਲੀ ਰਹਿੰਦੀ ਸੀ। ਮਿਹਨਤ ਮਜ਼ੂਰੀ ਕਰਕੇ ਆਪਣਾ ਜੀਵਨ ਬਤੀਤ ਕਰਦੀ ਸੀ। ਤਰਸ ਆ ਗਿਆ ਕਿਸੇ ਗੁਰਸਿੱਖ ਨੂੰ, ਬੀਬੀ ਨੂੰ ਕਹਿਣ ਲੱਗੀ ਮਾਤਾ! ਆਪਣੇ ਨਗਰ ਦੇ ਅੰਦਰ ਸਤਿਸੰਗ ਹੁੰਦਾ ਹੈ, ਤੂੰ ਵੀ ਚੱਲ। ਸੰਗਤ ਵਿਚ ਜਾਣ ਤੋਂ ਤਾਂ ਮਹਾਂਪੁਰਸ਼ਾਂ ਨੇ ਦੱਸਿਆ ਹੈ ਕਿ ਐਨਾ ਫਲ ਹੁੰਦਾ ਹੈ ਕਿ ਕਿ ਇਕ ਕਦਮ ਕੋਈ ਚਲ ਕੇ ਆ ਜਾਵੇ, ਇਕ ਅਸ੍ਵਮੇਧ ਜਗ ਦਾ ਫਲ ਉਹਨੂੰ ਮਿਲ ਜਾਂਦਾ ਹੈ। ਤੂੰ ਵੀ ਸ਼ਰਧਾ ਦੇ ਨਾਲ ਚੱਲ ਤੇ ਮਾਤਾ ਜਿਸ ਵਕਤ ਸੰਗਤ ਗਈ ਓਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸੇ ਵਿਚਾਰ ਆ ਰਹੇ ਸੀ।

*ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥* *ਅੰਗ - 12*

ਵਿਆਖਿਆ ਹੋਈ ਕਿ ਬੜੀ ਦੇਰ ਤੋਂ ਬਾਅਦ ਫਿਰਦੇ-ਫਿਰਦੇ ਨੂੰ ਇਹ ਜਨਮ ਮਿਲਿਆ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

ਭਾਈ ਤੂੰ ਐਉਂ ਨਾ ਸਮਝ ਕਿ ਤੇਰਾ ਸਰੀਰ ਹੁਣੇ ਹੀ ਪੈਦਾ ਹੋਇਆ ਹੈ। ਜਦ ਮਾਂ ਦੇ ਪੇਟ 'ਚੋਂ ਪੈਦਾ ਹੋਇਆ ਹੈਂ ਪੁਛਦਾ ਹੈ ਕੋਈ ਬੰਦਾ ਕਿ ਤੇਰੀ ਕਿੰਨੀ ਉਮਰ ਹੈ। ਅਣਜਾਣ ਬੰਦਾ ਕਹਿੰਦਾ ਹੈ ਕਿ ਜੀ ਮੇਰੀ 40 ਸਾਲ ਦੀ ਉਮਰ ਹੈ, ਮੇਰੀ 50 ਸਾਲ ਦੀ ਉਮਰ ਹੈ। ਜਿਹੜਾ ਜਾਣਕਾਰ ਹੈ ਉਹ ਚੁੱਪ ਕਰ ਜਾਂਦਾ ਹੈ। ਫੇਰ ਉਹਨੂੰ ਪੁਛਿਆ ਜਾਂਦਾ ਹੈ ਕਿ ਤੇਰੀ ਕਿੰਨੀ ਉਮਰ ਹੈ? ਦੇਖਦਾ ਹੈ ਕਿ ਅਣਜਾਣ ਬੰਦਾ ਪੁਛ ਰਿਹਾ ਹੈ ਕਿ ਜਾਣਕਾਰ ਪੁੱਛ ਰਿਹਾ ਹੈ। ਜੇ ਅਣਜਾਣ ਬੰਦਾ ਪੁਛਦਾ ਹੈ ਤਾਂ ਸਰੀਰ ਨੂੰ ਉਮਰ ਦਸਦਾ ਹੈ। ਜੇ ਜਾਣਕਾਰ ਪੁਛਦਾ ਹੈ ਫੇਰ ਕਹਿੰਦਾ ਹੈ ਕਿ ਮੈਨੂੰ ਤਾਂ ਮੇਰੀ ਉਮਰ ਦਾ ਪਤਾ ਹੀ ਨਹੀਂ। ਕੋਈ ਨਹੀਂ ਪਤਾ ਕਿ ਮੈਂ ਕਦੋਂ ਤੋਂ ਤੁਰਿਆ ਆ ਰਿਹਾ ਹਾਂ। ਇਸ ਗੱਲ ਦੀ ਕੋਈ ਸੋਝੀ ਨਹੀਂ ਹੈ। ਇਹ ਵੀ ਨਹੀਂ ਪਤਾ ਕਿ ਮੈਂ ਕਿਹੜਾ-ਕਿਹੜਾ ਸਰੀਰ ਧਾਰਨ ਕੀਤਾ ਹੈ। ਕਿਉਂਕਿ ਮਹਾਰਾਜ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਥੋੜ੍ਹਾਂ ਸਮਾਂ ਨਹੀਂ, ਕਰੋੜਾਂ ਸਾਲ, ਅਰਬਾਂ ਸਾਲ ਮਹਾਰਾਜ ਕਹਿੰਦੇ ਲੰਘ ਗਏ। ਕੀ ਬਣਦਾ ਰਿਹਾ? ਸਫਰ ਤਾਂ ਲੰਮਾ ਹੋਇਆ, ਉਮਰ ਤਾਂ ਆਪਣੀ ਬਹੁਤ ਵੱਡੀ ਹੋਈ। ਕਪੜੇ ਪਾਏ ਕਦੇ ਸਿਆਲ ਦੇ ਪਾ ਲਏ, ਕਦੇ ਗਰਮੀਆਂ ਦੇ ਪਾ ਲਏ। ਪਹਿਨਦੇ ਆਏ ਹਾਂ ਕਰਮਾਂ ਦੇ ਮੁਤਾਬਿਕ ਕਪੜੇ। ਚਾਰ ਖਾਣੀਆਂ ਨੇ - ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰ ਤੋਂ ਪੈਦਾ ਹੋਣ ਵਾਲੇ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ, ਧਰਤੀ ਦੀ ਗਰਮੀ ਤੋਂ ਪੈਦਾ ਹੋਣ ਵਾਲੇ। ਇਹ ਚਾਰ ਦੇ ਵਿਚ 21-21 ਲੱਖ ਕਿਸਮ ਦੀਆਂ ਜੂਨੀਆਂ ਨੇ। ਇਨ੍ਹਾਂ ਸਾਰੀਆਂ ਦੇ ਵਿਚੋਂ ਹੋ ਕੇ ਆਪਾਂ ਆਏ ਹਾਂ। ਹੁਣ ਉਮਰ ਬੁਝੋ ਕਿੰਨੀ ਹੈ, ਕਿੰਨੇ ਸਾਲ ਪੱਥਰ ਬਣੇ ਰਹੇ, ਕਿੰਨੇ ਸਾਲ ਬਰੋਟਾ ਬਣੇ ਰਹੇ, ਕਿੰਨੇ ਸਾਲ ਪਿੱਪਲ ਬਣੇ ਰਹੇ। 24 ਲੱਖ ਕਿਸਮ ਦੇ ਰੁੱਖ, ਬ੍ਰਿਖ ਨੇ, ਨਾਗਾਂ ਦੀਆਂ ਕੁਲਾਂ ਵਿਚ ਵੀ ਘੁੰਮਦੇ ਰਹੇ ਹਾਂ, ਖੱਡਾਂ 'ਚ ਨੱਠ-ਨੱਠ ਕੇ ਵੜਦੇ ਰਹੇ ਹਾਂ। ਪੰਖੀ ਬਣ ਕੇ ਘੁੰਮਦੇ ਰਹੇ ਹਾਂ, ਉਡ ਕੇ ਓਹ ਟਾਹਣੇ ਤੇ, ਉਡ ਕੇ ਓਹ ਟਾਹਣੇ ਤੇ। ਹੁਣ ਉਮਰ ਕੀ ਦੱਸੀ ਜਾਵੇ ਆਪ ਦੀ। ਮਹਾਰਾਜ ਕਹਿੰਦੇ ਇਹ ਦੇਹੀ ਤੈਨੂੰ ਬੜੇ ਚਿਰਾਂ ਤੋਂ ਬਾਅਦ ਪ੍ਰਾਪਤ ਹੋਈ ਹੈ। ਤੂੰ ਹੁਣ ਪ੍ਰਮੇਸ਼ਰ ਦਾ ਨਾਮ ਜਪ ਭਾਈ।

ਜਿਹੜਾ ਤਾਂ ਸੋਝੀ ਵਾਲਾ ਬੰਦਾ ਹੈ, ਜਿਹਦੇ ਨੇਤਰ ਖੁਲ੍ਹੇ ਹੋਏ ਨੇ, ਜਿਹੜਾ ਜਾਗਦਾ ਹੈ। ਉਹਨੂੰ ਪੁਛ ਲਓ ਉਮਰ ਉਹ ਸਰੀਰ ਦੀ ਨਹੀਂ ਦਸਦਾ। ਵਾਹਿਗੁਰੂ ਹੀ ਜਾਣਦਾ ਹੈ ਕਿ ਅਸੀਂ ਕਦੋਂ ਕੁ ਦੇ ਭਟਕਦੇ ਫਿਰਦੇ ਹਾਂ। ਸੋ ਹੁਣ ਸਾਡੀ ਵਾਰੀ ਆ ਗਈ। ਪਹਿਲਾਂ ਵੀ ਮਨੁੱਖ ਬਣੇ ਸੀ? ਮਹਾਰਾਜ ਕਹਿੰਦੇ ਹਾਂ, ਬਹੁਤ ਵਾਰੀ ਬਣੇ ਹਾਂ।

ਫੇਰ ਮਹਾਰਾਜ! ਜਦ ਨਾ ਸਾਨੂੰ ਸੋਝੀ ਆਈ?

ਮਹਾਰਾਜ ਕਹਿੰਦੇ ਨਾ ਸੋਝੀ ਕਿਤੇ ਸਾਰਿਆਂ ਨੂੰ ਆਉਂਦੀ ਹੈ, ਵਿਰਲੇ-ਵਿਰਲੇ ਨੂੰ ਆਉਂਦੀ ਹੈ, ਕਿਸੇ-ਕਿਸੇ ਨੂੰ। ਕੋਈ-ਕੋਈ ਪ੍ਰੇਮੀ ਹੈ ਜਿਹਨੂੰ ਸੋਝੀ ਆਵੇ, ਬਾਕੀ ਤਾਂ ਗੇੜਾ ਖਾਂਦੇ ਨੇ ਇਥੇ, ਚੱਕਰ ਖਾਂਦੇ ਨੇ। ਹਲਟ ਦੀਆਂ ਟਿੰਡਾਂ ਦੇ ਵਿਚ ਕੋਈ ਚੀਜ਼ ਬੈਠ ਜਾਵੇ, ਡੱਡੂ ਹੀ ਬੈਠ ਜਾਵੇ, ਬਾਹਰ ਆਉਣਾ ਚਾਹੁੰਦਾ ਹੈ। ਜੇ ਤਾਂ ਪਾੜਛੇ ਵਿਚ ਆ ਕੇ ਛਾਲ ਮਾਰ ਪਾਣੀ ਵਿਚ, ਤਾਂ ਤਾਂ ਨਿਕਲ ਜਾਂਦਾ ਹੈ ਬਾਹਰ। ਔਲੂ 'ਚ ਆ ਜਾਊਗਾ, ਚੁਬੱਚੇ 'ਚ ਆ ਕੇ ਫੇਰ ਬਾਹਰ ਨਿਕਲ ਜਾਂਦਾ ਹੈ। ਜੇ ਉਵੇਂ ਜਿਵੇਂ ਟਿੰਡ ਨੂੰ ਫੜ ਕੇ ਬੈਠਾ ਰਿਹਾ ਫੇਰ ਟਿੰਡ ਨੇ ਤਾਂ ਹੇਠਾਂ ਨੂੰ ਜਾਣਾ ਹੈ, ਫੇਰ ਨਹੀਂ ਨਿਕਲ ਹੁੰਦਾ, 42 ਲੱਖ ਟਿੰਡਾਂ ਉਪਰ ਨੂੰ ਜਾਂਦੀਆਂ ਨੇ, 42 ਲੱਖ ਹੇਠਾਂ ਨੂੰ ਜਾਂਦੀਆਂ ਨੇ। ਉਹ ਤਾਂ ਗੇੜੇ ਖਾਂਦਾ ਜਾਂਦਾ ਹੈ। ਹੁਣ ਆਪਾਂ ਮਨੁੱਖ ਬਣੇ ਹਾਂ ਗੁਰੂ ਮਹਾਰਾਜ ਆਵਾਜ਼ਾਂ ਦਿੰਦੇ ਨੇ। ਓ ਪ੍ਰੇਮੀਓ! ਜਾਗ ਲਓ, ਜਾਗ ਲਓ। ਨਾ ਕਰੋ ਦੁਨੀਆਂ ਦੀਆਂ ਗੱਲਾਂ, ਨਾ ਦੁਨੀਆਂ 'ਚ ਫਸੋ। ਕੀ ਦੁਨੀਆਂ 'ਚ ਖੱਟ ਕੇ ਲੈ ਗਏ ਤੁਹਾਡੇ ਬਜ਼ੁਰਗ। ਉਹ ਚਲੇ ਗਏ ਖਾਲੀ ਹੱਥ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*

*ਅੰਗ - 1365*

ਲੱਖਾਂ ਕਰੋੜਾਂ ਰੁਪਿਆਂ ਵਾਲੇ ਵੀ ਚਲੇ ਗਏ। ਅਸੀਂ ਕੀ ਬਣਾ ਲਵਾਂਗੇ। ਪਰਾਲਬਧ ਤਾਂ ਵਾਹਿਗੁਰੂ ਨੇ ਲਿਖੀ ਹੋਈ ਹੈ ਉਹ ਤਾਂ ਜ਼ਰੂਰ ਮਿਲਣੀ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10*

ਫੇਰ ਕਹਿੰਦਾ ਹੈ ਕਿ ਜੇ ਮੈਂ ਨਾ ਕਰਾਂ ਕਿਵੇਂ ਮਿਲ ਜਾਏਗਾ? ਜੇ ਮੈਂ ਹੱਥ ਪੈਰ ਨਾ ਹਿਲਾਵਾਂ। ਕਹਿੰਦੇ ਤੇਰੇ ਹੱਥ 'ਚ ਨਹੀਂ, ਹੱਥ ਪੈਰ ਹਿਲਾਉਣਾ। ਉਹ ਤਾਂ ਵਾਹਿਗੁਰੂ ਹਿਲਾਉਂਦਾ ਹੈ। ਤੈਨੂੰ ਅਧਰੰਗ ਹੋ ਜਾਏ, ਲਾ ਲੈ ਜਿੰਨਾ ਜ਼ੋਰ ਲਾਉਣਾ ਹੈ। ਹਿਲਾ ਲਏਂਗਾ, ਫੇਰ ਤਾਂ ਪਾਸਾ ਵੀ ਨਹੀਂ ਲੈ ਹੁੰਦਾ। ਤੇਰਾ ਤਾਂ ਇਸ ਤੇ ਅਖਤਿਆਰ ਹੀ ਨਹੀਂ ਹੈ ਪ੍ਰੇਮੀਆ! ਇਹ ਤਾਂ ਅਖਤਿਆਰ ਉਸ ਮਾਲਕ ਦਾ ਹੈ ਜਿਸਨੇ ਸਰੀਰ ਦਿਤਾ ਹੋਇਆ ਹੈ। ਉਹ ਸ਼ਕਤੀ ਦਿੰਦਾ ਹੈ-

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥*

*ਅੰਗ - 653*

ਕਿਰਤ ਨੇ ਧੱਕਾ ਮਾਰਿਆ ਅਰਬ ਦੇਸ਼ਾਂ ਦਾ ਉਥੇ ਚਲਿਆ ਜਾਏਗਾ, ਅਮਰੀਕਾ ਦਾ ਮਾਰਿਆ ਅਮਰੀਕਾ ਚਲਿਆ ਜਾਊ। ਕਿਰਤ ਦਿੰਦੀ ਹੈ ਧੱਕੇ। ਇਸ ਤੋਂ ਵੀ ਮਾੜਾ ਕੰਮ ਜਿਹੜਾ ਤੂੰ ਕਰਦਾ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*

*ਅੰਗ - 268*

ਬੜੇ ਜਨਮ ਗਵਾ ਦਿਤੇ ਬਾਰ-ਬਾਰ ਮਨੁੱਖ ਬਣ ਕੇ ਤੇ ਜਾਗ ਨਹੀਂ ਆਈ। ਜਾਗਦਾ ਨਹੀਂ ਹੈ। ਮਹਾਰਾਜ ਕਹਿੰਦੇ ਤੂੰ ਬੋਲਾ ਹੈਂ। ਹਾਕਾਂ ਮਾਰਦੇ ਨੇ ਚਾਰੇ ਵੇਦ, ਛੇਈ ਸਾਸ਼ਤਰ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਧਰਮ ਗ੍ਰੰਥ ਸਾਰੇ ਮਹਾਤਮਾ ਬੁੱਧ ਦੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਲੱਖਾਂ ਸਾਧੂ ਮਹਾਤਮਾ, ਅਵਾਜ਼ਾਂ ਮਾਰ-ਮਾਰ ਕੇ ਜਗਾਉਂਦੇ ਨੇ। ਲੇਕਿਨ ਜਾਗ ਨਹੀਂ ਆਉਂਦੀ ਹੈ -

*ਧਾਰਨਾ - ਤੈਨੂੰ ਗੁਰੂ ਜਗਾਉਂਦੇ ਨੇ,*
*ਗਾਫਲਾ ਤੈਨੂੰ ਜਾਗ ਨਾ ਆਈ।*

*ਫਰੀਦਾ ਕੂਕੇਦਿਆ ਚਾਗੇਦਿਆ ਮਤੀ ਦੇਦਿਆ ਨਿਤ॥*

ਗੁਰੂ ਦੀ ਬਾਣੀ ਮਤਾਂ ਦਿੰਦੀ ਹੈ ਕਿ ਪ੍ਰੇਮੀਆ! ਜਾਗ ਲੈ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥*

*ਅੰਗ - 726*

ਪਰ ਕੀ ਮਜ਼ਾਲ ਹੈ ਜਾਗ ਖੁਲ੍ਹ ਜਾਵੇ। ਸਰੀਰ ਦੀ ਜਾਗ ਤਾਂ ਖੁਲ੍ਹ ਜਾਂਦੀ ਹੈ, ਮਨ ਦੀ ਜਾਗ ਨਹੀਂ ਖੁਲ੍ਹਦੀ। ਮਨ ਸੁੱਤਾ ਪਿਆ ਹੈ? ਮਹਾਰਾਜ ਕਹਿੰਦੇ ਸਾਰਾ ਹੀ ਸੁੱਤਾ ਪਿਆ ਹੈ।

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥*
*ਰਸਨਾ ਸੋਈ ਲੋਭਿ ਮੀਠੈ ਸਾਦਿ॥*
*ਮਨੁ ਸੋਇਆ ਮਾਇਆ ਬਿਸਮਾਦਿ॥ ਅੰਗ - 182*

ਅੱਖਾਂ ਤੇਰੀਆਂ ਸੌਂ ਗਈਆਂ ਪਰਾਈ ਦ੍ਰਿਸ਼ਟੀ ਦੇ ਵਿਕਾਰ 'ਚ। ਮਾੜੀਆਂ ਗੱਲਾਂ ਸੁਣਦੇ-ਸੁਣਦੇ ਤੇਰੇ ਕੰਨ ਸੌਂ ਗਏ। ਸੁਆਦਾਂ 'ਚ ਪੈ ਕੇ, ਜੀਭ ਸੌਂ ਗਈ ਤੇਰੀ। ਝੂਠ ਬੋਲਦੀ ਹੈ, ਫਿੱਕਾ ਬੋਲਦੀ ਹੈ, ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਸੁੱਤੀ ਪਈ ਹੈ। ਮਨ ਨੂੰ ਨਸ਼ਾ ਮਾਇਆ ਦਾ

ਚੜ੍ਹ ਗਿਆ। ਮਾਇਆ ਕੀ ਹੁੰਦੀ ਹੈ? ਜਿੰਨਾ ਕੁਝ ਅੱਖਾਂ ਨਾਲ ਦਿਸੇ, ਜਿੰਨਾ ਚਿਰ ਜਿਹਦਾ ਨਾਉਂ ਹੈ, ਉਹ ਸਾਰੀ ਨੂੰ ਮਾਇਆ ਕਹਿੰਦੇ ਨੇ। ਉਹਦਾ ਵਿਸਮਾਦ ਚੜ੍ਹਦਾ ਹੈ, ਪੁੱਤਰ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਨਹੀਂ ਹੈ ਉਹਨੂੰ ਪੁੱਛ ਕੇ ਦੇਖ ਲਓ। ਪੈਸੇ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਨਹੀਂ ਪੈਸਾ ਉਹਨੂੰ ਪੁੱਛ ਕੇ ਦੇਖ ਲਓ। ਰਾਜਸੀ ਸ਼ਕਤੀ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਰਾਜਸੀ ਸ਼ਕਤੀ ਨਹੀਂ ਉਹਨੂੰ ਪੁੱਛ ਕੇ ਦੇਖ ਲਓ। ਸੋ ਮਹਾਰਾਜ ਕਹਿੰਦੇ ਇਹ ਸੌਂ ਜਾਂਦਾ ਹੈ।

*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥*
*ਮੁਸਨਹਾਰ ਪੰਚ ਬਟਵਾਰੇ॥*
*ਸੂਨੇ ਨਗਰਿ ਪਰੇ ਠਗਹਾਰੇ॥* *ਅੰਗ - 182*

ਸਾਰੀਆਂ ਆਪਣੇ-ਆਪਣੇ ਰਸਾਂ ਵਿਚ ਪੈ ਗਈਆਂ। ਘਰ ਲੁੱਟਿਆ ਜਾ ਰਿਹਾ ਹੈ ਕਿਉਂਕਿ ਸੁੱਤਾ ਪਿਆ ਹੈ। ਮਹਾਰਾਜ ਕਹਿੰਦੇ ਤੈਨੂੰ ਗੁਰੂ ਜਗਾਉਂਦੇ ਨੇ, ਜਾਗ ਤੂੰ। ਸਰੀਰ ਨੂੰ ਤਾਂ ਨਹੀਂ ਕਹਿੰਦੇ ਕਿ ਜਾਗ ਲੈ ਸਰੀਰਾ ਜਾਗ ਲੈ। ਮਨ ਨੂੰ ਕਹਿੰਦੇ ਨੇ।

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥*
*ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥*
*ਅੰਗ - 726*

ਜਿਨ੍ਹਾਂ ਨਾਲ ਤੂੰ ਪਿਆਰ ਵਿਚ ਲੱਗਿਆ ਹੋਇਆ ਹੈਂ ਨਾ ਪੁੱਤਰਾਂ, ਧੀਆਂ ਨਾਲ, ਇਹ ਪਤਾ ਕੀ ਕਰਦੇ ਨੇ ਤੈਨੂੰ ਸਾਂਭ ਕੇ ਨਹੀਂ ਰੱਖਣਾ ਜਿਹੜਾ ਤੈਨੂੰ ਦੇਖੇ ਬਿਨਾਂ ਜੀਉਂ ਨਾ ਸਕਣ। ਜਦੋਂ ਸਰੀਰ ਛੱਡ ਦਏਂਗਾ।

*ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥*
*ਅੰਗ - 727*

ਉਸੇ ਵੇਲੇ ਬੰਨ ਕੇ ਭੇਜ ਦੇਣਗੇ ਜਾਂ ਅੱਗ ਦੇ ਵਿਚ ਪਾ ਦੇਣਗ ਜਾਂ ਧਰਤੀ ਪੁੱਟ ਕੇ ਦਬ ਦੇਣਗੇ। ਫੇਰ ਪਿਆਰ ਕਿਥੇ ਰਿਹਾ, ਫੇਰ ਕਰੀ ਜਾਣ ਉਹਦੇ ਨਾਲ ਪਿਆਰ, ਅੱਖਾਂ ਖੁਲ੍ਹ ਜਾਂਦੀਆਂ ਨੇ। ਬਹੁਤ ਵਾਰੀ ਮਨੁੱਖ ਬਣਿਆ ਹੈਂ, ਫੇਰ ਖੁੰਝ ਜਾਂਦਾ ਹੈਂ, ਫੇਰ ਖੁੰਝ ਜਾਂਦੈ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥* *ਅੰਗ - 1075*

ਮਨ ਦੇ ਪਿਛੇ ਲਗ ਕੇ ਗਲਤੀਆਂ ਕਰਦਾ ਹੈਂ।

ਸੋ ਮਹਾਰਾਜ ਕਹਿੰਦੇ ਤੂੰ ਪ੍ਰੇਮੀਆਂ ਗਲਤ ਗੱਲਾਂ ਵਿਚ ਪਿਆ ਹੋਇਆ ਹੈਂ। ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਨਿੰਦਿਆ ਕਰਦਾ ਹੈਂ, ਨਿੰਦਿਆ ਕੀ ਕਰੇਗੀ? ਮੂੜ੍ਹ ਆਦਮੀ ਨੇ ਜਿਹੜੇ ਨਿੰਦਿਆ ਕਰਦੇ ਨੇ। ਕੋਈ ਵੀ ਜੇ ਗਲਤ ਗੱਲ ਕਰਦਾ ਹੈਂ ਫੇਰ ਉਹਦਾ ਲੇਖਾ ਦੇਣਾ ਪੈਣਾ ਹੈ। ਫੇਰ ਤੂੰ ਔਖਾ ਹੋ ਜਾਂਦੈ। ਉਥੇ ਕੋਈ ਸਹਾਇਤਾ ਨਹੀਂ ਕਰਦਾ। ਮਹਾਰਾਜ ਕਹਿੰਦੇ ਫੇਰ ਤੂੰ ਸਿਆਣਿਆ 'ਚ ਹੋਇਆ ਕਾਹਦੇ 'ਚ ਹੋਇਆ ਤੂੰ ਸੋਚ ਆਪੇ ਹੀ ਦਸ? ਕਿ ਜਨਮ ਤੈਨੂੰ ਮਿਲਿਆ ਸੀ ਪ੍ਰਮੇਸ਼ਰ ਦਾ ਭਜਨ ਕਰਨ ਵਾਸਤੇ।

ਅਕਾਲ ਪੁਰਖ ਨੇ ਆਹ ਸੰਸਾਰ ਜਿਹਦੇ ਵਿਚ ਆਪਾਂ ਚਲ ਰਹੇ ਹਾਂ। ਇਹਦੇ 84 ਲੱਖ ਦਰਵਾਜ਼ੇ ਨੇ, ਥੋੜ੍ਹੇ ਬਹੁਤੇ ਵੀ ਨਹੀਂ ਹਨ। 83 ਲੱਖ, 9 ਹਜ਼ਾਰ, 999 ਤਾਂ ਬੰਦ ਨੇ। ਇਕ ਦਰਵਾਜ਼ਾ ਖੁਲ੍ਹਾ ਹੈ, ਉਹ ਖੁਲ੍ਹਾ ਦਰਵਾਜ਼ਾ ਸਾਡੇ ਕੋਲ ਆਇਆ ਹੈ। ਉਹਦੇ ਵਿਚ ਸਾਨੂੰ ਵਿਸ਼ੇ, ਵਿਕਾਰਾਂ ਦੀ ਚਿਣਗ ਲੱਗ ਗਈ। ਹੁਣ ਨਿਕਲ ਨਹੀਂ ਰਹੇ ਬਾਹਰ, ਮੁੜ ਕੇ ਫੇਰ ਚੱਕਰ ਵਿਚ ਪੈਣਾ ਚਾਹੁੰਦੇ ਹਾਂ। ਐਹੋ ਜਿਹੇ ਕਰਮ ਕਰ ਦਿੰਦੇ ਹਾਂ, ਐਹੇ ਜਿਹੀਆਂ ਗੱਲਾਂ ਕਰ ਦਿੰਦੇ ਹਾਂ ਕਿ ਸਾਨੂੰ ਭੁਗਤਣੇ ਔਖੇ ਹੋ ਜਾਂਦੇ ਨੇ। ਜਦੋਂ ਸੱਚੀ ਦਰਗਾਹ 'ਚ ਜਾਂਦੇ ਹਾਂ ਫੇਰ ਅਸੀਂ ਬਹੁਤ ਦੁਖੀ ਹੁੰਦੇ ਹਾਂ।

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥* *ਅੰਗ - 471*

ਫੇਰ ਪਛਤਾਉਂਦਾ ਹੈ। ਜਨਮ ਲੰਘ ਜਾਂਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੈਨੂੰ ਬੰਨ੍ਹ ਕੇ ਜਮਾਂ ਨੇ ਮਾਰਨਾ,*
*ਜਨਮ ਗਵਾ ਲਿਆ ਮੂਰਖਾ।*

*ਨਾਨਕ ਨਾਮੁ ਨ ਚੇਤਨੀ*
*ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ॥*
*ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ॥*
*ਅੰਗ - 648*

ਮਹਾਰਾਜ ਕਹਿੰਦੇ ਨੇ ਅਗਿਆਨੀ ਤੇ ਅੰਨੇ, ਤੂੰ ਨਾਮ ਨਹੀਂ ਚੇਤਿਆ। ਤੂੰ ਜ਼ਿੰਦਗੀ ਸਾਰੀ ਹੋਰ ਹੀ ਹੋਰ ਕਰਮ ਕਰਦੇ ਨੇ ਲੰਘਾ ਦਿਤੀ। ਮਾਰ ਪੈ ਕੇ ਹੀ ਮਹਾਰਾਜ ਕਹਿੰਦੇ ਖਹਿੜਾ ਛੁਟ ਜਾਏਗਾ? ਨਹੀਂ, ਵਿਸ਼ਟਾ 'ਚ ਜਾ ਕੇ ਕੀੜਾ ਬਣਨਾ ਪੈ ਜਾਂਦਾ ਹੈ। ਵਿਸ਼ਟਾ 'ਚੋਂ ਪੈਦਾ ਹੁੰਦਾ ਹੈ, ਫੇਰ ਵਿਸ਼ਟਾ 'ਚ ਚਲਿਆ ਜਾਂਦਾ ਹੈ।

*ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥*
*ਅੰਗ - 513*

ਮਾਇਆ ਦਾ ਮੋਹ ਜਿਹੜਾ ਹੈ ਉਹ ਤੈਨੂੰ ਪ੍ਰੇਤ ਲੱਗਿਆ ਹੋਇਆ ਹੈ, ਭੂਤ ਲੱਗਿਆ ਹੋਇਆ ਹੈ ਤੈਨੂੰ। ਪੁਤਰਾਂ ਦਾ, ਜ਼ਮੀਨ ਦਾ, ਜਾਇਦਾਦ ਦਾ, ਸਰੀਰ ਦਾ, ਆਪਣੀ ਪ੍ਰਭਤਾ ਦਾ, ਆਪਣੇ ਨਾਮ ਦਾ। ਜਿਹੜਾ ਮੋਹ ਹੈ ਨਾ ਇਹ ਤੈਨੂੰ ਪ੍ਰੇਤ ਚਿੰਬੜ ਗਿਆ। ਭੂਤ ਚਿੰਬੜਣ ਤੇ ਨੱਠੇ ਫਿਰਦੇ ਨੇ ਕਿ ਜੀ ਇਲਾਜ ਕਰੋ ਇਹਦਾ। ਆਹ ਭੂਤ ਸਾਰਿਆਂ ਨੂੰ ਚਿੰਬੜਿਆ ਹੋਇਆ ਹੈ। ਇਹਦੇ ਨਾਲ ਚਾਰ

ਭੂਤ ਹੋਰ ਨੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਕਹਿੰਦੇ ਪੰਜ ਭੂਤ ਲਗ ਗਏ, ਪੰਜ ਭੂਤ ਕਹਿੰਦੇ ਨੇ ਇਨ੍ਹਾਂ ਨੂੰ। ਜਿਹਨੂੰ ਇਹ ਭੂਤ ਲਗ ਜਾਵੇ ਫੇਰ ਕਹਿੰਦੇ ਉਹ ਗੁਰੂ ਦੀ ਦਰਗਾਹ ਵਿਚ ਨਹੀਂ ਜਾਂਦਾ। ਉਹਦਾ ਨਾਉਂ ਕੱਟ ਕੇ ਧਰਮਰਾਜ ਦੇ ਕਾਗਜ਼ਾਂ 'ਚ ਲਿਖ ਦਿੰਦੇ ਨੇ।

*ਏਹ ਜਮ ਕੀ ਸਿਰਕਾਰ ਹੈ*
*ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥* *ਅੰਗ - 513*

ਇਹ ਜਮ ਦੀ ਸਰਕਾਰ ਰੱਈਅਤ ਬਣ ਜਾਂਦੀ ਹੈ, ਵਿਸ਼ਾ ਬਣ ਜਾਂਦੀ ਹੈ। ਧਰਮਰਾਜ ਦੇ ਰਾਜ ਵਿਚ ਆ ਜਾਂਦੀ ਹੈ। ਇਨ੍ਹਾਂ ਉਤੇ ਫੇਰ ਕਰਾਰਾ ਜਿਹੜਾ ਕਾਨੂੰਨ ਹੈ, ਉਹ ਚਲਦਾ ਹੈ। ਫੇਰ ਕਾਨੂੰਨ ਕਰਾਰਾ ਕੀ ਹੈ? ਗੁਰਮੁਖ ਜਦੋਂ ਜਾਂਦੇ ਨੇ ਤਾਂ ਧੰਨ ਧੰਨ ਹੁੰਦੀ ਜਾਂਦੀ ਹੈ। ਜਦੋਂ ਮਨਮੁਖ ਜਾਂਦੇ ਨੇ, ਕਹਿੰਦੇ -

*ਮਨਮੁਖ ਜਮ ਮਗਿ ਪਾਈਅਨ੍ਹਿ*
*ਜਿਨ੍ਹ ਦੂਜਾ ਭਾਉ ਪਿਆਰਾ॥* *ਅੰਗ - 513*

ਜਮਾਂ ਦੇ ਰਸਤੇ ਲੈ ਤੁਰਦੇ ਨੇ ਜਿਹੜਾ ਸਵਾ ਸਾਲ, ਕਹਿੰਦੇ ਨੇ ਕਿ ਸਵਾ ਸਾਲ ਲਗਦਾ ਹੈ। ਮਹਾਰਾਜ ਕਹਿੰਦੇ ਨੇ ਨਾ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥* *ਅੰਗ - 264*

ਕੋਈ ਪਤਾ ਨਹੀਂ ਕਿ ਕਿੰਨੀ ਦੂਰ ਹੈ, ਓਸ ਰਸਤੇ ਪੈਂਦਾ ਹੈ। ਤੇ ਫੇਰ ਜਦੋਂ ਤਕਲੀਫ ਹੁੰਦੀ ਹੈ, ਭੁੱਖਾ ਤਿਹਾਇਆ ਹੁੰਦਾ ਹੈ ਫੇਰ ਕੋਈ ਪੁਕਾਰ ਨਹੀਂ ਸੁਣਦਾ। ਦਰਗਾਹ ਵਿਚ ਜਾ ਕੇ ਤਾਂ ਓਹੀ ਮਿਲਣਾ ਹੈ ਜਿਹੜਾ ਕੁਛ ਅਸੀਂ ਇਥੇ ਬੀਜ ਦੇਈਏ। ਜੇ ਖੇਤੀ ਕਰ ਲਈਏ ਨਾ ਨਾਮ ਦੀ ਮਹਾਰਾਜ ਕਹਿੰਦੇ ਉਹ ਤਾਂ ਮੁਕਦੀ ਨਹੀਂ। ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਪੁੰਨ ਦਾਨ ਜਿਹੜੇ ਨੇ ਇਹ ਅੱਧੇ ਤਾਂ ਜਮਦੂਤ ਖਾ ਜਾਂਦੇ ਨੇ ਰਾਹ ਵਿਚ।

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥* *ਅੰਗ - 747*

ਹੁਣ ਤੁਸੀਂ ਕੀਰਤਨ ਗਾ ਰਹੇ ਹੋ ਸੁਣ ਰਹੇ ਓਂ। ਇਹਦਾ ਫਲ ਕਿੰਨਾ ਹੋਣੈ? ਕਈ ਕਰੋੜ ਜਗਾਂ ਦਾ ਫਲ ਤੁਹਾਡੇ ਨਾਲ ਬੰਨ੍ਹਿਆ ਜਾਣਾ ਹੈ। ਮੁਕਦਾ ਹੈ ਕਿਤੇ ਮੁਕਾ ਕੇ ਦੇਖ ਲਓ। ਮਹਾਰਾਜ ਕਹਿੰਦੇ ਜੇ ਨਾਮ ਬੀਜ ਲਏ ਨਾ-

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥* *ਅੰਗ - 450*

ਹੁਣ ਨਾਮ ਬੀਜ ਲੈ ਫੇਰ ਉਥੇ ਭੁੱਖ ਨਹੀਂ ਲੱਗਣੀ। ਜਿਹਨੇ ਜ਼ਿੰਦਗੀ ਗੁਜ਼ਾਰ ਦਿਤੀ ਨਾ ਪ੍ਰਮੇਸ਼ਰ ਵਲ ਪਿੱਠ ਕਰਕੇ। ਕਹਿੰਦੇ ਫੇਰ ਉਨ੍ਹਾਂ ਨੂੰ ਜਮਾਂ ਦੇ ਰਸਤੇ ਪਾ ਲੈਂਦੇ ਨੇ। ਫੇਰ ਉਥੇ ਜਾ ਕੇ ਉਨ੍ਹਾਂ ਨੂੰ ਕੁਰਸੀਆਂ ਮਿਲਦੀਆਂ ਨੇ, ਆਦਰ ਮਿਲਦਾ ਹੈ? ਮਹਾਰਾਜ ਕਹਿੰਦੇ ਆਦਰ ਨਹੀਂ ਮਿਲਦਾ। ਉਨ੍ਹਾਂ ਨੂੰ ਬੰਨ੍ਹ ਲੈਂਦੇ ਨੇ -

*ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥*
*ਅੰਗ - 513*

ਕੋਈ ਪੁਕਾਰ ਨਹੀਂ ਸੁਣਦਾ, ਕੋਈ ਉਥੇ ਆ ਕੇ ਸਹਾਇਤਾ ਨਹੀਂ ਕਰਦਾ। ਜੇ ਉਥੇ ਸਹਾਇਤਾ ਕਰਦਾ ਹੈ ਤਾਂ ਗੁਰੂ ਸਹਾਇਤਾ ਕਰਦਾ ਹੈ, ਤੱਤ ਬੇਤਾ ਮਹਾਂਪੁਰਸ਼ ਸਹਾਇਤਾ ਕਰਦਾ ਹੈ। ਹੋਰ ਦਾ ਤਾਂ ਹੱਥ ਹੀ ਨਹੀਂ ਪਹੁੰਚਦਾ। ਉਹਦਾ ਕਹਿਆ ਚਲਦਾ ਹੈ ਉਥੇ। ਗੁਰੂ ਬੇਲੀ ਹੁੰਦਾ ਹੈ ਉਥੇ, ਅੰਤ ਦੇ ਸਮੇਂ ਉਹਦਾ ਕਹਿਆ ਹੋਇਆ ਉਥੇ ਮੰਨਿਆ ਜਾਂਦਾ ਹੈ।

ਰਾਜਾ ਜਨਕ ਨੇ ਅੱਧੀ ਘੜੀ ਨਾਮ ਜਪ ਕੇ, ਸਾਰੇ ਨਰਕ, 84 ਨਰਕ, ਸਾਰੇ ਕੁੰਡ ਖਾਲੀ ਕਰ ਦਿਤੇ। ਕਿੱਡੀ ਤਾਕਤ ਹੈ ਉਹਦੀ। ਉਹ ਕ੍ਰਿਪਾ ਕਰਕੇ ਬੇਲੀ ਹੋ ਗਿਆ ਸਾਰਿਆਂ ਦਾ, ਲੇਕਿਨ ਹੁੰਦਾ ਨਹੀਂ ਆਮ ਤੌਰ ਤੇ। ਸੋ ਕਹਿਣ ਲੱਗੇ ਜਿੰਨਾ ਚਿਰ ਸੰਸਾਰ 'ਚ ਆ ਕੇ ਗੁਰੂ ਧਾਰਨ ਨਹੀਂ ਕਰਦਾ ਤੇ ਗੁਰੂ ਦੇ ਨਾਲ ਪਿਆਰ ਨਹੀਂ ਪਾਉਂਦਾ। ਗੁਰੂ ਦੇ ਬਚਨ ਨਹੀਂ ਕਮਾਉਂਦਾ ਓਨਾ ਚਿਰ ਗੁਰੂ ਬੇਲੀ ਨਹੀਂ ਹੁੰਦਾ। ਜੇ ਗੁਰੂ ਧਾਰਨ ਕਰਕੇ ਚੋਰੀ ਕਰੇ, ਮਹਾਰਾਜ ਕਹਿੰਦੇ -

*ਚੋਰ ਕੀ ਹਾਮਾ ਭਰੇ ਨ ਕੋਇ॥*
*ਚੋਰ ਕੀਆ ਚੰਗਾ ਕਿਉ ਹੋਇ॥*

ਗੁਰੂ ਧਾਰਨ ਕਰਕੇ ਨਿੰਦਿਆ ਕਰਦਾ ਹੈ, ਗੁਰੂ ਕਹਿੰਦਾ ਹੈ-

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
*ਅੰਗ - 755*

ਇਹ ਤਾਂ ਗੁਰੂ ਦਾ ਹੀ ਹੁਕਮ ਹੈ, ਗੁਰੂ ਧਾਰਨ ਕਰਕੇ ਐਉਂ ਨਹੀਂ ਬਚਦਾ। ਗੁਰੂ ਦਾ ਬਚਨ ਕਮਾਉਣਾ ਪੈਂਦਾ ਹੈ। ਜੇ ਗੁਰੂ ਧਾਰਨ ਕਰਕੇ ਈਰਖਾ ਕਰੀ ਜਾਂਦਾ ਹੈ ਮਹਾਰਾਜ ਕਹਿੰਦੇ, ਉਹਦੀ ਵੀ ਕਲਿਆਣ ਨਹੀਂ ਹੁੰਦੀ।

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ॥* *ਅੰਗ - 308*

ਜਿਹਦੇ ਅੰਦਰ ਈਰਖਾ ਚਲਦੀ ਹੈ ਕਹਿੰਦੇ ਉਹਦਾ ਭਲਾ ਕਿਵੇਂ ਹੋ ਜਾਏਗਾ। ਸੋ ਗੁਰੂ ਦੇ ਨਾਲ ਜਿਹਦੀ ਬਣ ਜਾਵੇ, ਗੁਰੂ ਦੇ ਹੁਕਮ ਨੂੰ ਜਿਹੜਾ ਕਮਾਵੇ, ਉਹ ਗੁਰੂ ਨੂੰ ਪਿਆਰਾ ਲਗਦਾ ਹੈ। ਗੁਰੂ ਨਹੀਂ ਮਿਲਦਾ ਜਦੋਂ ਤੱਕ ਭਾਗ ਵਿਚ ਨਾ ਹੋਵੇ। ਨਿਗੁਰੀਓ ਦੁਨੀਆਂ ਤੁਰ ਜਾਂਦੀ ਹੈ। ਜਿਥੇ ਨਿਗੁਰਾ ਪੁਰਸ਼ ਬੈਠ ਜਾਂਦਾ ਹੈ ਸਵਾ ਗਜ਼ ਗਹਿਰੀ, ਸਵਾ ਗਜ਼ ਚੌੜੀ ਧਰਤੀ ਭ੍ਰਿਸ਼ਟ ਕਰਕੇ ਚਲਿਆ ਜਾਂਦਾ ਹੈ। ਜਿਥੇ ਪ੍ਰਭੂ ਦਾ ਪਿਆਰਾ ਬੈਠ ਜਾਵੇ, ਉਹ ਥਾਂ ਪਵਿੱਤਰ ਹੋ ਜਾਂਦੀ

ਹੈ। ਉਹ ਸੁਹਾਵਾ ਥਾਂ ਹੋ ਜਾਂਦਾ ਹੈ, ਪੂਜਣਯੋਗ ਥਾਂ ਹੋ ਜਾਂਦੀ ਹੈ। ਸੋ ਸਮਰੱਥ ਗੁਰੂ ਜੋ ਹੈ ਉਹ ਜਦੋਂ ਤੱਕ ਮੱਥੇ ਵਿਚ ਲੇਖ ਨਾ ਲਿਖਿਆ ਹੋਵੇ, ਮਿਲਦਾ ਨਹੀਂ ਹੈ -

*ਧਾਰਨਾ - ਲੇਖ ਧੁਰਾ ਤੋਂ ਜਿਨ੍ਹਾਂ ਦੇ ਮੱਥੇ ਲਿਖਿਆ,*
*ਤਿਨਾ ਨੂੰ ਸਤਿਗੁਰੂ ਆਣ ਮਿਲਦੇ।*

*ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ*
*ਲਿਲਾਟਿ ਲਿਖੋਇਐ॥* *ਅੰਗ - 587*

ਜਿਹਦੇ ਮਸਤਕ ਵਿਚ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ। ਦੂਜੇ ਨੂੰ ਨਹੀਂ ਮਿਲਿਆ ਕਰਦਾ। ਉਹ ਸਤਿਗੁਰੂ ਕੀ ਕਰਦਾ ਹੈ ਕਹਿੰਦੇ ਕਿ -

*ਭੂਲੇ ਮਾਰਗੁ ਜਿਨਹਿ ਬਤਾਇਆ॥*
*ਐਸਾ ਗੁਰੁ ਵਡਭਾਗੀ ਪਾਇਆ॥*
*ਸਿਮਰਿ ਮਨਾ ਰਾਮ ਨਾਮਿ ਚਿਤਾਰੇ॥*
*ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ ਅੰਗ - 804*

ਉਹ ਸਤਿਗੁਰੂ ਡੁਬਦੇ ਸਿੱਖ ਨੂੰ ਕੱਢ ਲੈਂਦਾ ਹੈ।

*ਧਾਰਨਾ - ਭਵਜਲ ਡੁਬਦੇ ਨੂੰ,*
*ਬਾਂਹ ਫੜ ਕੇ ਸਤਿਗੁਰੂ ਕਢਦੇ।*

ਕਾਮ, ਕ੍ਰੋਧ, ਲੋਭ, ਮੋਹ ਚਾਰੋਂ ਡੋਬਣ ਵਾਲੀਆਂ ਚੀਜ਼ਾਂ ਮਨ 'ਚ ਵਸ ਗਈਆਂ। ਜੇ ਪੂਰਾ ਗੁਰੂ ਮਿਲ ਜਾਵੇ ਉਹਨੇ ਇਹਦੇ ਬੰਧਨ ਕੱਟ ਦੇਣੇ ਨੇ ਤੇ ਮੁਕਤ ਕਰ ਦੇਣਾ ਹੈ। ਇਨ੍ਹਾਂ ਚੀਜ਼ਾਂ ਤੋਂ ਛੁਡਾ ਕੇ ਗੁਰੂ ਨੇ ਆਪਣੇ ਚਰਨਾਂ ਕਮਲਾਂ ਦਾ ਸਹਾਰਾ ਦੇ ਦਿਤਾ। ਸਾਰਾ ਸੰਸਾਰ ਅੱਗ ਦੇ ਸਮੁੰਦਰ 'ਚ ਡੁਬਦਾ ਚਲਿਆ ਜਾਂਦਾ ਹੈ। ਜਿਹੜਾ ਪੂਰਾ ਗੁਰੂ ਹੈ ਬਾਂਹ ਫੜ ਕੇ ਕੱਢ ਲੈਂਦਾ ਹੈ।

ਸੋ ਉਸ ਤੋਂ ਬਾਅਦ ਵਿਚਾਰ ਹੁੰਦੀ ਰਹੀ, ਇਹ ਬੀਬੀ ਸੁਣਦੀ ਰਹੀ। ਦੀਵਾਨ ਦੀ ਸਮਾਪਤੀ ਹੋ ਗਈ। ਉਸ ਵੇਲੇ ਮਹਾਂਪੁਰਸ਼ਾਂ ਦੇ ਪਾਸ ਇਕੱਲੀ ਗਈ, ਕਹਿਣ ਲੱਗੀ ਮਹਾਂਪੁਰਸ਼ੋ! ਮੈਂ ਤਾਂ ਪਹਿਲੀ ਵਾਰੀ ਸਤਿਸੰਗ ਸੁਣਿਆ ਹੈ। ਮੈਂ ਜਿਹੜਾ ਕੁਛ ਸੁਣਿਆ ਹੈ ਉਹ ਮੈਂ ਸੱਚ ਕਰਕੇ ਮੰਨਿਆ ਹੈ। ਕਹਿਣ ਲੱਗੇ, ਬੀਬੀ! ਇਥੇ ਝੂਠ ਤਾਂ ਕੋਈ ਬੋਲਿਆ ਹੀ ਨਹੀਂ ਕਰਦਾ। ਇਥੇ ਅੱਖਾਂ ਨਾਲ ਦੇਖੀਆਂ ਹੋਈਆਂ, ਤੇ ਬਿਲਕੁਲ ਸੱਚ-ਸੱਚ ਗੱਲ ਜਿਹੜੀ ਹੁੰਦੀ ਹੈ ਨਾ, ਸੰਤਾਂ ਦੀ ਗਵਾਹੀ ਸੱਚੀ ਹੁੰਦੀ ਹੈ ਉਹ ਓਹ ਗੱਲ ਕਹਿੰਦੇ ਨੇ ਜਿਹੜੀ ਅੱਖਾਂ ਨਾਲ ਦੇਖ ਲੈਣ। ਸੋ ਬੀਬੀ ਅਸੀਂ ਤਾਂ ਅੱਖਾਂ ਨਾਲ ਦੇਖੀਆਂ ਹੋਈਆਂ, ਜਗ ਨਾਲ ਵਰਤੀਆਂ ਹੋਈਆਂ, ਗੁਰੂ ਦਾ ਅਨੁਭਵ ਜਿਹੜਾ ਹੈ ਉਹ ਅਸੀਂ ਇਥੇ ਦੱਸਿਆ ਹੈ। ਕਹਿੰਦੀ ਏਸੇ ਤਰ੍ਹਾਂ ਹੋਏਗਾ ਫੇਰ? ਕਹਿੰਦੇ ਹਾਂ ਇਸ ਤਰ੍ਹਾਂ ਹੋਏਗਾ। ਕਹਿੰਦੀ ਗੁਰਮੁਖੋ, ਮੇਰਾ ਕੀ ਹਾਲ ਹੋਏਗਾ? ਕੀ ਗੱਲ ਬੀਬੀ ਤੂੰ ਕਿਸ ਤਰ੍ਹਾਂ ਦੀ ਹੈ? ਕਹਿੰਦੀ ਮੈਂ ਦੋ ਲੜਕੀਆਂ ਮਾਰੀਆਂ ਨੇ ਆਪਣੀਆਂ। ਲੜਕੀਆਂ ਮਾਰਨ ਦਾ ਰਿਵਾਜ ਹੁੰਦਾ ਸੀ। ਕਹਿਣ ਲੱਗੀ, ਗੁਰਮੁਖੋ! ਮੇਰੀ ਵੀ ਗਤੀ ਹੋਏਗੀ ਕਿਤੇ। ਉਹ ਕਹਿਣ ਲੱਗੇ, ਦੇਖ ਬੀਬੀ ਜੇ ਤੂੰ ਗੁਰੂ ਦੇ ਨਾਲ ਪਿਆਰ ਪਾ ਲਵੇ ਨਾ ਤੇ ਤੂੰ ਪਿਆਰ ਨਾਲ ਉਨ੍ਹਾਂ ਨੂੰ ਯਾਦ ਕਰੇਂ। ਏਸ ਵੇਲੇ ਸਾਰੀ ਸ੍ਰਿਸ਼ਟੀ ਨੂੰ ਤਾਰਨ ਵਾਲੇ ਗੁਰੂ ਹਰਿਰਾਇ ਸਾਹਿਬ ਮਹਾਰਾਜ ਕੀਰਤਪੁਰ ਦੇ ਅੰਦਰ ਦਰਸ਼ਨ ਦੇ ਰਹੇ ਹਨ। ਗੁਰੂ ਨਾਨਕ ਪਿਆਰ ਐਸ ਤਰ੍ਹਾਂ ਤਾਂ ਹੁੰਦਾ ਨਹੀਂ ਕਿ ਕਿਵੇਂ ਪਾਵੇ। ਇਹ ਤਾਂ ਖਿੱਚ ਵਧਦੀ ਹੁੰਦੀ ਹੈ, ਯਾਦ ਵਧਦੀ ਹੁੰਦੀ ਹੈ। ਤੂੰ ਉਹਨੂੰ ਯਾਦ ਕਰ, ਯਾਦ ਕਰ। ਯਾਦ ਕਰਦੇ-ਕਰਦੇ ਤੇਰਾ ਪਿਆਰ ਉਹਦੇ ਨਾਲ ਪੈ ਜਾਏਗਾ। ਫੇਰ ਤੂੰ ਉਨ੍ਹਾਂ ਨੂੰ ਭੁੱਲੀਂ ਨਾ। ਦੇਖ ਤੈਨੂੰ ਮਿਸਾਲਾਂ ਦੇ ਕੇ ਦਸਦੇ ਹਾਂ। ਚੰਦਰਮਾ ਹੈ ਇਹਦੇ ਨਾਲ ਇਕ ਪੰਛੀ ਦਾ ਪਿਆਰ ਹੈ। ਜੁਗਾਂ-ਜੁਗਾਂਤਰਾਂ ਤੋਂ ਚਲਿਆ ਆਇਆ ਹੈ, ਚੰਦਰਮਾ ਟਸ ਤੋਂ ਮਸ ਨਹੀਂ ਹੁੰਦਾ। ਕਦੇ ਨਹੀਂ ਆ ਕੇ ਮਿਲਿਆ ਕਿ ਚਕੋਰ ਨੂੰ ਮਿਲ ਜਾਵੇ। ਚੱਕਵੀ ਸੂਰਜ ਨਾਲ ਪਿਆਰ ਕਰਦੀ ਹੈ। ਰਾਤ ਨੂੰ ਐਨੀ ਉਦਾਸ ਹੋ ਜਾਂਦੀ ਹੈ ਕਿ ਜੋੜਾ ਵਿਛੜ ਜਾਂਦਾ ਹੈ। ਵਿਛੜ ਕੇ ਅੱਡ-ਅੱਡ ਹੋ ਜਾਂਦੇ ਨੇ। ਸੂਰਜ ਚੜ੍ਹਦਾ ਹੈ, ਫੇਰ ਖੁਸ਼ੀਆਂ ਉਨ੍ਹਾਂ 'ਚ ਆ ਜਾਂਦੀਆਂ ਨੇ, ਫੇਰ ਇਕੱਠੇ ਹੋ ਜਾਂਦੇ ਨੇ। ਇਵੇਂ ਜਿਵੇਂ ਕਮਲ ਦਾ ਫੁੱਲ ਹੈ, ਇਹਦਾ ਪਾਣੀ ਨਾਲ ਪਿਆਰ ਹੈ। ਪਾਣੀ ਸੁੱਕ ਜਾਏ ਨਾਲ ਦੀ ਨਾਲ ਹੀ ਮਰ ਜਾਂਦਾ ਹੈ, ਖੇੜਾ ਉਹਦਾ ਖਤਮ ਹੋ ਜਾਂਦਾ ਹੈ। ਸੋ ਇਸੇ ਤਰ੍ਹਾਂ ਦਾ ਪਿਆਰ ਜੇ ਗੁਰੂ ਨਾਲ ਲੱਗ ਜਾਏ ਨਾ। ਜਿਵੇਂ ਖਿੱਚ ਉਨ੍ਹਾਂ ਦੀ ਹੈ। ਕਹਿੰਦੇ ਚੰਦਰਮਾ ਚੜ੍ਹ ਜਾਂਦਾ ਹੈ, ਚਕੋਰ ਆ ਕੇ ਬਹਿ ਜਾਂਦੀ ਹੈ। ਖਾਣਾ ਪੀਣਾ ਸਭ ਭੁੱਲ ਜਾਂਦਾ ਹੈ। ਜਿੰਨਾਂ ਚਿਰ ਨਿਗ੍ਹਾ 'ਚ ਰਹਿੰਦਾ ਹੈ ਓਨਾ ਚਿਰ ਅਸਮਾਨ ਵਲ ਉਹਨੇ ਝਾਕੀ ਜਾਣਾ ਹੈ। ਉਹਨੇ ਨਹੀਂ ਅੱਖ ਨੀਵੀਂ ਕਰਨੀ। ਗਰਦਨ ਬੇਸ਼ੱਕ ਮੁੜ ਜਾਵੇ, ਪਰ ਉਹਨੇ ਦੇਖਦੇ ਹੀ ਰਹਿਣਾ ਹੈ। ਪੂਰਨਮਾਸ਼ੀ ਦੇ ਚੰਨ ਨੂੰ ਉਹਨੇ ਚੜ੍ਹਨ ਤੋਂ ਲੈ ਕੇ ਛਿਪਣ ਤਕ ਉਹਨੇ ਦੇਖੀ ਜਾਣਾ ਹੈ, ਹਿਲਣਾ ਨਹੀਂ, ਪੈਰ ਨਹੀਂ ਚੁੱਕਣਾ, ਗਰਦਨ ਮਰੋੜੀ ਜਾਣੀ ਹੈ। ਸੋ ਐਸਾ ਜੇ ਪਿਆਰ ਤੇਰਾ ਪੈ ਜਾਏ, ਫੇਰ ਗੁਰੂ ਖਿੱਚੇ ਹੋਏ ਆ ਜਾਂਦੇ ਨੇ। ਗੁਰੂ ਤੇਰਾ ਕਲਿਆਣ ਕਰ ਸਕਦੇ ਨੇ, ਸਮਰੱਥ ਗੁਰੂ ਨੇ, ਤੂੰ ਉਨ੍ਹਾਂ ਨਾਲ ਪਿਆਰ ਕਰ।

*ਚੰਦ ਚਕੋਰ ਪਰੀਤ ਹੈ ਲਾਇ ਤਾਰਿ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।*
*ਭਾਈ ਗੁਰਦਾਸ ਜੀ, ਵਾਰ 27/4*

ਕਹਿਣ ਲੱਗੇ, ਮਾਤਾ! ਕੋਈ ਜਪ ਤਪ, ਕੋਈ ਕਰਮ ਧਰਮ, ਕੋਈ ਗੁਰੂ ਨੂੰ ਨਹੀਂ ਰਿਝਾ ਸਕਦਾ। ਗੁਰੂ ਨੂੰ ਜੇ ਕੋਈ ਰਿਝਾਉਂਦਾ ਹੈ ਤਾਂ ਹਿਰਦੇ ਦਾ ਪਿਆਰ ਰਿਝਾਉਂਦਾ।

*ਸਚਾ ਅਲਖ ਅਭੇਉ ਹਠਿ ਨ ਪਤੀਜਈ॥*
*ਅੰਗ - 1285*

ਕਹਿੰਦੇ ਬੜਾ ਹਠ ਕਰਿਐ ਜੀ ਰੱਬ ਖੁਸ਼ ਹੋ ਗਿਆ। ਪਰ ਰੱਬ ਨਹੀਂ ਖੁਸ਼ ਹੁੰਦਾ। ਜਿੰਨਾ ਜੀਅ ਕਰਦਾ ਹੈ, ਹੱਠ ਕਰ ਲਓ, ਧੁੱਪ 'ਚ ਬੈਠੇ ਰਹੋ, ਪਾਣੀ 'ਚ ਬੈਠੇ ਰਹੋ। ਰੱਬ ਨਾਲ ਨਹੀਂ ਇਸ ਗੱਲ ਦਾ ਸਬੰਧ।

*ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥*
*ਅੰਗ - 1285*

ਬੜੇ-ਬੜੇ ਰਾਗ ਗਾ ਰਿਹਾ ਹੈ, ਰਾਗ ਦੇ ਤਾਂ ਨੇੜੇ ਤੇੜੇ ਵੀ ਨਹੀਂ ਜਾਂਦਾ।

*ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥*
*ਅੰਗ - 1285*

ਇਕ ਨੱਚਦੇ ਨੇ, ਗਰਮੀ-ਗਰਮੀ ਹੋਏ ਪਏ ਨੇ, ਸਾਹ ਨਹੀਂ ਲੈ ਰਹੇ। ਘੰਟੇ ਖੜਕਾ ਰਹੇ ਨੇ, ਬੇਅੰਤ ਸਾਜ ਵੱਜ ਰਹੇ ਨੇ, ਨਚਦੇ ਟਪਦੇ ਨੇ। ਮਹਾਰਾਜ

*ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ॥*
*ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥*
*ਕਰਮ ਵਧਹਿ ਕੈ ਲੋਅ ਖਪਿ ਮਰੀਜਈ॥*
*ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥ ਅੰਗ - 1285*

ਜੇ ਲਾਹਾ ਸੰਸਾਰ ਦੇ ਅੰਦਰ ਹੈ, ਤਾਂ ਪ੍ਰਮੇਸ਼ਰ ਦੀ ਯਾਦ ਦੇ ਵਿਚ ਜਿਹਨੂੰ ਨਾਮ ਕਹਿੰਦੇ ਨੇ।

*ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥*
*ਅੰਗ - 1285*

ਪਿਆਰ ਜਿਹਦੇ ਹਿਰਦੇ ਵਿਚ ਪੈਦਾ ਹੋ ਗਿਆ, ਉਹ ਗੁਰਮੁਖ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਮਝਾਇਆ ਕਿ ਮਾਤਾ! ਤੂੰ ਗੁਰੂ ਮਹਾਰਾਜ ਨਾਲ ਪਿਆਰ ਕਰ। ਸਾਰਾ ਸੰਸਾਰ ਓਹਦਾ ਬਣ ਜਾਊ ਜੇ ਵਾਹਿਗੁਰੂ ਦਾ ਕੋਈ ਬਣ ਜਾਊ।

ਪ੍ਰੀਤ ਕੀ ਹੁੰਦੀ ਹੈ ਸਾਧਸੰਗਤ ਜੀ! ਪਿਆਰ ਕੀ ਹੁੰਦਾ ਹੈ? ਇਹ ਬਹੁਤ ਔਖਾ ਹੈ ਸਮਝਣਾ। ਪਿਆਰ ਖਿੱਚ ਦਾ ਦੂਜਾ ਨਾਉਂ ਹੈ, ਜਿਹਦੇ ਨਾਲ ਪਿਆਰ ਹੋਏਗਾ, ਉਹ ਖਿੱਚ ਹਿਰਦੇ 'ਚ ਹਰ ਵਕਤ ਰਹੇਗੀ। ਜਿਹਦੇ ਹਿਰਦੇ 'ਚ ਖਿੱਚ ਪੈ ਜਾਵੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਉਨ੍ਹਾਂ ਦਾ ਮਿਲਾਪ ਤੋਂ ਉਰ੍ਹੇ ਕੋਈ ਥਾਂ ਹੀ ਨਹੀਂ, ਟਿਕਦੇ ਹੀ ਨਹੀਂ ਹਨ, ਵਧਦੇ ਹੀ ਤੁਰੇ ਜਾਂਦੇ ਨੇ। ਜਦੋਂ ਮਿਲਾਪ ਹੁੰਦਾ ਹੈ, ਫੇਰ ਮੈਂ ਤੇ ਤੂੰ ਦਾ ਭੇਦ ਹਟ ਜਾਂਦਾ ਹੈ। ਨਾ ਮੈਂ ਰਹਿੰਦੀ ਹੈ ਨਾ ਤੂੰ ਰਹਿੰਦਾ ਹੈ। ਇਕ ਰਹਿ ਜਾਂਦਾ ਹੈ। ਸੋ ਪਿਆਰ ਦੇ ਨਾਲ ਮਿਲ ਜਾਂਦਾ ਹੈ, ਘੁਲ ਜਾਂਦਾ ਹੈ। ਜਿਹੜਾ ਹਰ ਵਕਤ ਧਿਆਨ ਦੇ ਮੂਹਰੇ ਆਈ ਜਾਂਦਾ ਹੈ ਉਹਦੇ ਨਾਲ ਪਿਆਰ ਹੋਇਆ ਕਰਦਾ ਹੈ। ਗਰਜ਼ ਤੋਂ ਉਪਰ ਹੋ ਕੇ ਪਿਆਰ ਹੋਇਆ ਕਰਦਾ ਹੈ। ਪਿਆਰ ਕਦੇ ਕੁਛ ਮੰਗਿਆ ਨਹੀਂ ਕਰਦਾ, ਦਿੰਦਾ ਹੀ ਦਿੰਦਾ ਰਹਿੰਦਾ ਹੈ। ਪਿਆਰ ਦਾ ਕੰਮ ਦੇਣਾ ਹੀ ਹੁੰਦਾ ਹੈ ਆਪਣਾ ਸਭ ਕੁਛ, ਲੈਣਾ ਕੁਛ ਨਹੀਂ ਹੁੰਦਾ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ...............॥*
*ਅੰਗ - 757*

ਕਿੱਡੀ ਵੱਡੀ ਗੱਲ ਮਹਾਰਾਜ ਨੇ ਕਹਿ ਦਿਤੀ। ਮੰਗਿਆ ਤਾਂ ਨਹੀਂ ਹੈ ਕਿ ਹੇ ਸੱਚੇ ਪਾਤਸ਼ਾਹ! ਜੇ ਦੁੱਖ ਦਿੰਦਾ ਹੈਂ ਤਾਂ ਮੈਂ ਤੇਰਾ ਧਿਆਨ ਛੱਡ ਦੇਣਾ ਹੈ। ਸਾਡੇ ਤਾਂ ਕਹਿੰਦੇ ਨੇ ਜੀ ਅਸੀਂ ਸੇਵਾ ਵੀ ਕਰੀ ਜੀ, ਦਾਨ ਵੀ ਦਰਿਆ ਜੀ। ਸਾਡਾ ਫਲਾਣਾ ਕੰਮ ਤਾਂ ਬਣਿਆ ਨਹੀਂ, ਭਾਈ! ਠੇਕੇਦਾਰੀ ਤਾਂ ਇਥੇ ਹੈ ਨਹੀਂ, ਸੌਦੇਬਾਜ਼ੀ ਨਹੀਂ ਇਥੇ ਹੈ। ਜੀ ਮੈਂ ਤਾਂ ਐਨੇ ਪਾਠ ਕਰੇ ਮੇਰੇ ਪੁੱਤਰ ਹੀ ਨਹੀਂ ਹੈ। ਤੁਸੀਂ ਤਾਂ ਫੇਰ ਸੌਦੇਬਾਜ਼ੀ ਕਰਦੇ ਓਂ, ਪਿਆਰ ਵਿਚ ਤਾਂ ਨਹੀਂ ਆਏ। ਜਿਹੜਾ ਪਿਆਰ ਵਿਚ ਆ ਜਾਏ, ਉਹ ਤਾਂ ਕਹਿੰਦਾ ਹੈ ਕਿ ਮੈਂ ਮੰਗਣਾ ਹੀ ਤੈਨੂੰ ਹੈ। ਹੋਰ ਤਾਂ ਕੁਛ ਚਾਹੀਦਾ ਹੀ ਨਹੀਂ।

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥ ਅੰਗ - 534*

ਕੌਣ ਹੈ ਜਿਹੜਾ ਰਾਜ ਛੱਡ ਦੇਵੇ, ਕਿਹੜਾ ਹੈ ਜਿਹੜਾ ਮੁਕਤੀ ਛੱਡ ਦੇਵੇ। ਮੈਨੂੰ ਤਾਂ ਮਹਾਰਾਜ ਚਾਹੇ ਕਿਤੇ ਰੱਖ ਲਓ, ਜਿਥੇ ਤੇਰਾ ਜੀਅ ਕਰਦਾ ਹੈ। ਜੇ ਤੂੰ ਪਿਆਰ ਕਰੇ, ਬਖਸ਼ ਦੇਵੇਂ ਤਾਂ ਤੇਰੀ ਉਪਮਾ ਹੈ। ਜੇ ਮੈਨੂੰ ਧੱਕੇ ਮਾਰ ਕੇ ਕੱਢ ਦੇਵੇਂ ਤਾਂ ਵੀ ਮੈਂ ਤੇਰੇ ਨਾਲ ਹੀ ਪਿਆਰ ਕਰਨਾ ਹੈ, ਮੈਂ ਤਾਂ ਕਿਤੇ ਨਹੀਂ ਜਾਂਦਾ। ਬੁੱਲੇ ਨੂੰ ਉਸ ਦੇ ਮੁਰਸ਼ਦ ਅਨਾਇਤਸ਼ਾਹ ਨੇ ਧੱਕੇ ਮਾਰ ਕੇ ਕੱਢ ਦਿਤਾ। ਨਾਲ ਹੁਕਮ ਦੇ ਦਿਤਾ ਕਿ ਸਾਡੇ ਮੱਥੇ ਨਾ ਲੱਗੇ। ਬੁਰਾ ਭਲਾ ਕਿਹਾ ਸਭ ਕੁਛ ਕਹਿ ਦਿਤਾ। ਹੁਣ ਬੁੱਲਾ ਪਿਆਰ ਵਾਲਾ ਸੀ, ਜੇ ਤਾਂ ਸਾਡੇ ਵਰਗਾ ਹੁੰਦਾ ਤਾਂ ਕਹਿੰਦਾ ਮੈਂ ਸੀਗਾ ਸਈਅਦ ਤੇ ਇਹ ਸੀਗਾ ਰਾਈਂ। ਰਾਈਂ ਦੇ ਪਿਛੇ ਲਗ ਕੇ ਮੈਂ ਕਿੰਨਾ ਸਮਾਂ ਖਰਾਬ ਕਰ ਲਿਆ। ਨਾ ਸਾਧਸੰਗਤ ਜੀ! ਅਨਾਇਤਸ਼ਾਹ ਨੂੰ ਗਾਉਣ, ਸੁਣਨ ਦਾ ਸ਼ੌਕ ਸੀ। ਮਾਰਫ਼ਤ ਦੇ ਗਾਉਣੇ, ਕੀਰਤਨ ਸੁਣਿਆ ਕਰਦਾ ਹੈ। ਉਹਨੂੰ ਕੀਰਤਨ ਸੁਣਾਉਣ ਵਾਸਤੇ ਬਹੁਤ ਵਾਰੀ ਵੇਸਵਾਵਾਂ ਆ ਜਾਇਆ ਕਰਦੀਆਂ ਸੀ। ਤੇ ਮਾਫਰਤ ਦੇ ਗਾਣੇ ਸੁਣ ਕੇ ਮਸਤ ਰਹਿੰਦਾ ਸੀ। ਇਹ ਬੁੱਲ੍ਹੇਸ਼ਾਹ 12 ਸਾਲ ਨਚਦਾ ਰਿਹਾ। ਜਿਥੇ ਉਹਨੇ ਠਹਿਰਨਾ, ਦੋ ਕੁ ਸੌ ਗਜ਼ ਦੇ ਉਤੇ ਆਪ ਹਨ੍ਹੇਰੇ 'ਚ ਆ ਜਾਣਾ ਤੇ ਸਾਰੀ ਰਾਤ

ਗਾਉਂਦੇ ਰਹਿਣਾ। ਅਖੀਰ ਇਕ ਦਿਨ 12 ਸਾਲਾਂ ਬਾਅਦ ਇਹ ਆਪ ਚਲਿਆ ਗਿਆ ਕਿ ਦੇਖਾਂ ਤਾਂ ਸਹੀ, ਗਾਉਂਦਾ ਕੌਣ ਹੈ, ਸਾਲਾਂ ਦੇ ਸਾਲ ਲੰਘ ਗਏ। ਅੱਗੇ ਜਾ ਕੇ ਦੇਖਿਆ ਤਾਂ ਬੁੱਲਾ।

ਕਹਿਣ ਲੱਗਿਆ, "ਤੂੰ ਬੁਲਾ?"

ਕਹਿੰਦਾ, "ਹਾਂ ਪੀਰ ਜੀ, ਮੈਂ ਭੁਲਾ।"

ਉਸ ਵੇਲੇ ਪਿਆਰ ਉਭਰਿਆ, ਬਖਸ਼ ਦਿਤਾ। ਅਗਮ ਨਿਗਮ ਦੀ ਸੋਝੀ ਕਰਾ ਦਿਤੀ, ਪੂਰਨ ਪਦ ਤੇ ਪਹੁੰਚਾ ਦਿਤਾ। ਸੋ ਇਹ ਚੀਜ਼ ਸੌਦੇਬਾਜ਼ੀ ਨਹੀਂ ਹੁੰਦੀ ਪਿਆਰ ਦੀ। ਕਿੱਡੀਆਂ-ਕਿੱਡੀਆਂ ਤਕਲੀਫਾਂ ਭਾਈ ਮਨੀ ਸਿੰਘ ਨੇ ਕੱਟੀਆਂ, ਪਿਆਰ ਦੇ ਵਿਚ ਹੀ ਬੰਦ-ਬੰਦ ਕਟਵਾ ਲਏ। ਭਾਈ ਤਾਰੂ ਸਿੰਘ ਨੇ ਪਿਆਰ ਦੇ ਨਾਲ ਹੀ ਖੋਪਰੀ ਲੁਹਾ ਲਈ। ਭਾਈ ਮਤੀ ਦਾਸ ਨੇ ਪਿਆਰ ਦੇ ਨਾਲ ਹੀ ਆਰਾ ਸਿਰ ਦੇ ਉਤੇ ਚਲਵਾ ਲਿਆ। ਦੋ ਫਾੜ ਹੋ ਗਏ ਪਿਆਰ ਦੇ ਅੰਦਰ।

ਕਹਿਣ ਲੱਗੇ, "ਬੀਬੀ! ਪਿਆਰ ਹੋਣਾ ਚਾਹੀਦਾ ਹੈ।

***ਜੇ ਗੁਰੁ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤ ਗੁਰ ਵਡਿਆਈ॥*** ***ਅੰਗ - 758***

ਸੋ ਪਿਆਰ ਚੀਜ਼ ਹੀ ਹੋਰ ਹੈ। ਪਿਆਰ ਬਦਲਾ ਨਹੀਂ ਮੰਗਦਾ। ਪਿਆਰ, ਪਿਆਰ ਹੀ ਹੁੰਦਾ ਹੈ। ਜਦੋਂ ਸਾਰਿਆਂ ਨਾਲੋਂ ਟੁੱਟ ਜਾਏਗੀ -

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*** ***ਅੰਗ - 659***

ਤੇਰੇ ਨਾਲ ਜੋੜ ਲਈ ਤੇ ਸਾਰੇ ਸੰਸਾਰ ਨਾਲ ਤੋੜ ਦਿਤੀ। ਹੁਣ ਮੈਨੂੰ ਸੰਸਾਰ ਦਾ ਨਹੀਂ ਵਾਸਤਾ ਤੇਰਾ ਵਾਸਤਾ ਹੈ। ਤੂੰ ਖੁਸ਼ ਚਾਹੀਦਾ ਹੈਂ।

ਸੋ ਮਹਾਂਪੁਰਸ਼ ਕਹਿਣ ਲੱਗੇ ਬੀਬਾ! ਐਹੋ ਜਿਹਾ ਪਿਆਰ ਜੇ ਗੁਰੂ ਨਾਲ ਹੋ ਜਾਵੇ ਨਾ, ਫੇਰ ਗੁਰੂ ਆਪ ਆ ਕੇ ਮਿਲਦੇ ਨੇ। ਸਭ ਕੁਛ ਬਖਸ਼ ਦਿੰਦੇ ਨੇ, ਤੂੰ ਪਿਆਰ ਕਰ, ਹੋਰ ਕਿਸੇ ਗੱਲ 'ਚ ਨਾ ਪੈ।

ਭਾਈ ਗੋਂਦਾ ਗੁਰੂ ਸਤਵੇਂ ਪਾਤਸ਼ਾਹ ਵੇਲੇ ਆਪ ਕਾਬਲ ਵਿਚ ਰਿਹਾ ਕਰਦੇ ਸੀ ਤੇ ਬਹੁਤ ਪਿਆਰ ਸੀ ਉਨ੍ਹਾਂ ਦੇ ਹਿਰਦੇ ਵਿਚ, ਗੁਰੂ ਸਤਵੇਂ ਪਾਤਸ਼ਾਹ ਦਾ। ਇਕ ਸਕਿੰਟ ਵੀ ਉਨ੍ਹਾਂ ਤੋਂ ਬਗੈਰ ਨਹੀਂ ਸੀ ਰਹਿਣਾ ਚਾਹੁੰਦੇ। ਧੰਨ ਗੁਰੂ ਹਰਿਰਾਇ ਸਾਹਿਬ-ਧੰਨ ਗੁਰੂ ਹਰਿਰਾਇ ਸਾਹਿਬ ਆਪ ਦੀ ਜ਼ੁਬਾਨ ਤੇ ਹਰ ਵਕਤ ਹੁੰਦਾ ਰਹਿੰਦਾ ਸੀ। ਅੱਜ ਆਪ ਨੇ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਬੈਠੇ, ਚੌਂਕੜਾ ਮਾਰਿਆ, ਸੁਰਤੀ ਖਿੱਚੀ, ਟਿਕਾਈ, ਚਲੀ ਕਿਥੇ ਗਈ, ਕੀਰਤਪੁਰ ਸਾਹਿਬ। ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਨੂੰ ਜੱਫਾ ਪਾ ਲਿਆ। ਕੋਈ ਫੁਰਨਾ ਨਹੀਂ ਆ ਰਿਹਾ, ਬੈਠੇ ਨੇ, ਸਮਾਂ ਭੁੱਲ ਗਿਆ। ਨਾ ਕੋਈ ਦੇਸ਼, ਨਾ ਕੋਈ ਕਾਲ, ਨਾ ਕੋਈ ਮੌਸਮ। ਨਦੀ ਦੇ ਕੰਢੇ ਬੈਠੇ ਨੇ, ਦਿਨ ਚੜ੍ਹ ਗਿਆ। ਦੱਸ ਵਜ ਗਏ, ਗਿਆਰ੍ਹਾਂ ਵਜ ਗਏ, ਬਾਰ੍ਹਾਂ ਵਜ ਗਏ, ਦੋ ਵਜ ਗਏ, ਚਾਰ ਵੱਜ ਗਏ। ਚਾਰ ਵਜੇ ਨੇਤਰ ਖੋਲ੍ਹੇ। ਏਧਰਲੇ ਪਾਸੇ ਗੁਰੂ ਹਰਿਰਾਇ ਸਾਹਿਬ ਮਹਾਰਾਜ, ਅੱਜ ਅੰਮ੍ਰਿਤ ਵੇਲੇ ਬੈਠੇ ਨੇ ਸੰਗਤ ਦੇ ਅੰਦਰ। ਕੀਰਤਨ ਹੋ ਹਟਿਆ, ਅਰਦਾਸ ਹੋਈ, ਆਪ ਨੇ ਨੇਤਰ ਨਹੀਂ ਖੋਲ੍ਹੇ। ਲੰਗਰ ਤਿਆਰ ਹੋ ਗਿਆ ਸਵੇਰ ਦਾ ਵਰਤਣ ਵਾਸਤੇ। ਹੁਕਮ ਲੈਣ ਵਾਸਤੇ ਆਏ ਗੁਰਸਿੱਖ, ਆਪ ਨੇ ਨੇਤਰ ਬੰਦ ਕਰੇ ਹੋਏ ਨੇ। ਚੁੱਪ ਕਰ ਰਹੇ ਕਿ ਪਤਾ ਨਹੀਂ ਕਿਹਦੇ ਪਿਆਰ ਦੇ ਬੰਨ੍ਹੇ ਹੋਏ ਬੈਠੇ ਨੇ। ਦੁਪਹਿਰ ਦਾ ਲੰਗਰ ਤਿਆਰ ਹੋ ਗਿਆ, ਫੇਰ ਦੁਬਾਰਾ ਆਏ। ਮਹਾਰਾਜ ਉਸੇ ਤਰ੍ਹਾਂ ਬੈਠੇ ਨੇ, ਲੰਗਰ ਨਹੀਂ ਵਰਤਿਆ। ਸਾਰੀ ਸੰਗਤ ਉਸੇ ਤਰ੍ਹਾਂ ਸਵੇਰ ਤੋਂ ਭੁੱਖੀ ਬੈਠੀ ਹੈ। ਚਾਰ ਵੱਜ ਗਏ, ਚਾਰ ਵਜੇ ਗੁਰੂ ਪਾਤਸ਼ਾਹ ਨੇ, ਤਿੰਨ ਵਾਰੀ ਕਿਹਾ, ਨਿਹਾਲ ਸਿੱਖਾ, ਨਿਹਾਲ, ਨਿਹਾਲ।

ਉਸੇ ਵੇਲੇ ਗੁਰਸਿੱਖਾਂ ਨੇ ਬੇਨਤੀ ਕੀਤੀ ਪਾਤਸ਼ਾਹ! ਅੱਜ 2 ਵਜੇ ਤੋਂ 4 ਵਜ ਗਏ। ਚੌਦਾਂ ਘੰਟੇ ਦੇ ਆਪ ਬੈਠੇ ਓਂ। ਕਹਿਣ ਲੱਗੇ ਪਿਆਰਿਓ! ਕਦੇ ਸੁਣਿਆ ਹੈ, ਰੱਸਿਆਂ ਨਾਲ ਤਾਂ ਬੰਨ੍ਹ ਸਕਦੇ ਹਾਂ ਕਿਸੇ ਨੂੰ, ਬੰਦਾ ਵੀ ਬੰਨ੍ਹ ਹੋ ਜਾਂਦਾ ਹੈ, ਜਾਨਵਰ ਵੀ ਬੰਨ੍ਹ ਹੋ ਜਾਂਦੇ ਨੇ, ਭਰੇ ਵੀ ਬੰਨ੍ਹ ਹੋ ਜਾਂਦੇ ਨੇ, ਹੋਰ ਚੀਜ਼ਾਂ ਵੀ ਬੰਨ੍ਹ ਹੋ ਜਾਂਦੀਆਂ ਨੇ। ਪਰ ਇਕ ਡੋਰੀ ਐਸੀ ਹੈ ਜਿਹੜੀ ਦਿਸਦੀ ਨਹੀਂ ਹੈ। ਲੇਕਿਨ ਉਹ ਬੰਨ੍ਹ ਕੇ ਬਹਾਲ ਦਿੰਦੀ ਹੈ ਤੇ ਵਸ ਆ ਜਾਂਦਾ ਹੈ, ਹਿੱਲ ਨਹੀਂ ਸਕਦਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ***
***ਪਾ ਕੇ ਤੇ ਪ੍ਰੇਮ ਡੋਰੀਆਂ।***

***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥***
***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ॥***
***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥***
***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਅੰਗ - 962***

ਬੰਨੇ ਹੋਏ ਬੈਠੇ ਨੇ 14 ਘੰਟੇ ਹਿੱਲ ਨਹੀਂ ਸਕੇ। ਮਹਾਰਾਜ ਕਹਿੰਦੇ ਇਹ ਪ੍ਰੇਮ ਦੀ ਡੋਰੀ ਹੁੰਦੀ ਹੈ ਸਾਧਸੰਗਤ ਜੀ! ਦਿਸਦੀ ਨਹੀਂ ਹੈ ਕਿਤੇ, ਟੈਲੀਵੀਜ਼ਨ ਦਾ ਰਿਮੋਟ ਕੰਟਰੋਲ ਦਿਸਦਾ ਹੈ ਕਿਤੇ। ਬਟਨ ਦੱਬ ਦਿਓ ਆਪੇ ਚਲਣ ਲਗ ਜਾਂਦਾ ਹੈ। ਵਿਚਾਲੇ ਤਾਂ ਕੁਛ ਵੀ ਨਹੀਂ ਹੈ। ਏਸੇ ਤਰ੍ਹਾਂ ਪਿਆਰ ਦੇ ਨਾਲ ਜਿਹੜੀ ਸਭ ਤੋਂ ਵੱਡੀ ਸ਼ਕਤੀ ਵਾਹਿਗੁਰੂ ਦੀ ਹੈ, ਉਹ ਬੰਨ੍ਹੀ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਮਝਾਉਂਦੇ ਨੇ ਕਿ

ਮਾਤਾ! ਤੂੰ ਗੁਰੂ ਦੇ ਨਾਲ ਪਿਆਰ ਕਰ। ਗੁਰੂ ਬਹੁਤ ਵੱਡੇ ਨੇ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ। ਮਹਾਰਾਜਿਆਂ ਦੇ ਰਾਜੇ ਨੇ। ਵੱਡੇ-ਵੱਡੇ ਰਾਜੇ, ਮਹਾਰਾਜੇ ਆ ਕੇ ਦਹਿਲੀਜ਼ ਤੇ ਨੱਕ ਰਗੜਦੇ ਨੇ।

ਕਹਿਣ ਲੱਗੀ, "ਗੁਰਮੁਖੋ! ਮੈਨੂੰ ਕੌਣ ਪੁਛੇਗਾ ਉਥੇ?"

ਕਹਿਣ ਲੱਗੇ, "ਮਾਤਾ! ਪਿਆਰ ਦੇ ਬੰਨ੍ਹੇ ਹੋਏ ਇਥੇ ਆ ਜਾਣਗੇ ਤੇਰੇ ਕੋਲ। ਪਿਆਰ ਪਰ ਪੂਰਾ ਹੋਣਾ ਚਾਹੀਦਾ ਹੈ।"

"ਕਿਹੋ ਜਿਹਾ ਪਿਆਰ?"

*ਧਾਰਨਾ - ਐਸੀ ਪ੍ਰੀਤੀ ਕਰ ਲੈ,*
*ਜੈਸੇ ਮੱਛੀ ਅਤੇ ਨੀਰ ਦੀ।*

ਐਸਾ ਪਿਆਰ ਜੇ ਗੁਰੂ ਦੇ ਨਾਲ ਹੋ ਜਾਵੇ ਕਹਿਣ ਲੱਗੇ, ਮਾਤਾ! ਫੇਰ ਤੈਨੂੰ ਜਾਣ ਦੀ ਲੋੜ ਨਹੀਂ ਹੈ। ਜਿਹਨੂੰ ਤੂੰ ਪਿਆਰ ਕਰਦੀ ਹੈਂ ਉਹ ਆਪ ਹੀ ਸਮਰੱਥ ਹੈ। ਦਰਸ਼ਨ ਦੇਵੇਗਾ ਤੈਨੂੰ।

ਸੋ ਐਸਾ ਉਪਦੇਸ਼ ਦੇ ਕੇ ਮਹਾਂਪੁਰਸ਼ ਚਲੇ ਗਏ। ਸਾਨੂੰ ਵੀ ਐਸਾ ਉਪਦੇਸ਼ ਹੁੰਦਾ ਹੈ ਪਰ ਸਾਡੇ ਤੋਂ ਮੰਨ ਨਹੀਂ ਹੁੰਦਾ। ਭਾਗਾਂ ਵਾਲੀ ਸੀ ਮਾਤਾ ਜਿਹਨੇ ਇਸ ਉਪਦੇਸ਼ ਨੂੰ ਮੰਨ ਲਿਆ। ਉਸ ਵੇਲੇ ਓਸੇ ਘੜੀ ਤੋਂ ਪਿਆਰ ਹੋ ਗਿਆ ਅਣਡਿੱਠੇ ਸਤਿਗੁਰੂ ਦੇ ਨਾਲ। ਮਨ ਵਿਚ ਖਿਆਲ ਆਇਆ ਕਿ ਮੈਂ ਗਰੀਬਣੀ ਹਾਂ, ਕੀ ਭੇਟਾ ਕਰਾਂ। ਉਥੇ ਤਾਂ ਬੜੇ-ਬੜੇ ਦੁਸ਼ਾਲੇ, ਬੜੀਆਂ-ਬੜੀਆਂ ਚੀਜ਼ਾਂ ਦੱਸੀਆਂ ਨੇ। ਬੇਅੰਤ ਦੌਲਤਾਂ ਰਾਜੇ ਆ ਕੇ ਨਿਵਦੇ ਨੇ। ਮਹਾਰਾਜੇ ਆ ਕੇ ਨਿਵਦੇ ਨੇ। ਮੈਂ ਤਾਂ ਗਰੀਬਣੀ ਹਾਂ, ਪਤੀ ਵੀ ਨਹੀਂ ਹੈ ਮੇਰਾ, ਬੱਚੇ ਵੀ ਨਹੀਂ ਹੈ ਮੇਰੇ। ਮਿਹਨਤ ਮਜੂਰੀ ਕਰਕੇ ਖਾਣ ਵਾਲੀ ਹਾਂ। ਉਸ ਵੇਲੇ ਉਸ ਨੇ ਕਪਾਹ ਲਈ, ਬਹੁਤ ਵਧੀਆ। ਲੈ ਕੇ ਉਸ ਨੂੰ ਵਲਾਇਆ, ਵਿਲਾ ਕੇ ਕੱਤਿਆ। ਕੱਤ ਕੇ ਸੂਤ ਤਿਆਰ ਕੀਤਾ। ਬਹੁਤ ਵਧੀਆ ਸੂਤ ਕੱਤਿਆ ਤੇ ਹਰ ਤੰਦ ਨਾਲ ਗੁਰੂ ਮਹਾਰਾਜ ਦਾ ਧਿਆਨ ਹੈ। ਤੰਦ ਨਹੀਂ ਸੀ ਕੱਢਦੀ। ਨੇਤਰਾਂ 'ਚੋਂ ਜਲ ਨਾਲ ਜਾ ਰਿਹਾ ਸੀ। ਚਰਖਾ ਘੂਕਦਾ ਸੀ, ਨਾਲ ਗੁਰੂ ਦੀ ਧੁਨ ਚਲਦੀ ਸੀ। ਜਿਉਂ-ਜਿਉਂ ਕਤਦੀ ਸੀ, ਤਿਉਂ-ਤਿਉਂ ਹਿਰਦੇ ਦੇ ਅੰਦਰੋਂ ਨਾਦ ਬਣ ਕੇ ਐਸੀ ਅਰਦਾਸ ਹੁੰਦੀ ਹੈ-

*ਧਾਰਨਾ - ਹਰਿ ਦਰਸ਼ਨ ਕੀ ਆਸਾ ਮੇਰੇ ਮਨ,*
*ਹਰਿ ਦਰਸ਼ਨ ਕੀ ਆਸਾ।*

ਐਸੀਆਂ ਅਨੇਕਾਂ ਅਰਦਾਸਾਂ, ਚਰਖਾ ਚਲਾਉਂਦੀ ਹੈ, ਸੂਤ ਕੱਤਦੀ ਹੈ, ਨਾਲ ਦੀ ਨਾਲ ਗੁਰੂ ਚਰਨਾਂ 'ਚ ਧਿਆਨ ਧਰ ਕੇ, ਆਪਣੇ ਦਿਲ ਦੇ ਭਾਵ ਬਾਰ-ਬਾਰ ਗੁਰੂ ਚਰਨਾਂ 'ਚ ਭੇਜਦੀ ਹੈ -

*ਧਾਰਨਾ - ਨਿਤ ਰਸਤੇ ਉਡੀਕਾਂ ਤੇਰੇ,*
*ਇਨੀਂ ਰਾਹੀਂ ਆ ਜਾ ਮਾਲਕਾ।*

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥*
*ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥*
*ਉਡਹੁ ਨ ਕਾਗਾ ਕਾਰੇ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥*
*ਕਹਿ ਕਬੀਰ ਜੀਵਨ ਪਦ ਕਾਰਨਿ*
*ਹਰਿ ਕੀ ਭਗਤਿ ਕਰੀਜੈ॥*
*ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥*

*ਅੰਗ - 337*

ਅੱਖਾਂ 'ਚੋਂ ਹੰਝੂ ਜਾਂਦੇ ਨੇ, ਰਸਤੇ ਵਲ ਨੂੰ ਦੇਖ ਰਹੀ ਹੈ ਕਿ ਮੇਰਾ ਪਿਆਰਾ ਆ ਰਿਹਾ ਹੈ? ਕੁਰਬਾਨ ਕਰ ਦੇਵਾਂ ਆਪਣਾ ਆਪ ਜਿਹੜਾ ਮੈਨੂੰ ਆਪਣੇ ਪਿਆਰੇ ਦੇ ਦਰਸ਼ਨ ਕਰਾ ਦੇਵੇ। ਝੌਲੇ ਪੈਂਦੇ ਨੇ, ਰਾਤ ਨੂੰ ਨੀਂਦ ਨਹੀਂ ਆਉਂਦੀ। ਨੀਂਦ ਆਉਂਦੀ ਹੈ, ਰਾਤ ਆਈ। ਲਿਸ਼ਕਾਰਾ ਵੱਜਿਆ, ਪ੍ਰਕਾਸ ਵੱਜਿਆ ਸੁਪਨੇ ਦੇ ਅੰਦਰ। ਤਿੰਨ ਤਰ੍ਹਾਂ ਦੇ ਦਰਸ਼ਨ ਹੁੰਦੇ ਨੇ ਇਕ ਤਾਂ ਉਹ ਹੁੰਦੇ ਨੇ ਜਿਹੜੇ ਅੱਖਾਂ ਖੁਲ੍ਹੀਆਂ ਨਾਲ ਹਰ ਵਕਤ ਹੁੰਦੇ ਰਹਿੰਦੇ ਨੇ। ਪਿਆਰਾ ਕਦੇ ਅੱਖਾਂ ਤੋਂ ਓਹਲੇ ਹੋਇਆ ਹੀ ਨਹੀਂ ਕਰਦਾ। ਹਰ ਚੀਜ਼ ਦੇ ਅੰਦਰ ਉਹਦੇ ਦਰਸ਼ਨ ਹੁੰਦੇ ਨੇ। ਇਕ ਦਰਸ਼ਨ ਹੋਇਆ ਕਰਦੇ ਨੇ ਕਿ ਥੋੜ੍ਹੀ ਦੇਰ ਵਾਸਤੇ ਆਏ, ਦਰਸ਼ਨ ਦਿਤੇ ਤੇ ਫੇਰ ਅਲੋਪ ਹੋ ਗਏ। ਇਕ ਦਰਸ਼ਨ ਹੋਇਆ ਕਰਦੇ ਨੇ ਕਿ ਸੁਪਨੇ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਉਹਨੂੰ ਸਵਪਨ ਦਰਸ਼ਨ ਕਹਿੰਦੇ ਨੇ, ਅਨੁਭਵ ਦੇ ਦਰਸ਼ਨ ਹੁੰਦੇ ਨੇ। ਉਹ ਪ੍ਰਤੱਖ ਸੁਪਨਾ ਹੁੰਦਾ ਹੈ। ਸੁਪਨੇ ਦੇ ਅੰਦਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੁੰਦੇ ਨੇ, ਸੇਵਾ ਕਰਦੀ ਹੈ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਨੇਤਰ ਖੁਲ੍ਹ ਗਏ। ਅੱਖੀਆਂ ਉਘੜ ਗਈਆਂ, ਨਜ਼ਰ ਨਹੀਂ ਆ ਰਹੇ। ਉਸ ਵੇਲੇ ਵੈਰਾਗ ਹੋ ਜਾਂਦਾ ਹੈ, ਵੈਰਾਗ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ ਸਾਧਸੰਗਤ ਜੀ ਉਸ ਵੇਲੇ -

*ਧਾਰਨਾ - ਸੁਪਨੇ ਆਇਆ ਭੀ ਗਿਆ,*
*ਮੈਂ ਜਲ ਭਰਿਆ ਰੋਇ॥*

*ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥*
*ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥*
*ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥*

*ਅੰਗ - 558*

ਐਸੇ ਝਲਾਵੇ ਪੈਂਦੇ ਨੇ। ਪ੍ਰਤੱਖ ਦਰਸ਼ਨ ਨਹੀਂ ਅਜੇ ਹੋ ਰਹੇ। ਉਸ ਵੇਲੇ ਆਪ ਦੇ ਕੰਨਾਂ ਨੇ ਕੀ ਸੁਣਿਆ, ਬਾਹਰ ਆਵਾਜ਼ ਆ ਰਹੀ ਹੈ ਪ੍ਰਿਹੁ-ਪ੍ਰਿਹੁ-ਪ੍ਰਿਹੁ। ਬੱਦਲ ਆ ਰਹੇ ਨੇ, ਉਪਰ ਨੂੰ ਮੂੰਹ ਚੁੱਕਿਆ ਹੋਇਆ ਹੈ। ਆਵਾਜ਼ ਬੰਦ ਨਹੀਂ ਹੁੰਦੀ। ਮੂੰਹ ਹਨ੍ਹੇਰੇ ਤੋਂ ਆਵਾਜ਼ ਆਉਂਣੀ ਸ਼ੁਰੂ ਹੋ ਗਈ, ਸ਼ਾਮ ਹੋ ਗਈ। ਨਾ ਕੁਛ ਪੰਛੀ ਨੇ ਖਾਧਾ ਹੈ, ਨਾ ਕੁਛ ਪੀਤਾ ਹੈ। ਲੇਕਿਨ ਆਵਾਜ਼ ਆਉਂਦੀ ਹੈ ਪ੍ਰਿਹੁ-ਪ੍ਰਿਹੁ-ਪ੍ਰਿਹੁ। ਜੋ ਬਿਰਹੀ ਪੁਰਸ਼ ਹੁੰਦਾ ਹੈ, ਉਹਦੇ ਹਿਰਦੇ ਨੂੰ ਇਹ ਆਵਾਜ਼ਾਂ ਵੇਧ ਕੇ ਰੱਖ ਦਿੰਦੀਆਂ ਨੇ, ਵਿੰਨ੍ਹ ਕੇ ਰੱਖ ਦਿੰਦੀਆਂ ਨੇ। ਉਸ ਵੇਲੇ ਮਨ ਦੇ ਵਿਚੋਂ ਅਰਦਾਸ ਉਤਰਦੀ

ਹੈ ਹੇ ਪ੍ਰਭੂ! ਮੇਰੀ ਵੀ ਐਸੀਓ ਅਵਸਥਾ ਹੈ।

*ਧਾਰਨਾ - ਮੇਰੀ ਕੂਕ ਪਪੀਹੇ ਵਾਲੀ,*
*ਕੰਨ ਦੇ ਕੇ ਸੁਣ ਲੈ ਮਾਲਕਾ।*
*ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥*
*ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥*
*ਤੂ ਸੁਖਦਾਤਾ ਬੇਅੰਤ ਹੈ ਗੁਣਦਾਤਾ ਨਿਧਾਨੁ॥*
*ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥*
*ਅੰਗ - 1284*

ਹੇ ਪ੍ਰਭੂ! ਮੇਰੇ ਪ੍ਰਾਨ ਛੁਟ ਜਾਣ, ਮੈਂ ਜੀਉਂ ਨਹੀਂ ਸਕਦਾ ਜਲ ਤੋਂ ਬਗੈਰ। ਕ੍ਰਿਪਾ ਕਰ ਮੈਨੂੰ ਦਾਨ ਦੇ।

ਕੋਈ ਨਹੀਂ ਜਾਣ ਸਕਦਾ ਦੂਸਰੇ ਦੀ ਅਵਸਥਾ ਹੈ। ਕਬੀਰ ਸਾਹਿਬ ਲਿਖਦੇ ਨੇ ਕਿ ਐਸੀ ਅਵਸਥਾ ਵਾਲਾ ਸੰਸਾਰ ਨੂੰ ਇਕ ਤਰ੍ਹਾਂ ਨਾਲ ਬਉਰਾ ਨਜ਼ਰ ਆਉਣ ਲਗ ਜਾਂਦਾ ਹੈ।

*ਧਾਰਨਾ - ਬਉਰਾ ਹੋ ਜਾਂਦਾ ਹੈ,*
*ਰਾਮ ਦਾ ਵਿਯੋਗੀ ਪਿਆਰੇ।*
*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*
*ਅੰਗ - 1368*

ਬਉਰਾ ਕਹਿਣ ਲਗ ਜਾਂਦਾ ਹੈ ਸੰਸਾਰ।

ਅੱਜ ਮਾਤਾ ਨੇ ਚਾਦਰਾ ਬਹੁਤ ਸੋਹਣਾ ਤਿਆਰ ਕਰ ਲਿਆ ਹੈ। ਹੱਥਾਂ ਨਾਲ ਕੱਤਿਆ ਤੇ ਬਣਾਇਆ। ਬਣਾ ਕੇ ਤਹਿ ਲਾ ਕੇ ਰੱਖ ਦਿਤਾ ਕਿ ਜਦੋਂ ਮੇਰੇ ਪਾਤਸ਼ਾਹ ਆਉਣਗੇ ਤੇ ਮੈਂ ਇਹ ਚਾਦਰਾ ਭੇਟ ਕਰਾਂਗੀ। ਅੱਜ ਪਿਆਰ ਐਨਾ ਵਧਿਆ ਕਿ ਅੰਮ੍ਰਿਤ ਵੇਲੇ ਤੋਂ ਉਠ ਕੇ ਪਹਿਲਾਂ ਚੱਕੀ ਦੇ ਨਾਲ ਆਟਾ ਪੀਸ ਕੇ ਮਿੱਸੇ ਪ੍ਰਸ਼ਾਦੇ ਲਾਹੇ। ਮੱਖਣ ਤਾਜ਼ਾ ਕੱਢ ਕੇ ਸੋਹਣਾ ਤਾਜ਼ਾ ਘਿਉ ਕੱਢਿਆ ਤੇ ਸ਼ੁੱਧ ਖੰਡ ਲਿਆਂਦੀ, ਖੰਡ ਘਿਉ ਲਿਆਂਦੀ ਤੇ ਰਲਾ ਕੇ ਰੱਖ ਲਈ। ਉਸ ਤੋਂ ਬਾਅਦ ਦਿਨ ਚੜ੍ਹ ਗਿਆ, ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਇਹ ਪ੍ਰਸ਼ਾਦਾ ਤੁਸੀਂ ਛਕਣਾ ਹੈ, ਤੁਸੀਂ ਛਕੋਂਗੇ ਫੇਰ ਮੈਂ ਛਕਾਂਗੀ।

ਅੱਜ ਪਿਆਰ ਉਸ ਜਗ੍ਹਾ ਪਹੁੰਚ ਗਿਆ ਜਿਥੋਂ ਭਗਵਾਨ ਤੋਂ ਫੇਰ ਬੈਠ ਨਹੀਂ ਹੋਇਆ ਕਰਦਾ। ਵਾਹਿਗੁਰੂ ਕਹਿੰਦਾ ਹੈ ਕਿ ਮੈਨੂੰ ਮੇਰੇ ਪਿਆਰੇ ਖਿੱਚ ਲੈਂਦੇ ਨੇ। ਉਸ ਵੇਲੇ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ, ਦੀਵਾਨ ਲੱਗਿਆ ਹੋਇਆ ਹੈ, ਦੀਵਾਨ ਦੀ ਸਮਾਪਤੀ ਹੋਈ। ਅੱਜ ਆਪ ਘੋੜੇ ਤੇ ਛੇਤੀ ਦੇ ਕੇ ਚੜ੍ਹ ਗਏ। ਪਹਿਲਾਂ ਵੀ ਜਾਇਆ ਕਰਦੇ ਸੀ। ਕੁਛ ਅਟਕ ਕੇ ਜਾਇਆ ਕਰਦੇ ਸੀ, ਕੁਛ ਸਿੱਖਾਂ ਨੂੰ ਨਾਲ ਲਿਆ ਕਰਦੇ ਸੀ ਤੇ ਫੇਰ ਆਪਣੀ ਮੌਜ ਨਾਲ ਜੰਗਲ ਵਲ ਨੂੰ ਨਿਕਲ ਜਾਣਾ। ਅੱਜ ਆਪ ਘੋੜੇ ਤੇ ਸਵਾਰ ਹੋਏ। ਇਕ ਦਮ ਘੋੜੇ ਨੂੰ ਅੱਡੀ ਲਾ ਦਿਤੀ, ਦੌੜਾ ਲਿਆ। 60 ਮੀਲ ਦੀ ਰਫਤਾਰ ਤੇ ਘੋੜਾ ਉਡਿਆ ਜਾ ਰਿਹਾ ਹੈ ਤੇ ਪਿਛਲੇ ਪਾਸੇ ਸਿੱਖਾਂ ਨੇ ਦੇਖਿਆ ਕਿ ਮਹਾਰਾਜ! ਅੱਜ ਐਨੀ ਤੇਜ਼ੀ ਨਾਲ ਘੋੜਾ ਨਠਾ ਰਹੇ ਨੇ ਤੇ ਕਿਸ ਦਿਸ਼ਾ ਨੂੰ ਜਾ ਰਹੇ ਨੇ। ਜੰਗਲ ਵਲ ਨੂੰ ਨਹੀਂ ਜਾ ਰਹੇ। ਆਬਾਦੀਆਂ ਵਲ ਨੂੰ ਜਾ ਰਹੇ ਨੇ। ਸਮਝ ਗਏ ਪਿਆਰ ਵਾਲੇ ਕਿ ਕੋਈ ਕੌਤਕ ਵਰਤ ਰਿਹਾ ਹੈ।

ਉਸ ਵੇਲੇ ਮਹਾਰਾਜ ਇਕ ਪਿੰਡ ਵਿਚ ਪਹੁੰਚ ਗਏ। ਗਰਦ ਦੇਖ-ਦੇਖ ਕੇ ਪਿਛੇ ਗੁਰਸਿੱਖ ਆ ਰਹੇ ਨੇ ਤੇ ਮਹਾਰਾਜ ਇਕ ਗਲੀ ਵਿਚ ਵੜ ਗਏ। ਅੱਗੇ ਇਕ ਕੱਚਾ ਕੋਠਾ ਹੈ, ਮੂਹਰੇ ਇਕ ਛੋਟੇ ਜਿਹੇ ਵਿਹੜੇ ਦੀ ਕੰਧ ਕਰੀ ਹੋਈ ਹੈ। ਵਿਹੜੇ ਨੂੰ ਦਰਵਾਜ਼ਾ ਕੋਈ ਨਹੀਂ ਲਾਇਆ ਹੋਇਆ, ਖੁਲ੍ਹਾ ਹੀ ਹੈ। ਵਿਹੜੇ 'ਚ ਘੋੜਾ ਮਹਾਰਾਜ ਨੇ ਅੰਦਰ ਵਾੜਿਆ ਤੇ ਆਵਾਜ਼ ਦਿਤੀ ਮਾਤਾ! ਸਾਨੂੰ ਭੁੱਖ ਬਹੁਤ ਲੱਗੀ ਹੋਈ ਹੈ, ਜੋ ਕੁਛ ਤੇਰੇ ਕੋਲ ਤਿਆਰ ਹੈ ਉਹ ਲੈ ਕੇ ਆ -

*ਧਾਰਨਾ - ਹਰਿ ਜੀ ਛਡ ਕੇ ਸਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*
*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਅੰਗ - 403*

ਧਾਵੈ ਕਹਿੰਦੇ ਨੇ, ਪੂਰੇ ਜੋਰ ਨਾਲ, ਪੂਰੀ ਰਫਤਾਰ ਨਾਲ।

ਮਾਤਾ ਦੇ ਨੇਤਰ ਬੰਦ ਨੇ, ਅਰਦਾਸ ਵਿਚ ਜੁੜੀ ਹੋਈ ਹੈ। ਹੈਂ ਆਵਾਜ਼ ਕਿਥੋਂ ਆਈ? ਪ੍ਰਸ਼ਾਦਾ ਤਿਆਰ ਕਰੇ ਗਰਮ-ਗਰਮ ਅਜੇ ਰੱਖਿਆ ਹੋਇਆ ਹੈ। ਖੰਡ ਘਿਉ ਉਤੇ ਪਾਇਆ ਹੋਇਆ ਹੈ, ਦੋਵੇਂ ਹੱਥਾਂ 'ਚ ਲਈ ਖੜ੍ਹੀ ਹੈ। ਨੇਤਰ ਖੋਲ੍ਹੇ, ਕਿੰਨੀ ਭਾਗਾਂ ਵਾਲੀ ਹੈ, ਕੀ ਦੇਖਦੀ ਹੈ ਕਿ ਜਿਹਨੂੰ ਮੈਂ ਯਾਦ ਕਰਦੀ ਸੀ, ਅੱਜ ਤੱਕ ਜਿਹਦੇ ਦਰਸ਼ਨ ਨਹੀਂ ਕਰੇ ਉਹ ਆਪ ਆ ਕੇ ਮੇਰੇ ਤੋਂ ਪ੍ਰਸ਼ਾਦੇ ਮੰਗ ਰਿਹਾ ਸੀ। ਉਸੇ ਤਰ੍ਹਾਂ ਮਹਾਰਾਜ ਦੇ ਪਿਆਰ ਵਿਚ ਦੀਵਾਨੀ ਹੋਈ ਨੇ ਗੁਰੂ ਮਹਾਰਾਜ ਦੇ ਹੱਥ 'ਚ ਪ੍ਰਸ਼ਾਦੇ ਫੜਾ ਦਿਤੇ। ਭੁੱਲ ਗਈ ਕਹਿਣਾ ਕਿ ਪਾਤਸ਼ਾਹ! ਘੋੜੇ ਤੋਂ ਹੇਠਾਂ ਉਤਰ ਆਓ, ਅੰਦਰ ਲੰਘ ਆਓ, ਬੈਠ ਜਾਓ, ਆਸਣ ਲਓ। ਭੁੱਲ ਗਈ ਕੋਈ ਆਸਣ ਵਿਛਾਉਣਾ ਹੈ ਕੁਛ ਨਹੀਂ ਯਾਦ।

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ*
*ਬੁਧਿ ਕੀ ਨ ਬੁਧਿ ਰਹੀ*
*ਮਤਿ ਮੈ ਨ ਮਤਿ ਹੈ॥ ਕਬਿੱਤ ਭਾਈ ਗੁਰਦਾਸ ਜੀ*

ਮਹਾਰਾਜ ਨੇ ਦੋਵੇਂ ਹੱਥਾਂ ਦੇ ਵਿਚ ਪ੍ਰਸ਼ਾਦਾ ਲਿਆ

ਹੋਇਆ ਹੈ ਤੇ ਬੜੇ ਹੀ ਪਿਆਰ ਦੇ ਨਾਲ ਬੁਰਕੀ ਤੋੜਦੇ ਨੇ, ਖੰਡ ਘਿਉ ਨਾਲ ਲਾ ਲੈਂਦੇ ਨੇ, ਮਾਤਾ ਵਲ ਦੇਖ ਰਹੇ ਨੇ, ਅੰਦਰ ਹੀ ਅੰਦਰ ਬੇਅੰਤ ਮਹਾਰਾਜ ਵਰ ਦੇ ਰਹੇ ਨੇ। ਐਨੇ ਨੂੰ ਸਿੱਖ ਵੀ ਪਹੁੰਚ ਗਏ। ਹੈਰਾਨ ਹੁੰਦੇ ਕਿ ਪਾਤਸ਼ਾਹ! ਨਾ ਹੱਥ ਧੋਤੇ ਨੇ, ਘੋੜੇ ਵਾਲੇ ਹੱਥ ਨੇ ਤੇ ਨਾ ਸੁੱਚੇ ਆਸਣ ਤੇ ਬੈਠੇ ਨੇ, ਨਾ ਚਉਂਕਾ ਕੀਤਾ ਹੈ, ਨਾ ਕੋਈ ਬਰਤਨ ਹੈ ਕੋਲ, ਹੱਥਾਂ ਦੇ ਵਿਚ ਪ੍ਰਸ਼ਾਦੇ ਰੱਖੇ ਹੋਏ ਛਕ ਰਹੇ ਨੇ। ਉਸ ਵੇਲੇ ਨਜ਼ਾਰਾ ਸਾਮ੍ਹਣੇ ਆ ਗਿਆ ਕਿ ਠੀਕ ਏਸੇ ਤਰ੍ਹਾਂ ਬਲ ਰਾਜੇ ਦੇ ਦਰ ਦੇ ਉਤੇ ਪਾਰਬ੍ਰਹਮ ਪ੍ਰਮੇਸ਼ਰ ਪਿਆਰ ਦਾ ਬੰਨ੍ਹਿਆ ਹੋਇਆ ਖੜ੍ਹਾ ਹੈ –

*ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ ਬੰਨ੍ਹਿਆ ਪ੍ਰੇਮ ਦਾ।*
*ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥*
*ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥*
*ਅੰਗ - 1105*

ਸੋ ਬਲਰਾਜੇ ਦੇ ਦਰ ਤੇ ਖੜ੍ਹਾ ਜਿਵੇਂ ਪ੍ਰਮੇਸ਼ਰ ਐਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਮਹਾਰਾਜ ਉਸ ਮਾਈ ਦੇ ਦਰ ਦੇ ਸਾਮ੍ਹਣੇ ਘੋੜੇ ਤੇ ਚੜ੍ਹੇ ਹੋਏ ਪ੍ਰਸ਼ਾਦਾ ਛਕ ਰਹੇ ਨੇ। ਪਿਆਰ ਦੇ ਵਿਚ ਬੰਨ੍ਹੇ ਹੋਏ ਖੜ੍ਹੇ ਨੇ। ਨਾ ਆਪ ਨੂੰ ਇਹ ਸਿਮਰਨ ਹੈ ਕਿ ਅਸੀਂ ਅੰਦਰ ਜਾਈਏ, ਕਿਸੇ ਪਲੰਘ ਤੇ ਬੈਠੀਏ, ਹੱਥ ਧੋਈਏ ਫੇਰ ਕਿਸੇ ਬਰਤਨ ਵਿਚ ਪ੍ਰਸ਼ਾਦਾ ਛਕੀਏ। ਨਾ ਮਾਤਾ ਨੂੰ ਸੁਧ ਹੈ ਕਿ ਮੈਂ ਅੰਦਰ ਬੁਲਾਵਾਂ, ਪ੍ਰਸ਼ਾਦਾ ਪੂਰੇ ਸਤਿਕਾਰ ਨਾਲ ਦੇਵਾਂ। ਸੋ ਸਾਰੇ ਦੇਖ ਕੇ ਹੈਰਾਨ ਹੋ ਰਹੇ ਨੇ।

ਉਸ ਤੋਂ ਬਾਅਦ ਮਹਾਰਾਜ ਜੀ ਨੇ ਪ੍ਰਸ਼ਾਦਾ ਛਕ ਲਿਆ। ਉਸ ਤੋਂ ਬਾਅਦ ਨਾ ਹੱਥ ਧੁਆਉਣ ਦੀ ਉਹਨੂੰ ਸੁਧ ਹੈ ਨਾ ਮਹਾਰਾਜ ਜੀ ਨੇ ਕਿਹਾ। ਹੱਥ ਉਚਾ ਉਠਿਆ, ਮਾਤਾ ਦੇ ਸਿਰ ਤੇ ਰੱਖਿਆ ਮਾਤਾ! ਨਿਹਾਲ! ਨਿਹਾਲ! ਨਿਹਾਲ। ਕੋਈ ਕਰਮ ਧਰਮ ਕਰਨ ਦੀ ਲੋੜ ਨਹੀਂ ਪਈ। ਕੋਈ ਤਪ ਕਰਨ ਦੀ ਲੋੜ ਨਹੀਂ ਪਈ। ਵੱਡੇ-ਵੱਡੇ ਯੋਗੀਆਂ ਨੂੰ ਜੋ ਗਤੀ ਪ੍ਰਾਪਤ ਹੁੰਦੀ ਹੈ, ਪ੍ਰਭੂ ਲੋਕ ਦੀ ਉਸ ਦੇ ਵਿਚ ਮਾਤਾ ਦਾ ਨਿਵਾਸ ਕਰਾ ਦਿਤਾ।

ਦੂਸਰਾ ਦਿਨ ਆ ਗਿਆ। ਸਾਰਿਆਂ ਨੇ ਸੋਚਿਆ ਕਿ ਮਹਾਰਾਜ ਨੂੰ ਭੁੱਖ ਲੱਗੀ ਸੀ ਤੇ ਜਾ ਕੇ ਪ੍ਰਸ਼ਾਦਾ ਮੰਗਿਆ ਇਨ੍ਹਾਂ ਨੇ ਤੇ ਕਿਉਂ ਨਾ ਪ੍ਰਸ਼ਾਦਾ ਨਾਲ ਲਾਹ ਕੇ ਲੈ ਚੱਲਿਆ ਕਰੀਏ। ਉਸ ਵੇਲੇ ਲਾਂਗਰੀ ਸਿੰਘ, ਸ੍ਰੀ ਮਾਨ ਨੇ ਪ੍ਰਸ਼ਾਦੇ ਲਾਹੇ ਤੇ ਜੋ ਮੁਖੀ ਸੇਵਕ ਸੀ ਉਨ੍ਹਾਂ ਨੂੰ ਦਿੱਤੇ।ਮਹਾਰਾਜ ਘੋੜੇ ਤੇ ਜਾ ਰਹੇ ਨੇ। ਉਨ੍ਹਾਂ ਨੇ ਪ੍ਰਸ਼ਾਦੇ ਬੰਨ੍ਹੇ ਹੋਏ ਨੇ ਨਾਲ। ਪਾਣੀ ਬੰਨ੍ਹਿਆ ਹੋਇਆ ਹੈ ਹੱਥ ਧੁਆਉਣ ਵਾਸਤੇ। ਅੱਗੇ ਜੰਗਲ 'ਚ ਚਲੇ ਗਏ। ਅੱਗੇ ਘੋੜੇ ਰੁਕੇ, ਮਹਾਰਾਜ ਅੱਗੇ ਗਏ ਤਾਂ ਕਹਿਣ ਲੱਗੇ, ਸੱਚੇ ਪਾਤਸ਼ਾਹ! ਹੁਕਮ ਹੋਵੇ ਤਾਂ ਆਸਣ ਵਿਛਾਈਏ? ਕਹਿੰਦੇ ਕੀ ਗੱਲ? ਕਹਿੰਦੇ ਪਾਤਸ਼ਾਹ! ਸਾਡੇ ਮਨ ਵਿਚ ਕੁਛ ਸ਼ੰਕਾ ਵਿਆਪ ਗਿਆ। ਆਪ ਲੰਗਰ ਦੀ ਸੁੱਚਤਾ ਦੇ ਵਿਚ ਐਨੀ ਜ਼ਿਆਦਾ ਤਾਕੀਦ ਕਰਦੇ ਹੋਂ ਕਿ ਬਿਲਕੁਲ ਸਾਫ ਸੁਥਰੇ ਹੱਥ ਹੋਣ, ਸ਼ੁਧ ਥਾਂ ਹੋਵੇ ਤੇ ਫੇਰ ਜਾ ਕੇ ਪ੍ਰਸ਼ਾਦੇ ਦੀ ਗਰਾਹੀ ਮੂੰਹ 'ਚ ਪਾਉਣੀ ਚਾਹੀਦੀ ਹੈ। ਸ਼ੁਧੀ ਨਾਲ ਪ੍ਰਸ਼ਾਦਾ ਬਣਾਇਆ ਹੋਵੇ। ਪਾਤਸ਼ਾਹ! ਕੱਲ੍ਹ ਆਪ ਇਕ ਅਣਜਾਣ ਘਰ ਦੇ ਅੱਗੇ ਜਾ ਕੇ, ਉਥੇ ਪ੍ਰਸ਼ਾਦਾ ਛਕਿਆ। ਨਾ ਆਪ ਨੇ ਹੱਥ ਧੋਤੇ ਰਾਸਾਂ ਵਾਲੇ, ਨਾ ਪ੍ਰਸ਼ਾਦਾ ਛਕਣ ਤੋਂ ਬਾਅਦ ਧੋਤੇ, ਤੇ ਨਾ ਇਹ ਦੇਖਿਆ ਕਿ ਇਹ ਜੋ ਪ੍ਰਸ਼ਾਦਾ ਤਿਆਰ ਕੀਤਾ ਗਿਆ ਹੈ, ਸੁੱਚ ਨਾਲ ਤਿਆਰ ਹੋਇਆ ਹੈ ਜਾਂ ਐਵੇਂ ਹੀ ਤਿਆਰ ਹੋਇਆ ਹੈ। ਪਾਤਸ਼ਾਹ! ਮਨ ਵਿਚ ਸ਼ੰਕਾ ਆ ਗਿਆ ਤੇ ਅਸੀਂ ਅੱਜ ਪ੍ਰਸ਼ਾਦਾ ਤਿਆਰ ਕਰਕੇ ਲਿਆਏ ਹਾਂ। ਕਹਿੰਦੇ ਓ, ਪ੍ਰੇਮੀਓ! ਸਾਨੂੰ ਭੁੱਖ ਨਹੀਂ ਹੈ ਪ੍ਰਸ਼ਾਦਿਆਂ ਦੀ। ਸਾਨੂੰ ਜੇ ਭੁੱਖ ਹੈ ਸੱਚੀਮੁਚੀ ਦੀ ਉਹਨੂੰ ਦੁਨੀਆਂ ਨਹੀਂ ਸਮਝਦੀ –

*ਧਾਰਨਾ - ਭਾਉ ਭਗਤ ਦਾ ਭੁੱਖਾ,*
*ਗੋਬਿੰਦ ਭਾਉ ਭਗਤ ਦਾ ਭੁੱਖਾ।*

ਕਹਿੰਦੇ ਪ੍ਰੇਮੀਓ! ਭੁੱਖ ਨਹੀਂ ਸਾਨੂੰ ਲੱਗੀ ਸੀ ਇਹ ਤਾਂ ਜਿਸ ਚੀਜ਼ ਦੇ ਅਸੀਂ ਭੁੱਖੇ ਹਾਂ ਨਾ।

*ਗੋਬਿੰਦ ਭਾਉ ਭਗਤ ਦਾ ਭੁੱਖਾ।*

ਬਿਦਰ ਦੇ ਚਲੇ ਗਏ ਸੀ ਕ੍ਰਿਸ਼ਨ ਮਹਾਰਾਜ ਕੋਈ ਮਰਿਆਦਾ ਦੇਖੀ ਸੀ ਉਨ੍ਹਾਂ ਨੇ। ਭੀਲਣੀ ਦੇ ਘਰ ਸ੍ਰੀ ਰਾਮ ਚੰਦਰ ਜੀ ਨੇ ਕੀ ਖਾਧਾ ਸੀ ਜੂਠੇ ਬੇਰ। ਸੁੱਚ, ਜੂਠ ਹੁੰਦੀ ਹੈ ਪਿਆਰ ਦੇ ਅੰਦਰ? ਤੁਸੀਂ ਨਹੀਂ ਇਹ ਗੱਲ ਸਮਝ ਸਕਦੇ ਪਿਆਰਿਓ। ਪਿਆਰ ਦੇ ਅੰਦਰ ਕੋਈ ਮਰਿਆਦਾ ਨਹੀਂ, ਆਦਿ ਜੁਗਾਦਿ ਤੋਂ ਚਲਿਆ ਆਉਂਦਾ ਹੈ।

ਸੋ ਇਸ ਕਰਕੇ ਵਾਹਿਗੁਰੂ ਜੇ ਭਿੱਜਦਾ ਹੈ, ਗੁਰੂ ਜੇ ਭਿੱਜਦੇ ਨੇ ਤਾਂ ਪਿਆਰ ਨਾਲ ਭਿੱਜਦੇ ਨੇ, ਹੋਰ ਕੋਈ ਚੀਜ਼ ਉਨ੍ਹਾਂ ਨੂੰ ਰਿਝਾਉਣ ਦੀ ਸਮਰੱਥਾ ਨਹੀਂ ਰੱਖਦੀ।

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਸੋ ਇਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਮਹਾਰਾਜ ਦਾ ਅੱਜ ਗੁਰਿਆਈ ਦਾ ਦਿਨ ਹੈ। ਜਿਨ੍ਹਾਂ ਦੇ ਜੀਵਨ ਦੇ ਵਿਚੋਂ ਇਕ ਪਿਆਰ ਦਾ ਵਰਕਾ ਆਪਾਂ ਪੜ੍ਹਿਆ ਹੈ। ਸੋ ਅੱਜ ਚੇਤ ਦੀ ਸੰਗਰਾਂਦ ਹੈ ਮਹਾਰਾਜ ਕਹਿੰਦੇ ਨੇ –

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*

ਆਰਾਧਣਾ ਹੁੰਦਾ ਹੈ ਪਿਆਰ ਕਰਨਾ। ਚੇਤ ਦੇ ਅੰਦਰ ਗੋਬਿੰਦ ਨੂੰ ਪਿਆਰ ਕਰੋ, ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

# ਸੰਪਾਦਕੀ

*ਡਾ. ਜਗਜੀਤ ਸਿੰਘ*

ਪਿਛਲੇ ਦਸ ਸਾਲਾਂ ਤੋਂ ਆਤਮ ਮਾਰਗ ਸੁਹਿਰਦ ਪਾਠਕਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਾ ਆ ਰਿਹਾ ਹੈ। ਮਹਾਂਪੁਰਸ਼ਾਂ ਨੇ ਆਪਣੇ ਜੀਵਨ ਕਾਲ ਵਿਚ ਗੁਰਮਤਿ ਦੇ ਮੁੱਖ ਸਿਧਾਂਤ, ***'ਨਾਨਕ ਕੇ ਘਰੁ ਕੇਵਲ ਨਾਮੁ' (ਅੰਗ-1136)*** ਨੂੰ ਹੀ ਪ੍ਰਚਾਰਿਆ ਤੇ ਪ੍ਰਸਾਰਿਆ ਹੈ। ਗੁਰੂ ਸਾਹਿਬਾਨ ਦੇ ਜੀਵਨ ਦੀ ਹਰੇਕ ਕਿਰਿਆ ਨਾਮੁ ਸਿਧਾਂਤ ਨੂੰ ਹੀ ਉਜਾਗਰ ਕਰਦੀ ਹੈ, ਭਾਵੇਂ ਇਹ ਬਾਣੀ ਦਾ ਪ੍ਰਵਾਹ ਸੀ, ਭਾਵੇਂ ਬਾਣੇ ਦਾ, ਭਾਵੇਂ ਇਹ ਭਗਤੀ ਦਾ ਆਤਮਕ ਬਲ ਸੀ, ਭਾਵੇਂ ਭਗਤੀ ਤੋਂ ਪੈਦਾ ਹੋਈ ਸ਼ਕਤੀ ਜੋ ਦੁਸ਼ਟਾਂ ਦੇ ਦਮਨ ਲਈ ਵਰਤੀ ਗਈ। ਇਸ ਸੰਕਲਪ ਨੂੰ ਥੋੜ੍ਹਾ ਵਿਚਾਰਨ ਦੀ ਲੋੜ ਹੈ।

19 ਮਾਰਚ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣ ਦਾ ਪੁਰਬ ਹੈ। ਗੁਰੂ ਨਾਨਕ ਦੇਵ ਜੀ ਦੀ ਨਾਮ ਪਰੰਪਰਾ ਨੂੰ ***'ਸਰਬ ਧਰਮ ਮਹਿ ਸ੍ਰੇਸਠ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ' (ਅੰਗ-266)*** ਉਚਾਰਨ ਕਰਕੇ ਪੰਚਮ ਪਾਤਸ਼ਾਹ ਨੇ ਮੋਹਰ ਲਾਈ। ਉਹ ਸੱਚ ਦੀ ਕਸਵੱਟੀ ਤੇ ਪੂਰੇ ਉਤਰੇ। ***'ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ (ਅੰਗ-22)'*** ਉਨ੍ਹਾਂ ਨੇ ਕਿਸੇ ਨੂੰ ਬੁਰਾ ਨਹੀਂ ਕਿਹਾ, ਨਾ ਕੋਈ ਪ੍ਰਭੂ ਨੂੰ ਉਲਾਂਭਾ ਦਿਤਾ। ਸਗੋਂ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਗੁਰੂ ਜੀ ਮਹਾਨ ਸੂਰਮਿਆਂ ਵਾਂਗ ਮੈਦਾਨ ਵਿਚ ਨਿਤਰੇ। ਉਹ ਅਸਲ ਤੇ ਸੱਚੇ ਸੂਰਮੇ ਹਨ ਜੋ ਕਿ –

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ***
***ਸੋ ਕਹੀਅਤ ਹੈ ਸੂਰਾ॥***
***ਆਤਮ ਜਿਣੈ ਸਗਲ ਵਸਿ ਤਾ ਕੈ***
***ਜਾ ਕਾ ਸਤਿਗੁਰੁ ਪੂਰਾ॥ ਅੰਗ - 679***

ਉਹ ਪ੍ਰਭੂ ਨਾਲ ਇਕਮਿਕ ਸੀ, ਸਗੋਂ ਪ੍ਰਭੂ ਦਾ ਸਰੂਪ ਹੀ ਸਨ, ਸਭ ਸਕਤੀਆਂ ਦੇ ਮਾਲਕ ਸਨ ਪਰ ਪ੍ਰਭੂ ਹੁਕਮ ਵਿਚ ਸਮਾਂ ਸਹਿਨਸ਼ੀਲਤਾ ਦਾ ਸੀ। ਅਨਿਆਂ ਅੱਗੇ ਡੱਟ ਜਾਣ ਦਾ ਸੀ, ਸਰੀਰ ਤੇ ਕਸ਼ਟ ਝੱਲ ਲਏ ਪਰ ਝੂਠ ਅਤੇ ਅਨਿਆਂ ਨਾਲ ਸਮਝੌਤਾ ਨਹੀਂ ਕੀਤਾ। ਦੀਨ, ਧਰਮ, ਸੱਚ, ਨਿਆਂ ਲਈ ਪੁਰਜ਼ਾ ਪੁਰਜ਼ਾ ਹੋ ਕੇ ਕੁਰਬਾਨ ਹੋ ਜਾਣਾ ਪਰ ਸੱਚ ਦਾ ਮੈਦਾਨ ਨਾ ਛਡਣਾ, ਇਹ ਅਸਲ ਸੂਰਮੇ ਦਾ ਕਰਤੱਵ ਹੁੰਦਾ ਹੈ। ਐਸੀ ਮਹਾਨ ਸ਼ਹਾਦਤ ਨੇ ਨਾਮ-ਲੇਵਾ, ਸੰਗਤ, ਪੰਗਤ ਵਿਚ ਜੁੜੀ ਸਿੱਖ ਲਹਿਰ ਨੂੰ ਨਵਾਂ ਮੋੜ ਦਿਤਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਪਿਤਾ-ਗੁਰੂ ਦੀ ਆਗਿਆ ਅਨੁਸਾਰ ਮੀਰੀ ਦੇ ਨਾਲ ਪੀਰੀ ਵੀ ਧਾਰਨ ਕੀਤੀ, ਅੰਦਰ ਵਰਤ ਰਹੀ ਨਾਮ-ਸ਼ਕਤੀ ਨੂੰ ਦੋ ਤਲਵਾਰਾਂ ਧਾਰਨ ਕਰਕੇ ਮੀਰੀ ਤੇ ਪੀਰੀ ਦੇ ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ। ਇਹ ਦੱਸਿਆ ਕਿ ਅੰਦਰ ਵਸਦੇ ਵੈਰੀਆਂ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਲ ਨਾਮ ਦੀ ਪੀਰੀ ਸ਼ਕਤੀ ਨਾਲ ਜੂਝਣਾ ਹੈ, ਇਨ੍ਹਾਂ ਨੂੰ ਫਤਹਿ ਕਰਨਾ ਹੈ ਅਤੇ ਬਾਹਰ ਦੇ ਜਰਵਾਨਿਆ, ਧਾੜਵੀਆਂ ਨੂੰ ਰੋਕਣ ਲਈ ਮੀਰੀ ਦੀ ਬਹੁ-ਬਲ ਸ਼ਕਤੀ ਵਰਤਣੀ ਹੈ। ਕਮਾਲ ਇਹ ਹੈ ਕਿ ਦੋਹਾਂ ਦੇ ਚਿੰਨ੍ਹ ਤਲਵਾਰਾਂ ਸਨ – ਦੋ ਤਲਵਾਰਾਂ ਧਾਰਨ ਕਰਕੇ ਸਪਸ਼ਟ ਕੀਤਾ ਕਿ ਹੁਣ ਮੀਰੀ ਤੇ ਪੀਰੀ ਸ਼ਕਤੀਆਂ ਇਕੱਠੀਆਂ ਵਿਚਰਨਗੀਆਂ। ਅੰਦਰ ਦੀ ਭਗਤੀ ਅਤੇ ਬਾਹਰ ਦੀ ਸ਼ਕਤੀ ਦੋਵੇਂ ਮਿਲ ਕੇ ਰਹਿਣਗੀਆਂ। ਇਸ ਤਰ੍ਹਾਂ ਪੀਰੀ ਤੇ ਮੀਰੀ, ਭਗਤੀ ਤੇ ਸ਼ਕਤੀ, ਸੰਤਗੀਰੀ ਅਤੇ ਸਿਪਾਹੀਗੀਰੀ ਦਾ ਸੰਗਮ ਹੋਇਆ। ਇਹ ਸੰਗਮ ਗੈਰ ਕੁਦਰਤੀ ਨਹੀਂ, ਸਗੋਂ ਰੱਬੀ-ਹੁਕਮ ਦੀ ਕੁਦਰਤੀ ਖੇਡ ਹੈ। ਵੱਡੀ ਮੱਛੀ ਛੋਟੀ ਨੂੰ ਖਾਂਦੀ ਆਈ ਹੈ। ਕਮਜ਼ੋਰ ਮਨੁੱਖ ਸਦਾ ਹੀ ਬੇਗੈਰਤੀ ਤੇ ਗੁਲਾਮੀ ਦੇ ਸੰਗਲਾਂ ਵਿਚ ਬੱਝਿਆ ਆ ਰਿਹਾ ਹੈ। ਸਾਰੇ ਸੰਸਾਰ ਵਿਚ ਏਦਾਂ ਹੁੰਦਾ ਆਇਆ ਹੈ ਤੇ ਹੁੰਦਾ ਰਹੇਗਾ। ਪੀਰੀ ਤੇ ਮੀਰੀ ਰਾਹੀਂ ਗੁਰੂ ਮਹਾਰਾਜ ਨੇ ਸਿੱਖ ਲਹਿਰ ਨੂੰ ਪੂਰਨਤਾ ਦੀ ਮੰਜ਼ਲ ਵਲ ਤੋਰਿਆ। ਇਸ ਕਰਮ ਨੇ ਸਿੱਖ ਲਹਿਰ ਨੂੰ ਚੜ੍ਹਦੀ ਕਲ੍ਹਾ ਬਖਸ਼ੀ। ਅਕਾਲ ਤਖਤ ਦੀ ਸਿਰਜਨਾ ਹੋਈ, ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਸਨਮੁੱਖ ਦੀਵਾਨ ਲਗਣ ਲੱਗੇ। ਗੁਰੂ ਮਹਾਰਾਜ ਦੀ ਆਗਿਆ ਅਨੁਸਾਰ ਸਿੱਖ ਸੰਗਤ ਸ਼ਸਤਰ ਅਤੇ ਘੋੜੇ ਭੇਟਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਲੈਣ ਲੱਗੀ। ਗੁਰੂ ਦਰਬਾਰ ਵਿਚ ਸਿੱਖ ਸੰਗਤਾਂ ਦੇ ਆਪਸੀ ਝਗੜੇ ਗੁਰੂ ਜੀ ਰਾਹੀਂ ਨਜਿੱਠੇ ਜਾਂਦੇ ਜਿਸਨੂੰ ਸਾਰੇ ਖੁਸ਼ੀ-ਖੁਸ਼ੀ ਕਬੂਲ ਕਰਦੇ। ਸੰਗਤ ਪੰਗਤ ਦੀ ਮਿਲ ਬੈਠਣ ਦੀ ਸਾਂਝੀਵਾਲਤਾ ਵਿਚ ਵਾਧਾ ਹੋਇਆ, ਸਿੱਖ ਕਿਰਪਾਨਧਾਰੀ ਹੋ ਗਏ, ਘੋੜ ਸਵਾਰੀ ਵਿਚ ਨਿਪੁੰਨ ਹੋਣ ਲੱਗੇ, ਭਾਲਾ, ਨੇਜ਼ਾ, ਬਰਛਾ, ਗੁਰਜ ਚਲਾਉਣ ਦੇ ਪੈਂਤੜੇ ਸਿਖਾਏ ਜਾਂਦੇ। ਹੌਲੀ ਹੌਲੀ ਇਨ੍ਹਾਂ ਧਰਮੀ ਗੁਰਸਿੱਖਾਂ ਨੇ ਸਿੱਖ ਸੈਨਾ ਦਾ ਰੂਪ ਧਾਰਨ ਕਰ ਲਿਆ। ਵਿਦੇਸ਼ੀ ਹਕੂਮਤ ਨੂੰ ਤਾਂ ਪਹਿਲਾਂ ਹੀ ਨਿਹੱਥੇ ਗੁਰਸਿੱਖਾਂ ਦੇ ਇਕੱਠੇ ਹੋਣ ਤੋਂ ਖਤਰਾ ਮਹਿਸੂਸ ਹੁੰਦਾ ਸੀ, ਹੁਣ ਤਾਂ ਇਹ ਹਥਿਆਰਬੰਦ ਸੈਨਾ ਦਾ ਰੂਪ ਧਾਰਨ ਕਰ ਗਏ ਸੀ। ਨਤੀਜੇ ਵਜੋਂ ਗੁਰੂ ਕਾਲ ਵਿਚ ਚਾਰ ਯੁੱਧ ਹੋਏ, ਭਗਤੀ ਦੀ ਸ਼ਕਤੀ ਨਾਲ ਲੈਸ ਸੰਤ-ਸਿਪਾਹੀਆਂ ਨੇ ਚਾਰਾਂ ਹੀ ਯੁੱਧਾਂ ਵਿਚ ਜਰਵਾਨਿਆਂ ਨੂੰ ਹਾਰ ਦਿਤੀ। ਨਾਮ-

ਰਸੀਆਂ ਗੁਰਸਿੱਖਾਂ ਨੇ ਅੰਦਰ ਵੈਰ ਨਹੀਂ ਪਾਲਿਆ, ਸਗੋਂ ਹਰਿਗੋਬਿੰਦਪੁਰ ਵਿਖੇ ਮੁਸਲਿਮ ਇਬਾਦਤ-ਗਾਹ ਮਸਜਦ ਦਾ ਪੁਨਰ-ਨਿਰਮਾਣ ਕੀਤਾ। ਸੰਤ-ਸਿਪਾਹੀਆਂ ਦੀ ਇਹ ਲਹਿਰ ਤਿੰਨ ਪਾਤਸ਼ਾਹੀਆਂ ਤਕ ਸਹਿਜ ਵਿਚ ਵਿਚਰੀ। ਨੌਂਵੋਂ ਪਾਤਸ਼ਾਹ ਸਮੇਂ ਇਸ ਨੂੰ ਪਰਪੱਕ ਕਰਨ ਲਈ ਇਕ ਹੋਰ ਮਹਾਨ ਕੁਰਬਾਨੀ ਦੀ ਲੋੜ ਪਈ। ਨਿਰਭਉ, ਨਿਰਵੈਰ ਨੌਂਵੇਂ ਪਾਤਸ਼ਾਹ ਧਰਮ ਦੀ ਆਜ਼ਾਦੀ ਲਈ ਸ਼ਹੀਦ ਹੋਏ। ਦਸਵੇਂ ਪਾਤਸ਼ਾਹ ਵੇਲੇ ਉਹ ਸਮਾਂ ਆ ਬਣਿਆ ਜਦੋਂ ਇਸ ਦੀ ਸਪੰਨਤਾ ਹੋਣੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਪੀਰੀ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਈ - 1699 ਦੀ ਵਿਸਾਖੀ ਨੂੰ। ਖਾਲਸਾ ਸੱਚੇ ਅਰਥਾਂ ਵਿਚ ਆਤਮ-ਰਸੀਆ, ਪ੍ਰਭੂ ਪਿਆਰ, ਨਾਮ ਰੰਗ ਵਿਚ ਪਸੀਜਿਆ ਸੰਤ ਸਿਪਾਹੀ ਹੋ ਕੇ ਰੂਪਮਾਨ ਹੋਇਆ ਜਿਸ ਦੇ ਹਿਰਦੇ ਵਿਚ ਸਦਾ ਪ੍ਰਭੂ ਪਿਆਰ, ਨਾਮ-ਰਸ ਦਾ ਸੰਚਾਰ ਹੁੰਦਾ ਹੈ ਤੇ ਬਾਹਰਲੇ-ਸਰੂਪ ਵਿਚ ਸ਼ਸਤਰ-ਧਾਰੀ ਖਾਲਸਾ ਸਦਾ ਅਨਿਆਂ, ਵਧੀਕੀਆਂ, ਜ਼ੁਲਮ ਅਤੇ ਜਬਰ ਨਾਲ ਜੂਝਣ ਲਈ ਤਤਪਰ। ਇਸ ਖਾਲਸੇ ਨੇ ਮਹਾਨ ਇਤਿਹਾਸ ਸਿਰਜਿਆ ਜਿਸ ਵਿਚ ਗੁਰੂ ਪਰਿਵਾਰ ਦੀਆਂ ਮਹਾਨ ਕੁਰਬਾਨੀਆਂ, ਸਾਹਿਬਜ਼ਾਦਿਆਂ ਅਤੇ ਅਨੇਕ ਗੁਰਸਿੱਖਾਂ ਦੀਆਂ ਸ਼ਹੀਦੀਆਂ ਬੇਮਿਸਾਲ ਗਾਥਾਵਾਂ ਹਨ।

ਗੁਰਬਾਣੀ ਦਾ ਸਿਧਾਂਤ ਹੈ -

*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥ ਅੰਗ - 1299*

ਪਰ ਸ੍ਵੈ-ਰੱਖਿਆ ਕਰਨੀ ਤਾਂ ਸਾਡਾ ਧਰਮ ਹੈ। ਗੁਰੂ ਜੀ ਦਾ ਫੁਰਮਾਨ ਹੈ ਕਿ ਸ਼ਸਤਰਾਂ ਤੋਂ ਬਿਨਾਂ ਮਨੁੱਖ ਭੇਡਾਂ ਬੱਕਰੀਆਂ ਸਮਾਨ ਹੈ। ਕਿਤੇ ਵੀ, ਕਦੇ ਵੀ, ਕੋਈ ਭਾਣਾ ਵਾਪਰ ਸਕਦਾ ਹੈ। ਧਰਮ ਸਹਿਨਸ਼ੀਲਤਾ, ਪਿਆਰ, ਸੁਹਿਰਦਤਾ, ਨਿਰਵੈਰਤਾ ਸਿਖਾਂਦਾ ਹੈ ਪਰ ਸਿੱਖ ਧਰਮ ਇਨ੍ਹਾਂ ਗੁਣਾਂ ਦੇ ਨਾਲ-ਨਾਲ ਦੁਸ਼ਟਾਂ, ਦੋਖੀਆਂ, ਸਮਾਜ ਵਿਰੋਧੀਆਂ ਦੰਗਾ ਫਸਾਦੀਆਂ ਦੀ ਸੋਧ ਸੁਧਾਈ ਲਈ ਤਤਪਰ ਰਹਿਣ ਲਈ ਵੀ ਉਤਸ਼ਾਹਤ ਕਰਦਾ ਹੈ। ਭੈੜਾ ਅਨਸਰ ਘੱਟ ਗਿਣਤੀ ਵਿਚ ਅਤੇ ਡਰਾਕਲ ਤੇ ਕਮਜ਼ੋਰ ਹੁੰਦਾ ਹੈ ਪਰ ਜੇ ਦੂਜੀ ਧਿਰ ਸ਼ਸਤਰਹੀਨ ਹੋਵੇ, ਨਿਰਬਲ ਹੋਵੇ ਤਾਂ ਉਸ ਦਾ ਕਦੇ ਵੀ ਸੋਸ਼ਨ ਹੋ ਸਕਦਾ ਹੈ। ਇਸ ਪ੍ਰਸੰਗ ਵਿਚ ਸਾਨੂੰ ਗੰਭੀਰਤਾ ਨਾਲ ਸੋਚਣਾ ਹੋਵੇਗਾ। ਗੁਰੂ ਮਹਾਰਾਜ ਦੀ ਰਹਿਤ, ਮੀਰੀ ਪੀਰੀ, ਭਗਤੀ-ਸ਼ਕਤੀ, ਸੰਤ-ਸਿਪਾਹੀ ਦੇ ਗੁਣਾਂ ਦਾ ਧਾਰਨੀ ਮਨੁੱਖ ਹੀ ਸਰਵੋਤਮ ਮਨੁੱਖ ਕਿਹਾ ਜਾਏਗਾ। ਸਾਨੂੰ ਇਹ ਦਾਤ ਕੁਰਬਾਨੀਆਂ ਦੇ ਕੇ ਮਿਲੀ ਹੈ, ਇਸ ਨੂੰ ਕਾਇਮ ਰੱਖੀਏ ਤੇ ਆਪਣਾ ਲੋਕ ਪ੍ਰਲੋਕ ਸੁਖੀ ਸੁਹੇਲਾ ਬਣਾਈਏ।

ਟਰੱਸਟ ਰਤਵਾੜਾ ਸਾਹਿਬ ਵਲੋਂ ਪ੍ਰਕਾਸ਼ਿਤ ਮਾਸਿਕ ਪਤ੍ਰਿਕਾ ਅਪ੍ਰੈਲ 2005 ਨੂੰ ਦੱਸ ਸਾਲ ਪੂਰੇ ਕਰ ਰਿਹਾ ਹੈ। ਇਸ ਵਿਚ ਕੋਈ ਵੀ ਰਾਗ ਦ੍ਵੈਸ਼ ਵਾਲੀ ਵਾਰਤਾਲਾਪ ਨਹੀਂ ਹੁੰਦੀ ਹੈ। ਗੁਰਬਾਣੀ ਅਨੁਸਾਰ ਅਦ੍ਵੈਤ ਸਿਧਾਂਤ ਤੇ ਹੀ ਗੁਰੂ, ਪੀਰਾਂ, ਅਨੁਸਾਰ ਚਲਾਈ ਪਰੰਪਰਾ ਅਨੁਸਾਰ ਸਰਬ ਲੋਕਾਈ ਨੂੰ ਆਪਣੇ ਕਲਾਵੇ ਵਿਚ ਲਿਆ ਰਿਹਾ ਹੈ, ਤਾਂ ਹੀ ਇਸ ਅਦਾਰੇ ਨੂੰ ਪਿਆਰ ਕਰਨ ਵਾਲੇ ਆਤਮ ਮਾਰਗ ਦੇ ਪਾਂਧੀ ਹਰ ਪੱਖ ਤੋਂ ਹੀ ਇਸ ਅਦਾਰੇ ਨੂੰ ਖੁਸ਼ਹਾਲ ਬਣਾ ਰਹੇ ਹਨ। ਬਿਨਾਂ ਕਿਸੇ ਅਪੀਲ, ਦਲੀਲ ਤੋਂ ਅਜੋਕੇ ਕਲਜੁੱਗ ਦੇ ਭਿਆਨਕ ਸਮੇਂ ਦੇ ਵਰਤਮਾਨ ਸਮੇਂ ਅੰਦਰ ਟਰੱਸਟ ਵਲੋਂ ਜਨ ਸਮੂੰਹ ਦੇ ਪਰਉਪਕਾਰੀ ਕਾਰਜਾਂ ਵਾਸਤੇ ਗੁਰੂ ਬਖਸ਼ਿਸ਼ਾਂ ਵਿਚੋਂ ਲੱਖਾਂ ਹੀ ਰੁਪਏ ਪ੍ਰੇਮੀਆਂ ਵਲੋਂ ਭੇਜੇ ਜਾ ਰਹੇ ਹਨ। ਮਹਾਂਪੁਰਸ਼ਾਂ ਦੀ ਚਲਾਈ ਪਰੰਪਰਾ ਨੂੰ ਅੱਗੇ ਤੋਰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਦਿਆਂ ਟਰੱਸਟ ਵਲੋਂ ਸਮੁੰਦਰੀ ਭੂਚਾਲ ਦੀ 26 ਦਸੰਬਰ 2004 ਨੂੰ ਆਈ ਆਫ਼ਤ ਸਮੇਂ ਨਿਆਸਰਿਆਂ, ਜਿਨ੍ਹਾਂ ਦੇ ਘਰ ਦਰ ਤਬਾਹ ਹੋ ਗਏ, ਸੰਗੀ-ਸਾਥੀ ਵਿਛੜ ਗਏ, ਔਖੇ ਬਿਪਤਾ ਦੇ ਸਮੇਂ ਰਤਵਾੜਾ ਸਾਹਿਬ ਤੋਂ ਹਜ਼ਾਰਾਂ ਮੀਲ ਦੂਰ ਜਾ ਕੇ ਬਾਂਹ ਫੜੀ ਗਈ ਅਤੇ ਗੁਰੂ ਕੇ ਲੰਗਰ ਅਤੁੱਟ ਚਲਾ ਕੇ, ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰਤੀ ਵਾਸਤੇ ਨਿਤ ਲੋੜੀਂਦੀਆਂ ਵਸਤੂਆਂ ਘਰ-ਘਰ ਪਹੁੰਚਾਈਆਂ ਗਈਆਂ।

ਅੱਜ ਸਾਨੂੰ ਸਾਰਿਆਂ ਨੂੰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਮਹਾਂਪੁਰਸ਼ਾਂ ਦੀ ਯਾਦ ਬਾਰ-ਬਾਰ ਆ ਰਹੀ ਹੈ ਕਿ ਕਿਵੇਂ ਆਪ ਜੀ ਪਰਉਪਕਾਰੀ ਕਾਰਜ ਕਰਨ ਦੀ ਪ੍ਰੇਰਨਾ ਦਿੰਦੇ ਸਨ, ਜੋ ਕਿ ਆਪ ਆਪਣੀ ਮਿਸਾਲ ਆਪ ਹਨ। ਅੱਜ ਦਾ ਇਨਸਾਨ ਮਤਲਬ-ਪ੍ਰਸਤੀ ਮਾਦੇ ਦੇ ਅਧੀਨ ਹੋ ਕੇ ਆਪ, ਆਪਣੇ ਪਰਿਵਾਰ ਰਿਸ਼ਤੇਦਾਰਾਂ ਦੇ ਦਾਇਰੇ ਤੋਂ ਬਾਹਰ ਨਹੀਂ ਨਿਕਲਦਾ, ਆਪਣੇ ਵਾਸਤੇ ਹੀ ਜੀਉਂਦਾ ਹੈ। ਪਰਉਪਕਾਰੀ ਮਹਾਂਪੁਰਸ਼ਾਂ ਨੇ ਲੱਖਾਂ ਨੂੰ ਜੀਅ ਦਾਨ ਦਿਤਾ, ਆਪਣੀ ਸਾਰੇ ਜੀਵਨ ਦੀ ਕਮਾਈ ਨੂੰ ਪਰਉਪਕਾਰ ਵਾਸਤੇ ਅਰਪਨ ਕਰਕੇ, ਟਰੱਸਟ ਬਣਾ ਕੇ ਸੇਵਾ ਦੀ ਮਹਾਨ ਮਿਸਾਲ ਕਾਇਮ ਕੀਤੀ। ਹੁਣ ਵੀ ਇਸ ਪਰੰਪਰਾ ਨੂੰ ਪਰਮ ਪੂਜਯ ਬੀਜੀ ਦੀ ਅਸ਼ੀਰਵਾਦ ਅਤੇ ਗੁਰੂ ਪੀਰਾਂ ਮਹਾਂਪੁਰਸ਼ਾਂ ਦੀ ਬਖਸ਼ਿਸ਼ ਦੇ ਨਾਲ ਪਾਈ ਪਰਪਾਟੀ ਅੱਗੇ ਤੋਰਦਿਆਂ ਆਪ ਆਤਮ ਮਾਰਗ ਦੇ ਸਾਰੇ ਪਾਂਧੀਆਂ ਤੋਂ ਸਹਿਯੋਗ ਦੀ ਪੂਰਨ ਆਸ ਤੇ ਪੂਰਾ ਵਿਸ਼ਵਾਸ਼ ਹੈ ਕਿ ਆਪ ਸਾਰੇ ਹੀ ਤਨ, ਮਨ, ਧਨ ਨਾਲ ਮਿਸ਼ਨ ਦੇ ਪਰਉਪਕਾਰੀ ਕਾਰਜਾਂ ਵਿਚ ਯੋਗਦਾਨ ਪਾਉਂਦੇ ਰਹੋਗੇ।

## ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਉਪਰੰਤ ਜੁੜੀ ਸੰਗਤ ਨਾਲ ਕੀਤੇ ਪ੍ਰਵਚਨ

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-29)*

ਭਾਈ ਘਨਈਆ ਪਾਣੀ ਪਿਲਾਈ ਜਾਂਦਾ ਹੈ, ਉਹਦੇ ਉਤੇ ਕੋਈ ਵਾਰ ਨਹੀਂ ਕਰਦਾ। ਬਹੁਤ ਭਾਰੀ ਯੁੱਧ ਹੋਇਆ ਮੁਗਲ ਖਾਂ ਰੋਪੜ ਦਾ, ਅੱਜ ਇਰਾਦਾ ਕਰਕੇ ਤੁਰਿਆ ਸੀ ਕਿ ਜਾਂ ਮੈਂ ਆਪ ਮਾਰਿਆ ਜਾਵਾਂਗਾ, ਜਾਂ ਗੁਰੂ ਸਾਹਿਬ ਨੂੰ ਸ਼ਹੀਦ ਕਰ ਦੇਵਾਂਗਾ, ਜਾਂ ਫੜ ਲਿਆਵਾਂਗਾ। ਵਾਪਸ ਨਹੀਂ ਆਵਾਂਗਾ। ਬਹੁਤ ਵੱਡੀ ਫੌਜ ਲੈ ਕੇ ਚੜ੍ਹਦਾ ਹੈ। ਦਿਨ ਭਰ ਯੁੱਧ ਦੇ ਬਾਅਦ ਗੁਰੂ ਮਹਾਰਾਜ ਪੁੱਛਦੇ ਨੇ ਕਿ ਦੱਸੋ ਖਾਲਸਾ ਜੀ, ਅੱਜ ਯੁੱਧ ਕਿਵੇਂ ਰਿਹਾ। ਇਕ ਦਮ ਸ਼ਿਕਾਇਤ ਹੋਈ ਕਿ ਮਹਾਰਾਜ ਆਪਣੀ ਫੌਜ ਦੇ ਅੰਦਰ ਇਕ ਜਾਸੂਸ ਹੈ ਉਹ ਉਨ੍ਹਾਂ ਨੂੰ ਪਾਣੀ ਪਿਲਾਉਂਦਾ ਹੈ ਜਿਨ੍ਹਾਂ ਨੂੰ ਅਸੀਂ ਮਾਰ ਕੇ ਸੁੱਟਦੇ ਹਾਂ। ਮਹਾਰਾਜ ਕਹਿੰਦੇ ਆਪਣੇ ਵਿਚ ਐਸਾ ਕੌਣ ਆ ਗਿਆ? ਕਹਿੰਦੇ, ਘਨਈਆ। ਮਹਾਰਾਜ ਕਹਿੰਦੇ ਜਾਓ, ਸਾਡੇ ਪੇਸ਼ ਕਰੋ ਭਾਈ ਘਨਈਆ ਨੂੰ। ਭਾਈ ਘਨਈਏ ਦੇ ਪਾਸ ਪਹੁੰਚ ਜਾਂਦੇ ਨੇ। ਉਸ ਵੇਲੇ ਇਕ ਧੁਨ ਹੈ ਉਸ ਦੇ ਮੂੰਹੋਂ ਨਿਕਲ ਰਹੀ। 'ਤੂੰਹੀ ਤੂੰਹੀ ਮੋਹਿਨਾ।' ਇਕ ਦ੍ਰਿਸ਼ਟੀ ਕਰਕੇ ਸਾਰਿਆਂ ਨੂੰ ਦੇਖਦਾ ਹੈ। ਰਾਤ ਦਾ ਹਨ੍ਹੇਰਾ ਹੈ। ਜਦੋਂ ਉਥੇ ਗਏ ਤਾਂ ਹੈਰਾਨ ਰਹਿ ਗਏ ਕਿ ਕੁਛ ਸਵਾਲ ਜਵਾਬ ਹੋ ਰਹੇ ਨੇ। ਪਾਣੀ ਪਾਇਆ ਮੂੰਹ ਦੇ ਵਿਚ ਜ਼ਖਮੀ ਦੇ। ਆਵਾਜ਼ ਆਈ ਵੱਡੇ ਕਮਾਂਡਿੰਗ ਲਹਿਜੇ ਵਿਚ। ਕੌਣ ਹੈਂ ਤੂੰ? ਮੈਂ ਤੇਰਾ ਨਾਮ ਪੁੱਛਣਾ ਚਾਹੁੰਦਾ ਹਾਂ। ਤੈਨੂੰ ਬਹੁਤ ਵੱਡਾ ਇਨਾਮ ਦੇਣਾ ਚਾਹੁੰਦਾ ਹਾਂ ਤੇ ਮੈਂ ਮੁਗਲ ਖਾਨ ਹਾਂ ਜਿਹਨੇ ਅੱਜ ਗੁਰੂ ਗੋਬਿੰਦ ਸਿੰਘ ਨੂੰ ਗ੍ਰਿਫਤਾਰ ਕਰਨਾ ਸੀ ਜਾਂ ਸ਼ਹੀਦ ਕਰਨਾ ਸੀ। ਭਾਈ ਘਨਈਆ ਨੇ ਕਿਹਾ ਕਿ ਮੈਂ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਇਕ ਅਦਨਾ ਜਿਹਾ ਸਿੱਖ ਹਾਂ। ਹੈਰਾਨ ਹੋ ਗਿਆ ਕਹਿਣ ਲੱਗਾ, "ਸਿੱਖਾ! ਮੇਰੇ ਦੱਸਣ ਦੇ ਬਾਵਜੂਦ ਤੇਰੇ ਮਨ ਵਿਚ ਮੇਰੇ ਵਾਸਤੇ ਗਿਲਾਨੀ ਪੈਦਾ ਨਹੀਂ ਹੋਈ?

ਕਹਿੰਦਾ ਨਹੀਂ।

ਕਹਿਣ ਲੱਗੇ, "ਕਿਉਂ ਨਹੀਂ ਪੈਦਾ ਹੋਈ?

ਭਾਈ ਘਨਈਆ ਨੇ ਕਿਹਾ ਕਿ ਮੇਰੇ ਗੁਰੂ ਦਾ ਕੋਈ ਦੁਸ਼ਮਣ ਨਹੀਂ ਹੈ -

***ਸਭੇ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥*** *ਅੰਗ - 97*

ਜੋ ਸਾਨੂੰ ਤਾਲੀਮ ਮਿਲੀ ਹੈ -

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥*** *ਅੰਗ - 1299*

ਸਾਡਾ ਗੁਰੂ ਕਿਸੇ ਨਾਲ ਵੈਰ ਨਹੀਂ ਕਰਦਾ।

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥*** *ਅੰਗ - 259*

ਕਹਿਣ ਲੱਗਿਆ ਫੇਰ ਤਾਂ ਫਰਿਸ਼ਤਾ ਹੋਇਆ। ਤੂੰ ਵੀ ਫਰਿਸ਼ਤਾ ਲਗਦਾ ਹੈਂ, ਐਨਾ ਜਾਨਣ ਦੇ ਬਾਦ ਵੀ ਮੈਨੂੰ ਪਾਣੀ ਪਿਲਾ ਰਿਹਾ ਹੈਂ? ਨਹੀਂ ਤਾਂ ਮੇਰਾ ਗਲ ਕੱਟ ਦਿੰਦਾ। ਉਸ ਵੇਲੇ ਉਸ ਗੱਲਬਾਤ ਦੇ ਵਿਚ ਭਾਈ ਘਨਈਏ ਨੂੰ ਮਹਾਰਾਜ ਜੀ ਦੇ ਪਾਸ ਲੈ ਗਏ। ਮਹਾਰਾਜ ਕਹਿੰਦੇ, "ਘਨਈਆ! ਸ਼ਿਕਾਇਤ ਹੁੰਦੀ ਹੈ ਤੇਰੀ ਕਿ ਤੂੰ ਪਾਣੀ ਪਿਲਾਉਂਦਾ ਸੀ ਦੁਸ਼ਮਣ ਨੂੰ? ਕਿਸਨੂੰ ਪਾਣੀ ਪਿਲਾਉਂਦਾ ਸੀ ਤੂੰ?"

ਮੁਗਲਾਂ ਨੂੰ ਪਾਣੀ ਪਿਲਾਇਐ?"

ਕਹਿੰਦਾ, ਨਹੀਂ ਮਹਾਰਾਜ।

ਤੁਰਕਾਂ ਨੂੰ ਪਿਲਾਇਐ?

ਕਹਿੰਦਾ, ਨਹੀਂ ਮਹਾਰਾਜ।

ਫੇਰ ਪਹਾੜੀਆਂ ਨੂੰ ਪਿਲਾਇਐ?

ਕਹਿੰਦਾ, ਨਹੀਂ ਮਹਾਰਾਜ।

ਫੇਰ ਖਾਲਸੇ ਨੂੰ ਪਾਣੀ ਪਿਲਾਉਂਦਾ ਰਿਹਾ? ਸਾਰੇ ਬੋਲ ਪਏ ਕਿ ਮਹਾਰਾਜ ਜਦੋਂ ਅਸੀਂ ਇਹਨੂੰ ਫੜਿਆ ਹੈ ਇਹਨੇ ਮੁਗਲ ਖਾਨ ਦਾ ਸਿਰ ਆਪਣੇ ਪਟ ਦੇ ਰੱਖਿਆ ਹੋਇਆ ਸੀ, ਦੰਦਨ ਖੋਲ੍ਹੀ ਤੇ ਉਹਦੇ ਨਾਲ ਆਹ ਗੱਲਾਂ ਕਰ ਰਿਹਾ ਸੀ।

ਮਹਾਰਾਜ ਕਹਿੰਦੇ, ਫੇਰ ਤੂੰ ਪਾਣੀ ਕਿਹਨੂੰ ਪਿਲਾਇਐ?

ਖਾਲਸੇ ਨੂੰ ਤੂੰ ਨਹੀਂ ਪਿਲਾਇਆ, ਪਹਾੜੀਆਂ ਨੂੰ, ਹਿੰਦੂਆਂ ਨੂੰ, ਮੁਸਲਮਾਨ ਨੂੰ ਤੂੰ ਨਹੀਂ ਪਿਲਾਇਆ।

ਭਾਈ ਘਨਈਆ ਨੇ ਕਿਹਾ, ਹੇ ਪਾਤਸ਼ਾਹ! ਜਦੋਂ ਤੱਕ ਮੈਂ ਅੰਨ੍ਹਾ ਸੀ, ਉਦੋਂ ਤੁਰਕ ਵੀ ਨਜ਼ਰ ਆਉਂਦੇ ਸੀ, ਪਰ

ਜਦੋਂ ਤੋਂ ਤੂੰ ਮੇਰੀਆਂ ਅੱਖਾਂ ਦੇ ਵਿਚ ਸੁਰਮਾ ਪਾ ਦਿੱਤਾ।-

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਅੰਗ - 293*

ਮੇਰੇ ਅੰਦਰ ਤੂੰ ਚਾਨਣਾ ਕਰ ਦਿੱਤਾ। ਮੈਨੂੰ ਹੁਣ ਤੁਰਕ ਤੇ ਅਤੁਰਕ ਦੀ ਸੋਝੀ ਨਹੀਂ ਹੈ। ਮੈਂ ਤੇਰੇ ਪਿਆਰ ਦੇ ਵਿਚ ਰੰਗ-ਰਤਿਆ ਹੋਇਆ ਤੈਨੂੰ ਪਾਣੀ ਪਿਲਾਉਂਦਾ ਹਾਂ। ਮੈਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ। ਮਹਾਰਾਜ ਹੱਸੇ ਅਤੇ ਕਹਿੰਦੇ ਡੱਬੀ ਵੀ ਲਿਆ ਦਿਓ, ਤੇ ਮਲ੍ਹਮ ਵੀ ਲਿਆ ਦਿਓ। ਉਠ ਕੇ ਬੁੱਕਲ 'ਚ ਲੈ ਲਿਆ। ਕਹਿੰਦੇ ਘਨਈਆ! ਨਿਹਾਲ-ਨਿਹਾਲ-ਨਿਹਾਲ। ਤੂੰ ਗੁਰੂ ਨਾਨਕ ਦੀ ਸਿੱਖੀ ਦੇ ਸਿਧਾਂਤ ਤੱਕ ਪਹੁੰਚ ਕਰ ਲਈ। ਸਾਡਾ ਕਿਸੇ ਨਾਲ ਵੈਰ ਨਹੀਂ ਹੈ। ਸਤਿਗੁਰੂ ਤਾਂ ਸਭ ਦਾ ਭਲਾ ਮਨਾਉਂਦਾ ਹੈ, ਕਿਸੇ ਦਾ ਬੁਰਾ ਮਨਾਉਂਦਾ ਹੀ ਨਹੀਂ ਹੈ। ਕਿਉਂਕਿ ਨਿਰਵੈਰ ਹੈ-

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਭਾਈ ਗੁਰਦਾਸ ਜੀ ਦੀ ਵਾਰ 34/1*

ਮਹਾਰਾਜ ਨੇ ਕਿਹਾ ਕਿ ਹੁਣ ਤੂੰ ਇਕੱਲਾ ਪਾਣੀ ਨਾਲ ਪਿਲਾਈਂ। ਮੇਰੇ ਜ਼ਖਮਾਂ ਦੇ ਉਤੇ ਮਲ੍ਹਮ ਵੀ ਲਾਈਂ। ਪੱਟੀ ਵੀ ਬੰਨ੍ਹੀਂ।

ਇਹ ਦ੍ਰਿਸ਼ਟੀਕੋਣ ਸਾਨੂੰ ਗੁਰੂ ਨਾਨਕ ਨੇ ਦਿਤਾ ਤੇ ਉਹਦੇ ਨਾਲ ਜੋ ਸਿਧਾਂਤ ਗੁਰੂ ਨਾਨਕ ਨੇ ਲਿਆਂਦਾ ਉਹ ਇਹ ਲਿਆਂਦਾ ਕਿ ਇਥੇ ਮਾਇਆ ਦਾ ਪਸਾਰਾ ਵਾਹਿਗੁਰੂ ਨੇ ਆਪ ਕਰਿਆ। ਮਾਇਆ ਦੂਜੀ ਚੀਜ਼ ਨਹੀਂ ਹੈ। ਕਿਉਂਕਿ ਜਦੋਂ ਅਸੀਂ ਬਾਕੀ ਤੁਲਨਾਤਮਕ ਅਧਿਐਨ ਕਰਦੇ ਹਾਂ ਉਸ ਵੇਲੇ ਸਾਨੂੰ ਪਤਾ ਲਗਦਾ ਹੈ ਕਿ ਇਕ-ਇਕ ਤੁਕ ਦੇ ਅੰਦਰ ਕਿੱਡਾ ਵੱਡਾ ਭੇਤ ਹੈ।

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਅੰਗ - 537*

ਅਸੀਂ ਕਹਿੰਦੇ ਹਾਂ ਕਿ ਇਹ ਗੱਲ ਮਹਾਰਾਜ ਨੇ ਕਿਉਂ ਲਿਖ ਦਿਤੀ? ਉਹ ਇਸ ਵਾਸਤੇ ਲਿਖੀ ਕਿ ਸਾਰੇ ਹੀ ਸਾਸ਼ਤਰ ਜੋ ਸਾਡੀ ਆਰੀਅਨ ਦੀ ਫਿਲੌਸਫੀ ਸੀ। ਦੂਜਿਆਂ ਦੀ ਫਿਲੌਸਫੀ ਸੀ ਉਹਦੇ ਵਿਚ ਇਹ ਸੀ ਕਿ ਦੋ ਤੱਤ ਇਥੇ ਹੋਂਦ ਰਖਦੇ ਹਨ। ਇਕ ਚੇਤਨ ਤੱਤ ਸੀ, ਇਕ ਜੜ੍ਹ ਤੱਤ। ਜੜ੍ਹ ਤੱਤ 'ਚ ਦ੍ਵੈਤ ਆ ਗਈ। ਮਹਾਰਾਜ ਕਹਿੰਦੇ ਕੋਈ ਜੜ੍ਹ ਤੱਤ ਨਹੀਂ ਸੀ। ਇਥੇ ਆਪ ਹੀ ਪਾਰਬ੍ਰਹਮ ਪ੍ਰਮੇਸ਼ਰ ਆਪਣੇ ਰੰਗ ਵਿਚ ਸੀ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*(ਜਾਪੁ ਸਾਹਿਬ)*

ਖੇਲ੍ਹ ਖੇਡਿਆ, ਖੇਲ੍ਹ ਦੇ ਵਿਚ ਮਰਿਆਦਾ ਹੈ, ਹੁਕਮ ਦੀ ਕਾਰ ਚਲਦੀ ਹੈ, ਉਹਦੇ ਵਿਚ ਕੋਈ ਜੀਵ ਬਣਿਆ ਹੋਇਆ ਹੈ, ਕੋਈ ਗਿਆਨੀ ਹੈ, ਕੋਈ ਅਗਿਆਨੀ ਹੈ, ਕੋਈ ਭੁੱਲਿਆ ਹੋਇਆ ਹੈ ਕੋਈ ਜਾਣਕਾਰ ਹੈ। ਲੇਕਿਨ ਜਿਹਦੀ ਅੱਖ ਖੁਲ੍ਹ ਗਈ।

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥* *ਅੰਗ - 610*

ਸੋ ਗੁਰੂ ਮਹਾਰਾਜ ਨੇ ਜਿਸ ਵਕਤ 'ਆਦਿ ਸਚੁ ਜੁਗਾਦਿ ਸਚੁ' ਕਿਹਾ ਹੈ ਉਹ ਇਹ ਨਹੀਂ ਹੈ ਕਿ ਸਾਡੇ ਤੋਂ ਇਲਾਵਾ ਕੋਈ ਹੋਰ ਸੱਚ ਹੈ। ਜਿਹੜੀ ਰਚਨਾ ਹੈ ਉਹ ਵੀ ਸੱਚ ਹੈ -

*ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥* *ਅੰਗ - 463*

ਇਹਨੂੰ ਅਸੀਂ ਵੱਖਰਾ ਨਹੀਂ ਕਰ ਸਕਦੇ। ਸਾਡੇ ਅੰਦਰ ਇਕ ਤੱਤ ਪੈਦਾ ਹੋ ਗਿਆ ਜਿਸ ਤੋਂ ਸੰਸਾਰ ਦੀ ਉਤਪਨਾ ਹੋਈ। ਮਹਾਰਾਜ ਜੀ ਕਹਿੰਦੇ ਮਾਇਆ ਦੀ ਕੋਈ ਹੋਂਦ ਨਹੀਂ ਹੈ। ਪ੍ਰਕ੍ਰਿਤੀ ਕੋਈ ਵੱਖਰੀ ਚੀਜ਼ ਨਹੀਂ ਹੈ। ਇਹ ਉਹਦੇ ਹੁਕਮ ਵਿਚ ਹੀ ਹੋਇਆ ਹੈ =

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਅੰਗ - 537*

ਮਾਇਆ ਦਾ ਖੇਲ੍ਹ ਕਰ ਦਿਤਾ, ਅਵਿਦਿਆ ਦਾ, ਅਗਿਆਨ ਦਾ। ਖੇਲ੍ਹ ਹੁੰਦਾ ਨਹੀਂ ਜਿੰਨਾ ਚਿਰ ਅਗਿਆਨ ਨਾ ਹੋਵੇ।ਸੋ ਉਹਦੇ ਨਾਲ ਸਾਰਾ ਕੁਛ ਜਿੰਨਾ ਵੀ ਹੈ। ਉਹ ਆਦਿ ਵੀ ਆਪ ਹੈ, ਜੁਗਾਦਿ ਵਿਚ ਵੀ ਉਸ ਤੋਂ ਬਗੈਰ ਕੋਈ ਨਹੀਂ ਹੈ, ਹੁਣ ਵੀ ਉਸ ਤੋਂ ਬਗੈਰ ਕੋਈ ਨਹੀਂ ਹੈ, ਉਹ ਆਪ ਹੀ ਅਨੇਕਾਂ ਰੰਗਾਂ ਵਿਚ ਖੇਲ੍ਹਦਾ ਹੈ।

*ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥* *ਅੰਗ - 23*

ਹਰ ਥਾਂ ਦੇ ਉਤੇ ਆਪ ਹੀ ਆਪਣੇ ਕੌਤਕ ਕਿਤੇ ਅਗਿਆਨੀ ਹੈ -

*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥*
*ਤ੍ਵਪ੍ਰਸਾਦਿ ਸ੍ਵਯੈ*

ਦੱਸ ਕਬਿੱਤ ਨੇ ਇਹ ਅਕਾਲ ਉਸਤਤਿ 'ਚ, ਜਿਹਦੇ

ਅਖੀਰ ਦੇ ਉਤੇ ਮਹਾਰਾਜ ਕਹਿੰਦੇ ਨੇ –

***ਕਹੂੰ ਬਰ ਦੇਤ, ਕਹੂੰ ਛਲ ਸੇ ਛਿਨਾਇ ਲੇਤ,***
***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥***

***ਤ੍ਵਪ੍ਰਸਾਦਿ ਸ੍ਵਯੇ***

ਸਾਡੇ ਅੰਦਰ ਦ੍ਵੈਤ ਪੈਦਾ ਨਹੀਂ ਹੋਈ ਕੋਈ। ਇਹ ਤੂੰ ਆਪ ਹੀ ਹੈਂ। ਜੋ ਕੁਛ ਦਿਸਦਾ ਹੈ ਤੂੰ ਆਪ ਹੀ ਹੈਂ। ਇਥੇ ਦੂਸਰਾ ਕੋਈ ਹੈ ਨਹੀਂ। ਸਾਰੀ ਗੁਰਬਾਣੀ ਦਾ ਸਿਧਾਂਤ ਜੋ ਗੁਰੂ ਨਾਨਕ ਸਾਹਿਬ ਪਹਿਲੀਆਂ ਦੋ ਲਾਈਨਾਂ 'ਚ ਲਿਖ ਦਿਤਾ। 'ਆਦਿ ਸਚੁ ਜੁਗਾਦਿ ਸਚੁ' ਅਸੀਂ ਇਥੇ ਪਹੁੰਚਣਾ ਹੈ। ਇਹਦੇ ਪਹੁੰਚਣ ਵਾਸਤੇ ਹੁਣ ਪੁੱਛਿਆ ਗਿਆ ਮਹਾਰਾਜ ਕਹਿੰਦੇ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਅੰਗ - 1***

ਇਹ ਸੋਚ ਦਾ ਵਿਸ਼ਾ ਨਹੀਂ। ਸੋਚ ਪ੍ਰਕਿਰਤੀ ਦੀ ਆਖਰੀ ਲਾਈਨ ਤੱਕ ਜਾਂਦੀ ਹੈ। ਉਸ ਤੋਂ ਅੱਗੇ ਨਹੀਂ ਜਾ ਸਕਦੀ ਕਿਉਂਕਿ ਪ੍ਰਕ੍ਰਿਤਕ ਦਿਮਾਗ ਹੈ ਸਾਡਾ। ਇਹ ਸੋਚ ਵਾਲਾ ਦੂਰ ਨਹੀਂ ਜਾ ਸਕਦਾ, ਸੀਮਾ ਵਾਲਾ ਹੈ ਇਹ ਨਾ ਚੁੱਪ ਹੋ ਸਕਦਾ ਹੈ। ਇਹਦਾ ਫੁਰਨਾ ਮਰ ਨਹੀਂ ਸਕਦਾ, ਅਨੇਕਾਂ ਜੂਨਾਂ 'ਚ ਭ੍ਰਮਣ ਤੋਂ ਬਾਅਦ ਵੀ ਫੁਰਨਾ ਕਾਇਮ ਰਹਿੰਦਾ ਹੈ। ਇਹਦੀ ਭੁੱਖ ਨਹੀਂ ਉਤਰ ਸਕਦੀ ਕਿਸੇ ਤਰੀਕੇ ਨਾਲ ਵੀ। ਹਜ਼ਾਰਾਂ ਤਰਕਾਂ-ਵਿਤਰਕਾਂ, ਦਲੀਲਾਂ ਨਾਲ ਨਹੀਂ ਅਨੁਭਵ ਹੋ ਸਕਦਾ।

ਸਵਾਲ ਕੀਤਾ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***

***ਅੰਗ - 1***

ਫੇਰ ਸਚਿਆਰ ਕਿਵੇਂ ਹੋਇਆ ਜਾਵੇ। ਜਿਹੜੀ ਸਾਡੇ ਵਿਚ ਦੂਜਾਇਗੀ ਪੈ ਗਈ ਇਹ ਦੂਰ ਕਿਵੇਂ ਹੋਵੇ ਕਿਉਂਕਿ ਅਸੀਂ ਆਪਣੇ ਆਪ ਨੂੰ ਜੀਵ ਮੰਨ ਲਿਆ। ਅਸੀਂ ਆਪਣੇ ਆਪ ਨੂੰ ਸਰੀਰ ਮੰਨਦੇ ਹਾਂ। ਸਾਢੇ ਤਿੰਨ ਹੱਥ ਦਾ। ਇਹ ਤਾਂ ਨਾਸ਼ ਹੋ ਜਾਂਦੀ ਹੈ। ਅਸੀਂ ਤਾਂ ਨਾਸ਼ ਨਹੀਂ ਹੁੰਦੇ –

***ਮਰਣਹਾਰੁ ਇਹੁ ਜੀਅਰਾ ਨਾਹੀ॥ ਅੰਗ - 188***

ਸੋਚਣਾ ਪਵੇਗਾ ਕਿ ਫੇਰ ਅਸੀਂ ਹੋਏ ਕੀ? ਜਿਹਨੂੰ ਸਮਝ ਆ ਗਈ ਮਹਾਰਾਜ ਕਹਿੰਦੇ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***

***ਅੰਗ - 999***

ਤੂੰ ਦਾਰਸ਼ਨਿਕ ਬਣਿਆ ਫਿਰਦਾ ਹੈਂ, ਪੀ-ਐਚ.ਡੀ ਕਰੀ ਹੈ, ਡੀ.ਲਿਟ; ਹੈਂ, ਤੈਨੂੰ ਪਤਾ ਹੈ ਤੂੰ ਕੌਣ ਹੈਂ? ਤੇਰਾ ਸਫਰ ਕਿੱਡਾ ਕੁ ਲੰਮਾ ਹੈ। ਕਦੋਂ ਤੋਂ ਤੂੰ ਚੱਲਿਆ ਹੈਂ, ਕਿੰਨਾ ਚਿਰ ਤੂੰ ਚਲਦੇ ਰਹਿਣਾ ਹੈ। ਅਸੀਂ ਇਥੇ ਆ ਕੇ ਐਨੇ ਭੁੱਲ ਗਏ, ਐਨੇ ਬਿਸਮਰਤ ਹੋ ਗਏ, ਬੇਹੋਸ਼ੀ ਵਿਚ ਆ ਗਏ, ਐਨੀ ਹਉਮੈ ਦੀ ਸੁਰਤ ਨੇ ਸਾਨੂੰ ਕਾਬੂ ਕਰ ਲਿਆ ਕਿ ਸਾਨੂੰ ਆਹ ਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ? ਪੁੱਛ ਲਓ ਕਿਸੇ ਤੋਂ?

ਸਵਾਮੀ ਰਾਮ ਜੀ ਕੈਲੇਫੋਰਨੀਆਂ ਯੂਨੀਵਰਸਿਟੀ 'ਚ ਲੈਕਚਰ ਕਰ ਰਹੇ ਸੀ। ਉਥੇ ਇਕ ਅਮਰੀਕਨ ਕਹਿਣ ਲੱਗਿਆ ਕਿ ਸਵਾਮੀ ਜੀ, ਮੈਨੂੰ ਤੁਹਾਡਾ ਲੈਕਚਰ ਬਹੁਤ ਪਸੰਦ ਆਇਆ। ਮੇਰੇ ਘਰ ਚਰਨ ਪਾਓ। ਕਹਿੰਦੇ ਐਡਰੇਸ ਲਿਖਾ ਦਿਓ। ਸਵਾਮੀ ਜੀ ਗਏ ਨਾ। ਦੂਸਰੇ ਦਿਨ ਉਸ ਨੇ ਕਿਹਾ ਕਿ ਸਵਾਮੀ ਜੀ ਮੈਂ ਇੰਤਜ਼ਾਰ ਕਰਦਾ ਰਿਹਾ। ਕਹਿੰਦੇ ਤੇਰਾ ਐਡਰੇਸ ਗਲਤ ਹੈ। ਕਹਿੰਦਾ ਮੇਰਾ ਐਡਰੇਸ ਤਾਂ ਗਲਤ ਨਹੀਂ ਹੈ, ਹੋਰ ਉਸ ਨੇ ਚੰਗੀ ਤਰ੍ਹਾਂ ਸਪਸ਼ਟ ਕਰ ਦਿਤਾ। ਸਵਾਮੀ ਜੀ ਫੇਰ ਨਾ ਗਏ। ਤੀਸਰੇ ਦਿਨ ਕਹਿਣ ਲੱਗਿਆ ਸਵਾਮੀ ਜੀ! ਸਾਡੇ ਅਮਰੀਕਨਾਂ ਕੋਲ ਸਮੇਂ ਦੀ ਬੜੀ ਘਾਟ ਹੈ, ਤੁਸੀਂ ਦੋ ਦਿਨ ਨਹੀਂ ਆਏ। ਕਹਿੰਦੇ ਤੇਰਾ ਪਤਾ ਬਿਲਕੁਲ ਗਲਤ ਹੈ। ਉਹ ਕਹਿੰਦਾ ਮੇਰਾ ਪਤਾ ਤਾਂ ਠੀਕ ਹੈ। ਕਹਿੰਦੇ ਚਲੋ, ਆਪਾਂ ਰੁਕ ਕੇ ਵਿਚਾਰ ਕਰ ਲੈਂਦੇ ਹਾਂ।

ਤੇਰੀਆਂ ਦੋਵੇਂ ਬਾਹਵਾਂ ਵੱਢ ਕੇ ਉਥੇ ਰੱਖ ਦੇਈਏ ਤੂੰ ਕੀ ਕਹੇਂਗਾ?

ਉਸ ਨੇ ਕਿਹਾ ਕਿ ਉਹ ਮੇਰੀਆਂ ਬਾਹਵਾਂ ਪਈਆਂ ਨੇ।

"ਤੇਰੀਆਂ ਦੋਵੇਂ ਲੱਤਾਂ ਕੱਟ ਕੇ ਉਥੇ ਰੱਖ ਦੇਈਏ ਤਾਂ ਤੂੰ ਕੀ ਕਹੇਗਾ?"

ਕਹਿਣ ਲੱਗਿਆ ਕਿ ਉਹ ਮੇਰੀਆਂ ਲੱਤਾਂ ਪਈਆਂ ਨੇ।

ਜੇ ਤੇਰਾ ਧੜ ਵੀ ਕੱਟ ਦੇਈਏ, ਤੇਰੇ ਵਿਚ ਬੋਲਣ ਦੀ ਸ਼ਕਤੀ ਹੋਵੇ ਤਾਂ ਤੂੰ ਕੀ ਕਹੇਂਗਾ?

ਕਹਿੰਦਾ ਮੈਂ ਕਹਾਂਗਾ ਆਹ ਮੇਰਾ ਸਿਰ ਹੈ, ਆਹ ਧੜ ਹੈ।

ਸਵਾਮੀ ਜੀ ਨੇ ਕਿਹਾ ਹੁਣ ਚਾਰ ਹਿੱਸੇ 'ਚ ਤੂੰ ਹੋ ਗਿਆ, ਇਕ ਪਾਸੇ ਤੇਰੀਆਂ ਬਾਹਵਾਂ ਨੇ, ਇਕ ਪਾਸੇ ਲੱਤਾਂ ਨੇ, ਇਕ ਪਾਸੇ ਸਿਰ ਹੈ, ਇਕ ਪਾਸੇ ਧੜ ਹੈ। ਹੁਣ ਦੱਸ ਹੁਣ ਤੂੰ ਕੌਣ ਹੈਂ ਮੈਂ ਕਹਿਣ ਵਾਲਾ? ਫੇਰ ਤੂੰ ਤਾਂ ਇਹ ਹੋਇਆ ਨਾ, ਇਹ ਤਾਂ ਤੇਰਾ ਸਰੀਰ ਹੈ।

"ਤੂੰ ਕੌਣ ਹੈਂ?"

"ਬੇਚੈਨ ਹੋ ਗਿਆ।"

ਕਹਿਣ ਲੱਗਿਆ, ਮੈਂ ਤਾਂ ਕਦੇ ਸੋਚੀ ਹੀ ਨਹੀਂ ਇਹ

ਗੱਲ। ਕਹਿੰਦੇ ਇਹ ਦੱਸ ਕਿ ਇਹ ਸਚਾਈ ਹੈ ਜਿਹੜੀ ਗੱਲ ਮੈਂ ਕਹਿ ਰਿਹਾ ਹਾਂ। ਤੂੰ ਜਾਣਾ ਹੈ ਬਹਿਸ਼ਤ ਨੂੰ, ਤੁਹਾਡੇ ਧਰਮ ਦੇ ਅੰਦਰ ਹੈ ਕਿ ਈਸਾ ਜੀ ਨੇ ਸਾਰਿਆਂ ਦੇ ਗੁਨਾਹ ਲੈ ਲਏ, ਸਭ ਨੇ ਮੇਰੇ ਕੋਲ ਪਹੁੰਚਣਾ ਹੈ। ਉਹ ਦੱਸ ਕੌਣ ਹੈ, ਜਿਹੜਾ ਜਾਏਗਾ। ਤੇਰਾ ਸਰੀਰ ਤਾਂ ਇਥੇ ਗਲਸੜ ਜਾਣਾ ਹੈ। ਜਿਹਨੂੰ ਤੂੰ ਮੈਂ ਕਹਿੰਦਾ ਹੈਂ।

ਅਸੀਂ ਐਨੇ ਥੱਲੇ ਆ ਗਏ ਕਿ ਅਸੀਂ ਆਪਣੀ ਸੋਝੀ ਭੁੱਲ ਕੇ ਆਪਣੇ ਆਪ ਨੂੰ ਸਰੀਰ ਕਹਿਣ ਲੱਗ ਗਏ। ਸਰੀਰ ਦੇ ਜਿਹੜੇ ਧਰਮ ਨੇ ਅਸੀਂ ਉਹਦੇ ਵਿਚ ਫਸ ਗਏ। ਕੋਈ ਕਹਿੰਦਾ ਹੈ ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਈਸਾਈ ਹਾਂ। ਕਿਹੜੀ ਚੀਜ਼ ਹੈ ਜਿਹੜੀ ਈਸਾਈ, ਸਿੱਖ, ਹਿੰਦੂ ਹੈ? ਅਸੀਂ ਨਸ਼ੇ ਵਿਚ ਐਨੇ ਗ਼ਲਤਾਨ ਹੋ ਗਏ ਕਿ ਸਾਨੂੰ ਪਤਾ ਨਹੀਂ ਹੈ। ਹੁਣ ਭੁੱਲ ਕੇ ਅਸਲੀਅਤ ਸਾਡੇ ਕੋਲੋਂ ਗਵਾਚ ਗਈ। ਮਹਾਰਾਜ ਅਸਲੀਅਤ ਦੱਸਣ ਵਾਲੇ ਸੀ। ਉਹ ਕਹਿੰਦੇ –

ਕਿਵ ਸਚਿਆਰਾ ਹੋਵਈ?

ਪਹਿਲਾਂ ਤਾਂ ਸਾਨੂੰ ਇਹ ਪਤਾ ਲੱਗੇ ਕਿ ਜਿਹੜੇ ਅਸੀਂ ਇਹ ਕਹਿੰਦੇ ਹਾਂ ਕਿ ਮੈਂ ਜੀਵ ਹਾਂ? ਉਹ ਬੜੇ ਸਤਿਕਾਰ ਕਰਨਯੋਗ ਨੇ ਕਿਉਂਕਿ ਉਨ੍ਹਾਂ ਨੇ ਇਕ ਸਚਾਈ ਤਾਂ ਪਛਾਣ ਲਈ ਨਾ ਕਿ ਮੈਂ ਜੀਵ। ਜਿਹੜੇ ਕਹਿੰਦੇ ਨੇ ਕਿ ਮੈਂ ਸਰੀਰ ਹਾਂ ਉਹ ਤਾਂ ਬਿਲਕੁਲ ਹੀ ਅੰਧਕਾਰ ਦੇ ਵਿਚ ਚਲੇ ਗਏ। ਸਰੀਰ ਤਾਂ ਖਤਮ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਨੇ ਕਿ ਤੂੰ ਮਰਦਾ ਨਹੀਂ ਹੈਂ। ਤੂੰ ਮਰਦਾ ਨਹੀਂ ਹੈਂ ਤੂੰ ਸਫਰ ਕਰ ਰਿਹਾ ਹੈਂ ਲੰਮਾ। ਮਹਾਰਾਜ ਕਹਿੰਦੇ–

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥*** ***ਅੰਗ - 176***

ਤੂੰ ਤਾਂ 83 ਲੱਖ 99 ਹਜ਼ਾਰ 999 ਜੂਨਾਂ 'ਚ ਚੱਕਰ ਕੱਟ ਕੇ ਮਨੁੱਖ ਦੇ ਜਾਮੇ 'ਚ ਆਇਆ ਹੈਂ ਪਿਆਰਿਆ, ਇਹ ਅਤਿ ਕੀਮਤੀ ਚੀਜ਼ ਤੈਨੂੰ ਪ੍ਰਾਪਤ ਹੋਈ ਹੈ, ਜੇ ਤੇਰੇ ਹੱਥੋਂ ਨਿਕਲ ਗਈ –

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ॥*** ***ਅੰਗ - 1075***

ਲੰਘ ਜਾਣੀ ਹੈ। ਗੁਰੂ ਦਾ ਬਚਨ ਸੁਣੋ ਕਿ ਕਿਸ ਤਰ੍ਹਾਂ ਸਚਿਆਰਾ ਹੋ ਸਕਦਾ ਹੈ। ਕਿਵੇਂ ਅਸੀਂ ਅਨੁਭਵ ਤੱਕ ਪਹੁੰਚ ਸਕਦੇ ਹਾਂ। ਸਵਾਲ ਕਿਹਨੇ ਕਰਿਆ। ਇਹ ਜੋ ਕਥਾਵਾਂ ਪੁਰਾਣੀਆਂ ਨੇ ਮੈਂ ਇਥੋਂ ਇਕ ਟੀਕਾ ਲੈ ਗਿਆ ਸੀ ਭਾਈ ਮਨੀ ਸਿੰਘ ਦੇ ਵੇਲੇ ਦਾ ਲਿਖਿਆ ਹੋਇਆ, ਉਹ ਮੈਂ ਛਪਾ ਦਿੱਤਾ। ਉਹਦੇ ਵਿਚ ਸਚਾਈ ਹੈ ਬਿਲਕੁਲ ਗੁਰੂ ਦਸਵੇਂ ਪਾਤਸ਼ਾਹ ਵੇਲੇ ਜੋ ਕਥਾਕਾਰ ਕਥਾ ਕਰਦੇ ਹੁੰਦੇ ਸੀ, ਉਸ ਵੇਲੇ ਦੀ ਲਿਖੀ ਹੋਈ ਹੈ। ਸੰਮਤ ਵੀ ਲਿਖਿਆ ਹੋਇਆ ਹੈ।

ਸੋ ਸਵਾਲ ਹੁੰਦਾ ਹੈ ਕਿ ਹੇ ਗੁਰੂ ਨਾਨਕ ਪਾਤਸ਼ਾਹ! ਤੁਸੀਂ ਸਾਰੇ ਰੱਦ ਕਰ ਦਿਤੇ ਕਿ ਇਨ੍ਹਾਂ ਸਾਧਨਾਂ ਨਾਲ ਉਹ ਨਹੀਂ ਮਿਲਦਾ, ਸਮਾਧੀਆਂ ਨਾਲ ਉਹ ਨਹੀਂ ਮਿਲਦਾ, ਮੰਤਕਾਂ ਨਾਲ ਉਹ ਨਹੀਂ ਮਿਲਦਾ। ਫੇਰ ਮਿਲੇ ਕਿਵੇਂ? ਮਹਾਰਾਜ ਕਹਿੰਦੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਅੰਗ - 1***

ਜਦੋਂ ਤੱਕ ਹੁਕਮ ਦੇ ਵਿਚ ਨਹੀਂ ਆਉਂਦਾ। ਹੁਕਮ ਨੂੰ ਬੁਝਦਾ ਨਹੀਂ ਹੈ। ਓਨਾਂ ਚਿਰ ਹਉਮੈ ਦਾ ਨਾਸ਼ ਨਹੀਂ ਹੁੰਦਾ।

***ਹਉਮੈ ਬੂਝੈ ਤਾ ਦਰੁ ਸੂਝੈ॥*** ***ਅੰਗ - 466***

ਪਹਿਲਾਂ ਹਉਮੈ ਬੁਝਣ ਦੀ ਲੋੜ ਹੈ। ਵਾਹਿਗੁਰੂ ਦੇ ਹੁਕਮ ਵਿਚ ਖੇਲ੍ਹ ਚਲ ਰਹੀ ਹੈ, ਕਿਸੇ ਦੀ ਸਲਾਹ ਨਹੀਂ ਲੈ ਰਿਹਾ। ਦੋਵੇਂ ਪਾਸੇ ਉਹ ਆਪ ਹੀ ਹੋਇਆ ਹੋਇਆ ਹੈ। ਇਸ ਤਰ੍ਹਾਂ ਮਹਾਰਾਜ ਕਹਿੰਦੇ ਜਦ ਤਕ ਤੂੰ ਹੁਕਮ ਤੇ ਰਜ਼ਾ ਨੂੰ ਨਹੀਂ ਸਮਝਦਾ ਪਿਆਰਿਆ, ਓਨਾਂ ਚਿਰ ਤੱਕ ਤੂੰ ਆਪਣੇ ਆਪ ਨੂੰ ਅਨੁਭਵ ਨਹੀਂ ਕਰ ਸਕਦਾ। ਕੂੜ ਦੀ ਕੰਧ ਨਹੀਂ ਟੁੱਟਣੀ।

ਮੈਂ ਗੱਲ ਕਰ ਰਿਹਾ ਸੀ ਪ੍ਰਿੰਸੀਪਲ ਦੀ। ਮੈਂ ਕਿਹਾ ਤੁਸੀਂ ਤਾਂ ਹੁਕਮ ਦੀਆਂ ਧੱਜੀਆਂ ਉਡਾ ਦਿੱਤੀਆਂ। ਗੁਰੂ ਨਾਨਕ ਨੇ ਜੇ ਰੱਬ ਨੂੰ ਉਲਾਂਭਾ ਦਿੱਤਾ। ਪਹਿਲੀ ਤਾਂ ਗੱਲ ਤੁਸੀਂ ਸਾਡੇ ਨਿਸ਼ਚੇ ਤੇ ਸੱਟ ਮਾਰੀ, ਅਸੀਂ ਗੁਰੂ ਨਾਨਕ ਤੇ ਰੱਬ ਨੂੰ ਦੋ ਨਹੀਂ ਜਾਣਦੇ। ਸਾਡੀ ਗੁਰੂ ਦੇ ਵਿਚ ਗਵਾਹੀ ਹੈ ਕਿ ਆਪ ਹੀ ਪਾਰਬ੍ਰਹਮ ਜਿਹੜਾ ਹੈ ਅਨਕ ਕਲਾ, ਸ਼ਕਤੀਆਂ ਲੈ ਕੇ ਜਗ ਦੇ ਵਿਚ ਆਇਆ। ਦੂਜਾ ਗੁਰਬਾਣੀ 'ਚ ਗਵਾਹੀ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਅੰਗ - 442***

ਜਿਹੜਾ ਗੁਰੂ ਤੇ ਗੋਬਿੰਦ ਨੂੰ ਦੋ ਸਮਝਦਾ ਹੈ ਉਹ ਰੂਹਾਨੀ ਸਫਰ ਤੇ ਨਹੀਂ ਚਲ ਸਕਦਾ। ਪਰ ਤੁਸੀਂ ਗੁਰੂ ਨਾਨਕ ਨੂੰ ਹੋਰ ਕਰ ਦਿਤਾ ਤੇ ਰੱਬ ਨੂੰ ਹੋਰ ਕਰ ਦਿਤਾ। ਇਹ ਤਾਂ ਗੁਰੂ ਦੀ ਜਿਹੜੀ ਤ੍ਰਿਗੁਣ ਅਤੀਤ ਪਦਵੀ ਹੁੰਦੀ

ਹੈ ਅੱਠਵੀਂ ਭੂਮਿਕਾ ਉਹਦੇ ਬਾਰੇ ਤੁਸੀਂ ਜਾਣਦੇ ਹੀ ਨਹੀਂ ਕੁਛ ਵੀ। ਹੁਣ ਤੁਸੀਂ ਅਰਥ ਕਰ ਦਿਤੇ ਸੁਤੰਤਰ। ਇਹ ਪ੍ਰਸੰਸਗਕ ਅਰਥ ਨੇ।

ਬਾਬਰ ਨੂੰ ਜਦੋਂ ਪਤਾ ਚੱਲਿਆ ਕਿ ਇਕ ਦਰਵੇਸ਼ ਮੇਰੇ ਕੈਦ ਵਿਚ ਆ ਗਿਆ। ਜਿਹੜਾ ਚੱਕੀਆਂ ਆਪ ਚੱਲ ਰਹੀਆਂ ਨੇ ਤੇ ਉਹਦੇ ਸ਼ਬਦ ਦੇ ਵਿਚ ਇਹ ਤਾਸੀਰ ਹੈ, ਜਿਉਂ-ਜਿਉਂ ਉਹਦੇ ਕੀਰਤਨ ਦੀ ਆਵਾਜ਼ ਜਿਥੇ ਤੱਕ ਜਾਂਦੀ ਹੈ ਕਿ ਕੋਈ ਬੰਦਾ ਨਹੀਂ ਜਿਹੜਾ ਹੋਸ਼ ਵਿਚ ਹੋਵੇ, ਸਭ ਮਸਤੀ 'ਚ ਆ ਗਏ। ਮਸਤੀ 'ਚ ਆ ਕੇ ਚੱਕੀਆਂ ਚਲ ਰਹੀਆਂ ਨੇ, ਦਾਣੇ ਪੈ ਰਹੇ ਨੇ। ਹੈਰਾਨ ਹੋ ਰਹੇ ਨੇ, ਪਹਿਰੇਦਾਰ ਸਾਰੇ ਵਜਦ 'ਚ ਆ ਕੇ ਸਮਾਧੀਆਂ 'ਚ ਖੜ੍ਹੇ ਨੇ।

ਬਾਬਰ ਕੋਲ ਖਬਰ ਗਈ, ਬਾਬਰ ਉਸੇ ਤਰ੍ਹਾਂ ਦੇ ਨਾਲ ਦੌੜਿਆ ਆਇਆ, ਆ ਕੇ ਦੇਖਿਆ, ਮਰਦਾਨਾ ਰਬਾਬ ਵਜਾ ਰਿਹਾ ਹੈ ਤੇ ਗੁਰੂ ਮਹਾਰਾਜ ਕੀਰਤਨ ਕਰ ਰਹੇ ਨੇ। ਹੈਰਾਨ ਰਹਿ ਗਿਆ।

ਇਹ ਕੋਈ ਵਖਰੀ ਬਾਤ ਨਹੀਂ ਹੈ, ਕਿਉਂਕਿ ਨਾਮ ਦੇ ਅੰਦਰ, ਕੀਰਤਨ ਦੇ ਅੰਦਰ, ਐਨੀ ਸ਼ਕਤੀ ਹੈ ਜੇ ਅਸੀਂ ਪ੍ਰਯੋਗ ਕਰ ਲਈਏ ਤਾਂ ਵੱਡੇ ਤੋਂ ਵੱਡੇ ਕੰਮ ਹੋ ਜਾਂਦੇ ਨੇ।

ਗੁਰੂ ਨਾਨਕ ਸਾਹਿਬ ਦੇ ਉਤੇ ਬੋਝਾ ਚੁਕਾ ਦਿੱਤਾ। ਮਰਦਾਨੇ ਨੂੰ ਚਾਰ ਘੋੜੇ ਫੜਾ ਦਿੱਤੇ। ਭਾਈ ਬਾਲਾ ਨੂੰ ਬੋਝਾ ਚੁਕਾ ਦਿਤਾ। ਬੋਝਾ ਸਿਰ ਨਾਲ ਟੱਚ ਨਹੀਂ ਕਰਦਾ, ਉਚਾ ਚਲਦਾ ਹੈ। ਅੱਜਕਲ੍ਹ ਦੇ ਬੰਦੇ ਇਹ ਕਹਿੰਦੇ ਨੇ ਕਿ ਹੋ ਨਹੀਂ ਸਕਦਾ।

ਸਾਡੇ ਘਰੋਂ ਬੀਬੀ ਜੀ (ਬੀਬੀ ਰਣਜੀਤ ਕੌਰ) ਦੇ ਪਿਤਾ ਸੀ। ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਉਹ ਜਿਸ ਵਕਤ ਖੇਤੀ ਕਰਦੇ ਸੀ ਤੇ ਪਸ਼ੂਆਂ ਨੂੰ ਪੱਠੇ ਲੈ ਕੇ ਆਉਂਦੇ ਸੀ। ਪਿੰਡ ਸਾਰਾ ਖੜ੍ਹ ਜਾਂਦਾ ਸੀ, ਉਹ ਦੇਖਦੇ ਕੀ ਸੀ ਕਿ ਭਾਈ ਹੀਰਾ ਸਿੰਘ ਦੇ ਸਿਰ ਦੇ ਨਾਲ ਭਰਾ ਨਹੀਂ ਜੁੜਿਆ ਹੋਇਆ, ਇਕ ਗਿੱਠ ਦੀ ਵਿੱਥ ਹੈ। ਰੋਜ਼ ਇਸ ਤਰ੍ਹਾਂ ਸੀ। ਬਾਪੂ ਜੀ ਦੇ ਵਿਚ ਨਾਮ ਦੀ ਐਨਰਜੀ ਐਨੀ ਜ਼ਬਰਦਸਤ ਸੀ ਕਿ ਬੈਠੇ-ਬੈਠੇ ਉਡ ਕੇ ਛੱਤ ਨਾਲ ਜਾ ਲੱਗੇ। ਛੇ ਘੰਟੇ ਉਨ੍ਹਾਂ ਦੇ ਸਰੀਰ 'ਚੋਂ ਫਲੈਸ਼ ਨਿਕਲਦੇ ਰਹੇ ਲਾਈਟ ਦੇ। ਸਾਰੀ ਸੰਗਤ ਸਮਾਧੀ ਵਿਚ ਚਲੀ ਗਈ। ਜੇ ਉਹ ਕਿਸੇ ਦੇ ਪਿੱਠ ਦੇ ਉਤੇ ਹੱਥ ਰੱਖ ਦਿੰਦੇ ਸੀ, ਉਹ ਲਿਟਣ ਲਗ ਜਾਂਦਾ ਸੀ। ਐਨਰਜੀ ਸਾਂਭ ਨਹੀਂ ਸੀ ਸਕਦਾ।

ਲੁਧਿਆਣੇ ਭਾਈ ਰਣਧੀਰ ਸਿੰਘ ਜੀ ਉਨ੍ਹਾਂ ਨਾਲ ਰਲ ਕੇ ਅੰਮ੍ਰਿਤ ਛਕਾਇਆ। ਅੰਮ੍ਰਿਤ ਸਮੇਂ ਜਦ ਛਿਟੇ ਮਾਰੇ, ਫਲ੍ਹੇਵਾਲ ਦਾ ਲੜਕਾ ਸੀ। ਆਖਰੀ ਛਿੱਟਾ ਪੂਰੇ ਜਲਾਲ ਨਾਲ ਮਾਰ ਦਿੱਤਾ। ਉਹਦੀ ਸਮਾਧੀ ਲਗ ਗਈ। ਭਾਈ ਰਣਧੀਰ ਸਿੰਘ ਕਹਿਣ ਲੱਗੇ ਭਾਈ ਸਾਹਿਬ ਹੁਣ ਕੀ ਹੋਊਗਾ? ਕਹਿੰਦੇ ਸਾਡੇ ਤੋਂ ਜਲਾਲ 'ਚ ਆ ਕੇ ਮਾਰਿਆ ਗਿਆ, ਹੁਣ ਇਹਦੀ ਸਮਾਧੀ 56 ਘੰਟੇ ਬਾਅਦ ਟੁੱਟੇਗੀ। ਅੰਮ੍ਰਿਤ ਛਕਾਉਣ ਤੋਂ ਬਾਅਦ ਭਾਈ ਸਾਹਿਬ ਕਹਿੰਦੇ ਅਸੀਂ ਅਖੰਡਪਾਠ ਸ਼ੁਰੂ ਕਰ ਦਿੱਤਾ। ਜਦ ਪੂਰੇ 48 ਘੰਟੇ 'ਚ ਉਹ ਭੋਗ ਪਾਉਂਦੇ ਸੀ। ਫੇਰ ਕੀਰਤਨ ਸ਼ੁਰੂ ਹੋ ਗਿਆ, ਜਦੋਂ 56 ਘੰਟੇ ਹੋਏ। ਉਹ ਬੱਚਾ ਭਾਰ ਰਹਿਤ ਹੋ ਗਿਆ, ਉਪਰ ਨੂੰ ਉਡ ਗਿਆ। ਸੰਗਤ ਦੇ ਉਤੇ ਐਉਂ ਫਿਰੇ ਜਿਵੇਂ ਪਾਣੀ 'ਚ ਮੱਛੀ ਫਿਰਦੀ ਹੈ। ਸਾਡੇ ਵਾਜਿਆਂ ਦੇ ਉਤੇ ਦੀ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਗਿਆ। ਬਾਪੂ ਜੀ ਉਠ ਕੇ ਆਏ ਕਹਿਣ ਲੱਗੇ ਭਾਈ ਸਾਹਿਬ! ਇਹਦੀ ਰੂਹ ਏਸ ਵੇਲੇ ਸਚਖੰਡ ਦੇ ਅੱਗੇ ਖੜ੍ਹੀ ਦਾਖਲਾ ਮੰਗ ਰਹੀ ਹੈ। ਲਾਵਾਂ ਦਾ ਕੀਰਤਨ ਸ਼ੁਰੂ ਕਰੋ।

ਬੜੀਆਂ ਅਜੀਬ ਬਾਤਾਂ ਨੇ, ਅਸੀਂ ਤਾਂ ਕਿਤੇ ਹੋਰ ਹੀ ਤੁਰੇ ਫਿਰਦੇ ਹਾਂ। ਜਿਨ੍ਹਾਂ ਨੇ ਖੋਜ ਕਰੀ ਹੈ ਉਨ੍ਹਾਂ ਨੂੰ ਪਤਾ ਹੈ। ਅੱਜ ਦੀਆਂ ਗੱਲਾਂ ਨੇ ਕੋਈ ਪੁਰਾਣੀਆਂ ਗੱਲਾਂ ਨਹੀਂ ਹਨ। ਸਾਡੇ ਅੱਖਾਂ ਨਾਲ ਦੇਖਣ ਵਾਲੀਆਂ ਗੱਲਾਂ ਨੇ। ਸੋ ਏਸ ਤਰ੍ਹਾਂ ਦੇ ਨਾਲ ਨਾਮ ਸ਼ਕਤੀ ਜਿਹੜੀ ਹੈ ਜਦੋਂ ਉਸ ਨੇ ਦੇਖਿਆ ਕਿ ਚੱਕੀਆਂ ਵੀ ਚੱਲ ਰਹੀਆਂ ਨੇ ਤੇ ਮਸਤ ਹੈ ਇਹ ਤਾਂ। ਉਸ ਵੇਲੇ ਚਰਨਾਂ ਤੇ ਸਿਜਦਾ ਕੀਤਾ। ਕਹਿਣ ਲੱਗਿਆ, ਹੇ ਦਰਵੇਸ਼ ਸਾਈਂ! ਮੈਂ ਤੇਰੀ ਮਹਿਮਾ ਨੂੰ ਨਹੀਂ ਜਾਣ ਸਕਿਆ। ਤੈਨੂੰ ਇਕ ਮਾਮੂਲੀ ਸਾਧ ਜਾਣ ਕੇ ਮੈਂ ਕੈਦ ਕਰ ਲਿਆ। ਤੂੰ ਹੁਣ ਇਥੇ ਬੈਠਣ ਦੇ ਕਾਬਲ ਨਹੀਂ ਹੈਂ। ਮੇਰੇ ਨਾਲ ਚੱਲ, ਮੈਂ ਤੈਨੂੰ ਆਪਣੇ ਪਲੰਘ ਤੇ ਬਿਠਾਵਾਂਗਾ। ਤੇਰੀ ਮੈਂ ਸੇਵਾ ਕਰਾਂਗਾ, ਮੈਨੂੰ ਕੁਛ ਸੋਝੀ ਦੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਉਸ ਨੂੰ ਕਿਹਾ ਬਾਬਰ! ਤੈਨੂੰ ਪਤਾ ਹੈ ਸ਼ਹਿਰ ਵਿਚ ਕੀ ਹੋ ਰਿਹਾ ਹੈ? ਸ਼ਹਿਰ ਦੇ ਵਿਚ ਐਨੀ ਕਤਲਾਮ ਹੋ ਰਹੀ ਹੈ। ਐਨੀ ਕੁਰਲਾਹਟ ਮਚ ਰਹੀ ਹੈ ਤੇਰਾ ਦਿਲ ਪੱਥਰ ਦਾ ਹੈ ਕਿ ਤੈਨੂੰ ਦਿਲ ਮਾਸ ਦਾ ਦਿੱਤਾ ਹੈ। ਬਿਲਕੁਲ ਪੱਥਰ ਹੈਂ ਤੂੰ ਤੈਨੂੰ ਦਰਦ ਨਹੀਂ ਪੈਦਾ ਹੋਇਆ? ਇਹ ਤਾਂ ਵਾਹਿਗੁਰੂ ਸਭਨਾਂ ਦਾ ਹੈ -

***ਕਰਤਾ ਤੂੰ ਸਭਨਾ ਕਾ ਸੋਈ.....।***

ਜਦੋਂ ਤੇਰੀ ਫੌਜ ਫੌਜ ਨਾਲ ਲੜ ਰਹੀ ਸੀ। ਉਸ ਵੇਲੇ ਸਾਨੂੰ ਕੋਈ ਹੋਸ਼ ਨਹੀਂ ਸੀ। ਲੋਧੀ ਸੀ, ਮੁਗਲ ਸੀਗੇ। ਜਦੋਂ ਤਾਕਤ ਤੇਰੇ ਹੱਥ ਵਿਚ ਆ ਗਈ, ਸ਼ਕਤੀ ਦੀ ਇਹ

(ਬਾਕੀ ਪੰਨਾ 25 ਤੇ)

(ਪੰਨਾ 20 ਦੀ ਬਾਕੀ)

ਥਿਊਰੀ ਹੈ ਕਿ ਇਸ ਦੇ ਵਿਚ ਖਾਲੀ ਥਾਂ ਨਹੀਂ ਹੁੰਦਾ। ਅੱਜ ਬਾਰ੍ਹਾਂ ਵਜੇ, ਕੱਲ੍ਹ ਨੂੰ ਬਾਰ੍ਹਾਂ ਵਜੇ ਹੋਏ। ਇਕ ਦਿਨ ਕਿਹਦੇ ਲੇਖੇ ਪੈ ਗਿਆ, ਕਤਲ ਸਭ ਕੀਤੇ ਗਏ ਕਿਉਂਕਿ ਰਾਜ ਕਿਸੇ ਦਾ ਨਹੀਂ ਸੀ। ਪਾਵਰ ਦੀ ਥਿਊਰੀ ਹੈ ਇਧਰੋਂ ਹਟਦੀ ਹੈ ਤੇ ਉਧਰ ਚੜ੍ਹ ਜਾਂਦੀ ਹੈ। ਜਿਸ ਵਕਤ ਫੌਜਾਂ ਨੂੰ ਤੂੰ ਹਾਰ ਦੇ ਦਿਤੀ ਤਾਂ ਰਿਆਇਆ ਕਿਹਦੀ ਹੋਈ। ਤੇਰੀ ਹੋਈ? ਕਹਿੰਦਾ ਹਾਂ ਮੇਰੀ ਹੋਈ। ਕਹਿਣ ਲੱਗੇ ਕਿ ਫੇਰ ਤੇਰੇ ਤੋਂ ਜਵਾਬ ਲਿਆ ਜਾਏਗਾ ਕਿ ਤੇਰੀਆਂ ਫੌਜਾਂ ਨੇ ਕਤਲਾਮ ਕਰਿਆ, ਬੇਇਜ਼ਤੀਆਂ ਕਰੀਆਂ।

ਮੈਂ ਕਿਹਾ ਪ੍ਰਿੰਸੀਪਲ ਸਾਹਿਬ, ਤੂੰ ਗੱਲ ਕਿਥੇ ਲੈ ਗਿਆ? ਗੁਰੂ ਨਾਨਕ ਜੇ ਆਪਣੇ ਹੁਕਮ ਦੀ ਥਿਊਰੀ ਖਤਮ ਕਰ ਦਿੰਦਾ ਤਾਂ ਸਾਡਾ ਸਿੱਖ ਧਰਮ ਜੋ ਹੈ ਉਹਦੇ ਉਤੇ ਕਿੰਤੂ ਕਰਨ ਵਾਲੇ ਕਹਿਣਗੇ ਗੁਰੂ ਨਾਨਕ ਦਾ ਸਿਧਾਂਤ ਪਹਿਲਾਂ ਹੋਰ ਸੀ, ਏਮਨਾਬਾਦ ਦੀ ਲੜਾਈ ਦੇ ਵਿਚ ਬਦਲ ਗਿਆ। ਇਹ ਮੈਂ ਅਨਰਥ ਦੀ ਗੱਲ ਕਰਦਾ ਹਾਂ ਕਿ ਅਸੀਂ ਅਰਥ ਦੇ ਅਨਰਥ ਐਨੇ ਗਲਤ ਕਰ ਦਿੰਦੇ ਹਾਂ, ਸਾਨੂੰ ਪਤਾ ਹੀ ਨਹੀਂ ਲਗਦਾ, ਉਹਦੇ ਵਹਿਣ ਦੇ ਵਿਚ ਰੁੜ੍ਹ ਜਾਂਦੇ ਹਾਂ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਸਾਡੇ ਜੋ ਅਰਥ ਗੁਰੂ ਸਾਹਿਬ ਨੇ ਕਰੇ ਨੇ, ਸਾਰੇ ਗੁਰੂ ਗ੍ਰੰਥ ਸਾਹਿਬ ਦੇ ਵਿਚ ਨਾਮ ਦੀ ਗੱਲ ਕਰੀ ਹੈ। ਹਰ ਗੱਲ ਦਾ ਸਬੰਧ ਨਾਮ ਨਾਲ ਹੈ, ਨਾਮ ਦੀ ਪ੍ਰਾਪਤੀ 'ਚ ਹੈ। ਕਿਉਂਕਿ ਨਾਮ ਤੱਕ ਪਹੁੰਚਣ ਵਾਸਤੇ ਬਹੁਤ ਸਾਰੇ ਤਰੀਕੇ ਨੇ। ਜਿਹੜਾ ਗੁਰੂ ਮਹਾਰਾਜ ਨੇ ਅਪਣਾਇਆ ਹੈ, ਉਹ ਤਿੰਨ ਨੇ, ਇਕ ਕਰਮ ਨੇ, ਇਕ ਉਪਾਸ਼ਨਾ ਹੈ, ਇਕ ਗਿਆਨ ਹੈ। ਤਿੰਨ ਦੋਸ਼ ਲੱਗੇ ਹੋਏ ਨੇ ਜੀਵ ਨੂੰ, ਇਕ ਮੈਲ ਲੱਗੀ ਹੋਈ ਹੈ, ਇਕ ਵਿਸ਼ਸ਼ੇਪਤਾ, ਇਕ ਆਵਰਨ ਹੈ। ਤਿੰਨਾਂ ਸਾਧਨਾਂ ਦੇ ਨਾਲ ਇਹ ਦੂਰ ਹੁੰਦੀ ਹੈ। ਸੋ ਇਸ ਤਰ੍ਹਾਂ ਦਾ ਉਪਦੇਸ਼ ਜਦ ਸੁਣਿਆ, ਮਰਦਾਨਾ ਕਹਿਣ ਲੱਗਿਆ ਪਾਤਸ਼ਾਹ! ਤੁਸੀਂ ਐਨੇ ਵਖਿਆਨ ਦੇ ਨਾਲ ਸਮਝਾਉਂਦੇ ਹੋਂ। ਪਰ ਇਹ ਲੋਕ ਸਮਝਦੇ ਕਿਉਂ ਨਹੀਂ ਫੇਰ ਉਥੇ ਹੀ ਕਿਉਂ ਆ ਜਾਂਦੇ ਨੇ। ਕਹਿੰਦੇ ਮਰਦਾਨਿਆ! ਇਹ ਬਹੁਤ ਕੀਮਤੀ ਚੀਜ਼ ਹੈ। ਕੁਝ ਤਾਂ ਸਮਝਦੇ ਨੇ। ਕਹਿੰਦਾ, ਮਹਾਰਾਜ! ਜਦ ਤਾਂ ਸਾਰੇ ਵਜ਼ਦ 'ਚ ਆਏ ਹੁੰਦੇ ਨੇ। ਪਰ ਮੈਂ ਬਾਅਦ ਵਿਚ ਦੇਖਦਾ ਹਾਂ ਉਹ ਬਿਲਕੁਲ ਹੀ ਭੁੱਲ ਜਾਂਦੇ ਨੇ। ਐਡੀ ਵੱਡੀ ਚੀਜ਼ ਨੂੰ ਕਿਉਂ ਨਹੀਂ ਸਮਝਦੇ ਜਦੋਂ ਕਿ ਨਾਮ ਨੂੰ ਤੁਸੀਂ ਸਰਵੋਤਮ ਦਸਦੇ ਓਂ। ਜਿਥੇ ਕੋਈ ਵੀ ਸਹਾਇਤਾ ਨਹੀਂ ਕਰਦਾ, ਹੋਰ ਕੋਈ ਚੀਜ਼ ਜਾਂਦੀ ਨਹੀਂ। ਨਾਮ ਨਾਲ ਜਾਂਦਾ ਹੈ –

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***

***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ ਅੰਗ - 264***

ਮਹਾਰਾਜ ਕਹਿਣ ਮਰਦਾਨਿਆਂ! ਉਨ੍ਹਾਂ ਦੇ ਭਾਗ ਵਿਚ ਨਹੀਂ। ਕਹਿੰਦਾ ਨਹੀਂ ਮਹਾਰਾਜ, ਤੁਸੀਂ ਸਮਝਾਉਂਦੇ ਓਂ, ਸਮਝਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਚੰਗਾ, ਤੁਹਾਨੂੰ ਪ੍ਰਤੱਖ ਦੱਸਾਂਗੇ। ਕਹਿੰਦੇ ਮਰਦਾਨਿਆਂ! ਕਦਰ ਨਹੀਂ ਹੈ ਸੰਸਾਰ ਨੂੰ। ਕਦਰ ਨਾ ਹੋਣ ਕਰਕੇ ਰੁਚੀ ਨਹੀਂ ਜਾਗਦੀ। ਗੱਲ ਸਮਝਦੇ ਨਹੀਂ ਹੈਗੇ, ਦੁਨੀਆਂ ਨੂੰ ਸਤਿ ਕਰਕੇ ਜਾਣਿਆ ਹੋਇਆ ਹੈ ਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਮੇਰਾ ਨਿਸ਼ਾਨਾ ਕੀ ਹੈ, ਮੈਂ ਕਿਥੇ ਜਾਣਾ ਹੈ। ਏਸ ਕਰਕੇ ਵਿਚਾਰਿਆਂ ਦਾ ਦੋਸ਼ ਕੋਈ ਨਹੀਂ ਹੈ। ਲੇਕਿਨ ਹੌਲੀ-ਹੌਲੀ ਸਮਝ ਵਿਚ ਆਉਂਦੀ ਹੈ ਨਾਮ ਦੀ ਮਹਿਮਾ।

ਚਲਦੇ-ਚਲਦੇ ਗੁਰੂ ਮਹਾਰਾਜ ਪਟਨਾ ਸਾਹਿਬ ਪਹੁੰਚ ਗਏ ਜਿਹਨੂੰ ਪਾਟਲੀ ਪੁੱਤਰ ਕਹਿੰਦੇ ਸੀ। ਮਹਾਰਾਜ ਕਹਿੰਦੇ, ਮਰਦਾਨਿਆਂ ਸਾਮ੍ਹਣੇ ਬਿਲਡਿੰਗਾਂ ਆ ਗਈਆਂ, ਅਸੀਂ ਤਾਂ ਇਥੇ ਬੈਠਦੇ ਹਾਂ ਜਾਹ ਤੂੰ ਪ੍ਰਸ਼ਾਦੇ ਛਕ ਆ। ਹੱਸ ਪਿਆ ਮਰਦਾਨਾ, ਕਿਉਂਕਿ ਬਾਲ ਸਖਾਈ ਸੀ। ਮਹਾਰਾਜ ਕਹਿੰਦੇ, "ਮਰਦਾਨਿਆ! ਹਸਦੈਂ?" ਤੁਸੀਂ ਤਾਂ ਐਉਂ ਕਹਿ ਦਿੱਤਾ ਜਿਵੇਂ ਮੇਰੇ ਲਈ ਥਾਲ ਲੱਗੇ ਪਏ ਹੁੰਦੇ ਨੇ। ਕਹਿੰਦੇ, ਕੀ ਕਰਦਾ ਹੁੰਦਾ ਹੈ? ਕਹਿੰਦਾ ਮਹਾਰਾਜ, ਤੁਹਾਡੇ ਨਾਲ ਰਹਿ ਕੇ ਮੈਨੂੰ ਮੱਥੇ ਪੜ੍ਹਨ ਦੀ ਸੋਝੀ ਆ ਗਈ। ਮੈਂ ਦੇਖਦਾ ਹਾਂ ਕਿ ਕਿਹਦਾ ਮੱਥਾ ਖਿੜ੍ਹਿਆ ਹੋਇਆ ਹੈ, ਕਿਹਦੇ ਵਿਚ ਰਸ ਹੈ, ਕਿਹਦੇ ਵਿਚ ਖਿੱਚ ਹੈ। ਉਸ ਨੂੰ ਮੈਂ ਸਤਿ ਕਰਤਾਰ ਦਾ ਆਵਾਜ਼ਾ ਦਿੰਦਾ ਹਾਂ, ਉਹ ਮੈਨੂੰ ਆ ਮਿਲਦਾ ਹੈ। ਕਹਿੰਦੇ ਜੇ ਨਾ ਮਿਲੇ। ਕਹਿੰਦਾ ਫੇਰ ਮਹਾਰਾਜ, ਤੁਸੀਂ ਮੇਰੇ ਨਾਲ ਚੱਲ ਕੇ ਦੇਖ ਲਿਓ, ਕਿੰਨੀਆਂ ਗਾਲ੍ਹਾਂ ਪੈਂਦੀਆਂ ਨੇ। ਮਹਾਰਾਜ ਜਲਾਲ ਵਿਚ ਆ ਗਏ, ਕਹਿੰਦੇ, ਮਰਦਾਨਿਆ! ਨਿਰੰਕਾਰ ਦੀ ਕਰੀਏ ਚਾਕਰੀ, ਦੁਨੀਆਂ ਦੇ ਅੱਗੇ ਹੱਥ ਅੱਡੀਏ। ਮਹਾਰਾਜ ਨੇ ਖੜ੍ਹਾਵਾਂ 'ਚੋਂ ਚਰਨ ਕੱਢਿਆ, ਅੰਗੂਠੇ ਦੇ ਨਾਲ ਧਰਤੀ ਦੇ ਵਿਚੋਂ ਇਕ ਲਾਲ ਦੇ ਦਿਤਾ। ਕਹਿੰਦੇ ਮਰਦਾਨਿਆ! ਚੁੱਕ ਲੈ। ਇਹ ਬੇਕੀਮਤੀ ਲਾਲ ਹੈ। ਨਾਲੇ ਸ਼ਹਿਰ ਦੇ ਵਿਚ ਪ੍ਰਸ਼ਾਦਾ ਛਕ ਆਈਂ, ਨਾਲੇ ਇਸ ਲਾਲ ਦਾ ਮੁੱਲ ਪੁਛ ਆਈਂ। ਮਰਦਾਨਾ ਜਾਂਦਾ ਹੈ, ਜਾ ਕੇ ਸਬਜ਼ੀ ਫਰੋਸਾਂ ਦੇ ਚਲਿਆ ਗਿਆ। ਉਥੇ ਜਾ ਕੇ ਜਿਸ ਵਕਤ ਦਿਖਾਇਆ, ਉਹ ਕਹਿਣ ਲੱਗਿਆ ਭਾਈ! ਮੈਨੂੰ ਤੂੰ ਸਵਾ ਸੇਰ ਫਲ ਫਰੂਟ ਦੇ ਦੇ। ਖੁਰਾਕ ਮੇਰੀ ਐਨੀ ਕੁ ਹੈ। ਨਾਲੇ ਮੈਨੂੰ ਇਹਦਾ ਮੁੱਲ ਦੱਸ ਦੇ। ਉਸ ਨੇ ਦੇਖਿਆ ਕਿ ਇਹਦਾ ਕਾਹਦਾ ਮੁੱਲ ਹੈ। ਇਹ ਤਾਂ ਇਥੇ ਬੇਅੰਤ ਵੱਟੀਆਂ ਪਈਆਂ ਨੇ, ਗੰਗਾ 'ਚ ਨਾਹੁਣ ਜਾਂਦੇ ਹਾਂ, ਬੱਚੇ

ਸਾਡੇ ਜੇਬਾਂ ਭਰ ਲਿਆਉਂਦੇ ਨੇ। ਕਹਿੰਦਾ ਨਹੀਂ ਕੀਮਤੀ ਹੈ ਬਹੁਤ। ਜਦੋਂ ਇਸਨੇ ਚਾਰ-ਪੰਜ ਵਾਰ ਕਿਹਾ ਤਾਂ ਜਿਹੜੇ ਗਾਹਕ ਸੀ ਉਹ ਦੁਕਾਨਦਾਰ ਨੂੰ ਕਹਿਣ ਲੱਗੇ, ਪੁੜਪੁੜੀ ਕੋਲ ਉਂਗਲੀ ਘੁੰਮਾ ਕੇ ਕਿ ਇਹਦਾ ਦਿਮਾਗ ਫਿਰਿਆ ਹੋਇਆ ਹੈ। ਮਰਦਾਨਾ ਹੈਰਾਨ ਹੋ ਗਿਆ ਕਿ ਇਹ ਤਾਂ ਮੈਨੂੰ ਹੀ ਕਮਲਾ ਕਹਿਣ ਲਗ ਗਏ।

ਅੱਗੇ ਹਲਵਾਈ ਦੇ ਚਲਿਆ ਗਿਆ, ਕਹਿੰਦਾ ਸ਼ਾਹ ਜੀ ਸਵਾ ਸੇਰ ਮਠਿਆਈ ਦੇ ਦਿਓ ਤੇ ਇਹਦਾ ਮੁੱਲ ਵੀ ਦੱਸ ਦਿਓ। ਉਹਨੇ ਜਿਸ ਵਕਤ ਲਾਲ ਦੇਖਿਆ ਕਹਿੰਦਾ ਇਹਦਾ ਮੁੱਲ ਤਾਂ ਕੋਈ ਨਹੀਂ ਹੈ, ਤੂੰ ਐਉਂ ਕਰ ਅੱਧ ਸੇਰ ਮਠਿਆਈ ਲੈ ਲੈ। ਆਹ ਮੈਨੂੰ ਦੇ ਦੇ, ਮੇਰੀ ਤੱਕੜੀ 'ਚ ਹੈਗਾ ਪਾਸਕੂ। ਅੱਗੇ ਗਿਆ ਮਰਦਾਨਾ ਦੋ ਗਜ਼ ਕੱਪੜਾ ਦੇਣ ਲੱਗਿਆ। ਇਕ ਜੌਹਰੀ ਦੇ ਗਿਆ, ਉਹਨੇ ਦੱਸ ਰੁਪਏ ਮੁੱਲ ਪਾਇਆ। 10 ਰੁਪਏ ਉਸ ਵੇਲੇ ਦੇ 160 ਨਾਲ ਗੁਣਾ ਕਰ ਲਓ। 1600 ਰੁਪਿਆ ਲਾ ਲਓ। ਹੈਰਾਨ ਹੋ ਗਿਆ ਮਰਦਾਨਾ ਕਿ ਦੋ ਮੂਲੀਆਂ ਮਿਲਦੇ-ਮਿਲਦੇ 1600 ਰੁਪਿਆ ਮਿਲਣ ਲਗ ਗਿਆ। ਅਗਲੇ ਜੌਹਰੀ ਕੋਲ ਗਿਆ ਉਹਨੇ ਸੌ ਰੁਪਏ ਮੁੱਲ ਪਾਇਆ। ਉਹਨੇ ਕਿਹਾ ਕਿ ਕੋਈ ਸਭ ਤੋਂ ਵੱਡਾ ਜੌਹਰੀ ਹੈ। ਉਨ੍ਹਾਂ ਨੇ ਦੱਸਿਆ ਕਿ ਹਾਂ ਸਾਲਸਰਾਏ ਹੈ। ਉਥੇ ਚਲਿਆ ਗਿਆ ਮਰਦਾਨਾ। ਉਹਦੇ ਅੰਦਰੋਂ ਨੌਕਰ ਆਇਆ, ਅਧਰੱਕਾ। ਉਹਨੇ ਪਰੀਚਾ ਲਿਆ ਕਿ ਤੁਹਾਡਾ ਨਾਉਂ ਕੀ ਹੈ? ਮਰਦਾਨੇ ਕਿਹਾ ਕਿ ਸ਼ਾਹ ਜੀ! ਮੈਂ ਇਹਦਾ ਮੁੱਲ ਪੁੱਛਣਾ ਹੈ? ਉਸ ਨੇ ਕਿਹਾ ਕਿ ਮੈਂ ਸ਼ਾਹ ਜੀ ਨਹੀਂ ਹਾਂ, ਮੈਂ ਉਨ੍ਹਾਂ ਦਾ ਸੇਵਕ ਹਾਂ, ਸ਼ਾਹ ਜੀ ਉਤੇ ਨੇ, ਆਜਾ ਮੈਂ ਉਥੇ ਕਰਾਂਗਾ ਨਿਰਣਾ। ਉਸ ਵੇਲੇ ਜਦ ਉਪਰ ਗਏ ਤਾਂ ਉਸ ਨੇ ਪੁਛਿਆ ਤਾਂ ਨੌਕਰ ਨੇ ਕਿਹਾ ਕਿ ਸ਼ਾਹ ਜੀ! ਭਾਈ ਮਰਦਾਨਾ ਆਏ ਨੇ। ਪੰਜਾਬ ਦੇ ਵਾਸੀ ਨੇ ਇਹ। ਮਗਧ ਦੇਸ਼ ਕਹਿੰਦੇ ਸੀ ਉਨ੍ਹਾਂ ਦਿਨਾਂ ਵਿਚ। ਇਹਦੇ ਕੋਲ ਆਹ ਚੀਜ਼ ਹੈ ਇਹ ਦਿਖਾਈ ਹੈ। ਕਹਿੰਦੇ ਤੈਨੂੰ ਮੇਰੇ ਨਾਲ ਐਨਾ ਚਿਰ ਹੋ ਗਿਆ ਨਾਲ ਰਹਿੰਦੇ ਨੂੰ ਤੂੰ ਦੱਸ ਦੇ ਮੁੱਲ। ਅਧਰੱਕਾ ਕਹਿਣ ਲੱਗਿਆ, ਜੀ ਹਜ਼ਾਰ ਰੁਪਿਆ। ਹਜ਼ਾਰ ਤਾਂ ਹੁਣ ਦਾ ਲੱਖਾਂ ਹੀ ਚਲਿਆ ਗਿਆ। ਸ਼ਾਹ ਕੁਝ ਰੁਚਿਤ ਹੋ ਗਿਆ ਕਿ ਹੈਂ ਹਜ਼ਾਰ ਦੀ ਕੋਈ ਚੀਜ਼ ਆ ਗਈ ਮੇਰੇ ਕੋਲ। ਜਦੋਂ ਉਹਦੇ ਕੋਲ ਆਈ, ਉਹਨੇ ਰੋਸ਼ਨੀ ਵਲ ਨੂੰ ਕਰਕੇ ਦੇਖਿਆ। ਸ਼ਾਹ ਹੈਰਾਨ ਹੋ ਗਿਆ, ਕਹਿਣ ਲੱਗਿਆ ਅਧਰੱਕੇ, ਸੌ ਰੁਪਿਆ ਤਜੌਰੀ 'ਚੋਂ ਕੱਢ ਕੇ ਲਿਆ। ਮਰਦਾਨੇ ਨੇ ਚਿਹਰੇ ਵੱਲ ਦੇਖਿਆ ਕਿ ਸ਼ਾਇਦ ਸੌ ਰੁਪਿਆ ਮੁੱਲ ਦੇ ਰਿਹਾ ਹੈ। ਉਸ ਨੇ ਕਿਹਾ ਭਾਈ ਮਰਦਾਨਾ ਮੈਂ ਇਸ ਦਾ ਮੁੱਲ ਨਹੀਂ ਪਾ ਰਿਹਾ। ਚੌਂਕੀ ਤੇ ਲਾਲ ਰੱਖਿਆ ਤੇ ਸੌ ਰੁਪਿਆ ਮੱਥਾ ਟੇਕਿਆ। ਨਾਲ ਕਿਹਾ ਭਾਈ ਅਧਰੱਕਾ ਬੇਟਾ! ਸਾਡੇ ਬਜ਼ੁਰਗ ਕਹਿੰਦੇ ਸੀ ਕਿ ਦੁਨੀਆਂ ਦੇ ਵਿਚ ਇਕ ਨਾਯਾਬ ਚੀਜ਼ ਹੈ। ਮੇਰੇ ਭਾਗ ਜਾਗ ਪਏ ਕਿ ਮੈਨੂੰ ਅੱਜ ਦੇਖਣ ਨੂੰ ਮਿਲ ਗਈ। ਕਹਿੰਦੇ ਮਰਦਾਨਿਆ! ਕੀ ਕਰਨਾ ਹੈ ਇਸ ਲਾਲ ਦਾ। ਭਾਈ ਮਰਦਾਨੇ ਨੇ ਕਿਹਾ ਕਿ ਮੈਂ ਮੁੱਲ ਪੁੱਛਣਾ ਹੈ ਇਸਦਾ। ਉਸ ਨੇ ਕਿਹਾ ਕਿ ਭਾਈ ਮਰਦਾਨਾ! ਇਹ ਤਾਂ ਅਮੁੱਲ ਚੀਜ਼ ਹੈ। ਅਮੁੱਲ ਚੀਜ਼ਾਂ ਦਾ ਕੋਈ ਵੀ ਮੁੱਲ ਨਹੀਂ ਹੋਇਆ ਕਰਦਾ। ਹਾਂ, ਇਸ ਵਾਸਤੇ ਤੁਹਾਨੂੰ ਦੋ ਤਿੰਨ ਮਹੀਨੇ ਠਹਿਰਨਾ ਪਏਗਾ, ਤੁਹਾਡੀ ਚੀਜ਼ ਹੈ? ਕਹਿੰਦਾ ਨਹੀਂ ਗੁਰੂ ਨਾਨਕ ਸਾਹਿਬ ਦੀ ਹੈ। ਕਹਿੰਦੇ ਕੌਣ ਨੇ ਗੁਰੂ ਨਾਨਕ, ਓਹੀ ਤਾਂ ਨਹੀਂ ਜਿਹੜੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਨੇ। ਕਿਉਂਕਿ ਇਥੇ ਸਾਧੂ ਆਉਂਦੇ ਨੇ ਉਹ ਦੱਸ ਪਾਉਂਦੇ ਨੇ। ਭਾਈ ਮਰਦਾਨੇ ਨੇ ਕਿਹਾ ਕਿ ਓਹੀ ਨੇ। ਸ਼ਾਹ ਖੁਸ਼ੀ 'ਚ ਆ ਗਿਆ, ਅੱਜ ਮੇਰੇ ਭਾਗ ਜਾਗ ਪਏ, ਮੈਂ ਉਹ ਲਾਲ ਵੀ ਦੇਖ ਲਿਆ, ਜਿਹੜਾ ਦਿਸਦਾ ਨਹੀਂ ਕਿਸੇ ਨੂੰ ਤੇ ਅੱਜ ਮੈਂ ਗੁਰੂ ਦੇ ਵੀ ਦਰਸ਼ਨ ਕਰ ਲੈਣੇ ਨੇ। ਜਿਹਦੇ ਦਰਸ਼ਨ ਦੁਰਲੱਭ ਸੀ। ਪੁਛਿਆ ਭਾਈ ਮਰਦਾਨਾ ਫੇਰ ਪ੍ਰਸ਼ਾਦ ਪਾਣੀ ਦਾ ਬੰਦੋਬਸਤ। ਕਿੰਨੀਆਂ ਕੁ ਮੂਰਤੀਆਂ ਨੇ ਗੁਰੂ ਨਾਨਕ ਨਾਲ? ਕਹਿਣ ਲੱਗਿਆ, ਸ਼ਾਹ ਜੀ! ਕਦੇ-ਕਦੇ ਤਾਂ ਅਸੀਂ ਹਜ਼ਾਰਾਂ 'ਚ ਹੋ ਜਾਂਦੇ ਹਾਂ। ਅੱਜ ਤਾਂ ਤਿੰਨੋ ਹੀ ਹਾਂ। ਪ੍ਰਸ਼ਾਦ ਦਾ ਹੁਕਮ ਦੇ ਦਿੱਤਾ। ਕਹਿੰਦਾ ਲੈ ਭਾਈ ਆਹ ਸੌ ਰੁਪਿਆ। ਤੇ ਅਸੀਂ ਆਏ ਸਮਝੋ। ਸਾਰੇ ਰਸਤੇ ਮਰਦਾਨਾ ਗਿਣਤੀਆਂ ਗਿਣਦਾ ਜਾਂਦਾ ਹੈ ਕਿ ਕਮਾਲ ਹੈ ਕਿਥੇ ਦੋ ਮੂਲੀਆਂ, ਦੋ ਗਜ਼ ਕੱਪੜਾ, ਅੱਧ ਸੇਰ ਮਠਿਆਈ। ਜਾ ਕੇ ਜਦ ਗੁਰੂ ਮਹਾਰਾਜ ਦੇ ਅੱਗੇ ਰੱਖ ਜਾ ਕੇ ਮੱਥਾ ਟੇਕਿਆ ਮਰਦਾਨੇ ਨੇ ਤਾਂ ਮਹਾਰਾਜ ਕਹਿੰਦੇ ਮਰਦਾਨਿਆ, ਨਾਲੇ ਆਹ ਨਾਲੇ ਆਹ? ਕਹਿੰਦਾ ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ। ਕਹਿੰਦੇ ਕੀ ਹੋ ਗਿਆ? ਕਹਿੰਦਾ ਮੈਂ ਤਾਂ ਦੁਨੀਆਂ ਦੀ ਅਕਲ ਤੇ ਹੈਰਾਨ ਹਾਂ, ਫਲ ਵਾਲਾ ਦੋ ਮੂਲੀਆਂ ਦਿੰਦਾ ਸੀ, ਹਲਵਾਈ ਨੇ ਅੱਧ ਸੇਰ ਮਠਿਆਈ ਮੁੱਲ ਪਾਇਆ, ਬਜਾਜ ਨੇ ਦੋ ਗਜ਼ ਕੱਪੜਾ ਮੁੱਲ ਪਾਇਆ, ਇਕ ਨੇ ਦੱਸ ਰੁਪਈਏ, ਇਕ ਨੇ ਸੌ ਰੁਪਈਏ, ਮੈਂ ਤਾਂ ਹੈਰਾਨ ਹੋ ਗਿਆ ਮਹਾਰਾਜ ਉਹ ਜੌਹਰੀ ਕਹਿੰਦਾ, ਇਹਦਾ ਤਾਂ ਮੁੱਲ ਹੀ ਨਹੀਂ ਹੈ। ਕਹਿੰਦੇ ਮਰਦਾਨਾ ਫੇਰ ਤੂੰ ਉਨ੍ਹਾਂ ਨੂੰ ਸਮਝਾਉਣਾ ਸੀ। ਜਿਨ੍ਹਾਂ ਨੇ ਦੋ ਮੂਲੀਆਂ ਮੁੱਲ ਪਾਇਆ, ਤੂੰ ਸਮਝਾਉਂਦਾ ਉਨ੍ਹਾਂ ਨੂੰ। ਕਹਿੰਦਾ ਮਹਾਰਾਜ ਮੈਂ ਕੀ ਦੱਸਾਂ, ਤੁਸੀਂ ਹੁੰਦੇ ਤੁਹਾਨੂੰ ਪਤਾ ਲਗਦਾ। ਕਹਿੰਦੇ ਕਿਉਂ? ਕਹਿੰਦਾ ਉਹ ਤਾਂ ਐਉਂ ਪੁੜਪੁੜੀ ਕੋਲ ਉਂਗਲੀ ਘੁੰਮਾਉਣ ਲਗ ਗਏ ਸੀ, ਕਿ ਪਾਗਲ ਆਦਮੀ ਆ ਗਿਆ। ਮਹਾਰਾਜ ਮੈਂ ਉਨ੍ਹਾਂ ਨੂੰ ਸਮਝਾਉਂਦਾ ਕੀ? ਉਨ੍ਹਾਂ ਨੇ ਤਾਂ ਮੈਨੂੰ ਹੀ ਕਮਲਾ ਬਣਾ

ਦਿਤਾ। ਉਸ ਵੇਲੇ ਮਹਾਰਾਜ ਕਹਿੰਦੇ, ਮਰਦਾਨਿਆ! ਕੀਮਤੀ ਚੀਜ਼ਾਂ ਦੀ ਕਦਰ ਕਦਰਦਾਨਾਂ ਤੋਂ ਬਗੈਰ ਨਹੀਂ ਪਿਆ ਕਰਦੀ। ਸਬਜ਼ੀ ਵੇਚਣ ਵਾਲੇ ਨੂੰ ਕੀ ਪਤਾ ਹੈ ਕਿ ਲਾਲਾ ਦਾ ਮੁੱਲ ਕੀ ਹੁੰਦਾ ਹੈ। ਮਠਿਆਈ ਵਾਲੇ ਨੂੰ ਕੀ ਪਤਾ ਕਿ ਲਾਲਾਂ ਦਾ ਮੁੱਲ ਕੀ ਹੁੰਦਾ ਹੈ। ਕਪੜੇ ਵਾਲੇ ਨੂੰ ਕੀ ਪਤਾ। ਮਰਦਾਨਿਆ! ਜਿਸ ਤਰ੍ਹਾਂ ਦੇ ਨਾਲ ਲਾਲ ਦੀ ਕੀਮਤ ਜੌਹਰੀ ਜਾਣਦਾ ਹੈ। ਇਸੇ ਤਰ੍ਹਾਂ ਨਾਮ ਦੀ ਕੀਮਤ ਨਾਮ ਦੀ ਕਦਰ ਕਰਨ ਵਾਲੇ ਜਾਣਦੇ ਨੇ। ਤੂੰ ਕਹਿੰਦਾ ਹੈਂ ਨਾਮ ਦਾ ਅਸਰ ਕਿਉਂ ਨਹੀਂ ਹੁੰਦਾ, ਸਾਰੀ ਦੁਨੀਆਂ ਸੁਣਦੀ ਹੈ, ਕਹਿੰਦਾ ਕਦਰਦਾਨ ਨਹੀਂ ਹੈ। ਉਨ੍ਹਾਂ ਵਿਚ ਕਈ ਤਾਂ ਐਸੇ ਨੇ ਕਿ ਸੰਤ ਆ ਗਏ ਆਪਣੀਆਂ ਬੀਮਾਰੀਆਂ ਦੂਰ ਕਰਾਈਏ। ਕੋਈ ਕਹਿੰਦਾ ਹੈ ਕਿ ਸੰਤਾਂ ਕੋਲੋ ਵਰ ਲਈਏ ਕਿ ਮੇਰੇ ਪੁੱਤਰ ਹੋ ਜਾਵੇ। ਕਹਿੰਦੇ ਹਰੇਕ ਦਾ ਆਪਣਾ-ਆਪਣਾ ਮਤਲਬ ਹੈ। ਜ਼ਿੰਮੀਦਾਰ ਜਾਣਦਾ ਹੈ ਕਿ ਚੰਗੀ ਭੂਮੀ ਕਿਹੜੀ ਹੈ ਜਿਹਦੇ ਵਿਚ ਆਲੂ ਬੀਜੇ ਜਾਣ, ਗੰਨਾ ਬੀਜਿਆ ਜਾਵੇ। ਬਜਾਜ ਜਾਣਦਾ ਹੈ ਕਿ ਕਿਹੜਾ ਕੱਪੜਾ ਲਿਆ ਕੇ ਅਸੀਂ ਸੱਚ ਦਾ ਝੂਠ ਬਣਾ ਸਕਦੇ ਹਾਂ, ਬਹੁਤੀ ਬਿਜਨਸ ਕਰ ਸਕਦੇ ਹਾਂ। ਹਰ ਕਿੱਤੇਦਾਰ ਆਪਣੇ ਕਿੱਤੇ ਦੀ ਜਾਣਦਾ ਹੈ। ਦੂਜੇ ਨੂੰ ਦੂਜੇ ਦਾ ਨਹੀਂ ਪਤਾ, ਮਰਦਾਨਿਆ! ਇਸੇ ਤਰ੍ਹਾਂ ਨਾਲ ਨਾਮ ਜਪਣ ਵਾਲੇ ਨਾਮ ਦੀ ਕੀਮਤ ਜਾਣਦੇ ਨੇ, ਦੂਸਰਿਆਂ ਨੂੰ ਨਹੀਂ ਪਤਾ ਕਿ ਨਾਮ ਕੀ ਹੁੰਦਾ ਹੈ। ਇਹ ਤਾਂ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***

***ਅੰਗ - 81***

ਐਨੇ ਨੂੰ ਜੌਹਰੀ ਆ ਗਿਆ, ਸਾਲਸਰਾਇ ਨੇ ਆ ਕੇ ਇਹੀ ਗੱਲ ਕਹੀ ਸੱਚੇ ਪਾਤਸ਼ਾਹ! ਬੜੀ ਕੀਮਤੀ ਚੀਜ਼ ਹੈ। ਮਹਾਰਾਜ ਕਹਿੰਦੇ ਕਾਹਦੀ ਕੀਮਤੀ ਹੈ। ਇਹ ਤਾਂ ਪੱਥਰ ਹੈ, ਤੇਰੇ ਕੋਲ ਤਾਂ ਇਸ ਤੋਂ ਵੀ ਵੱਧ ਕੀਮਤੀ ਚੀਜ਼ਾਂ ਨੇ। ਕਹਿੰਦਾ ਮਹਾਰਾਜ! ਮੇਰੇ ਤੋਸ਼ੇਖਾਨੇ 'ਚ ਤਾਂ ਐਹ ਲਾਲ ਨੂੰ ਦੇਣ ਜੋਗੇ ਵੀ ਪੈਸੇ ਨਹੀਂ। ਜੇ ਵੇਚਣਾ ਵੀ ਹੋਇਆ ਤਾਂ ਮੈਨੂੰ ਤਾਂ ਅੱਠ ਦੱਸ ਜੌਹਰੀ ਬੁਲਾਉਣੇ ਪੈਣੇ ਨੇ। ਤਾਂ ਕਿ ਇਕ ਦੂਜੇ ਤੋਂ ਰੇਟ ਕਰਕੇ ਅਸੀਂ ਤੁਹਾਡੇ ਕੋਲ ਬੇਨਤੀ ਕਰਾਂਗੇ, ਤਾਂ ਇਹ ਲਾਲ ਜੇ ਤੁਸੀਂ ਦੇਣਾ ਹੋਇਆ ਤਾਂ ਲੈ ਸਕਦੇ ਹਾਂ। ਕਹਿੰਦੇ ਨਹੀਂ ਅਸੀਂ ਇਹ ਗੱਲ ਨਹੀਂ ਕਰਦੇ, ਇਹ ਤਾਂ ਪੱਥਰ ਹੈ। ਤੇਰੇ ਕੋਲ ਇਸ ਤੋਂ ਕੀਮਤੀ ਚੀਜ਼ ਹੈ। ਕਹਿੰਦਾ ਮਹਾਰਾਜ ਮੈਂ ਤਾਂ ਹੈਰਾਨ ਹਾਂ ਇਸ ਤੋਂ ਕੀਮਤੀ ਕੀ ਚੀਜ਼ ਹੈ ਮੇਰੇ ਕੋਲ? ਕਹਿੰਦਾ ਮਹਾਰਾਜ ਮੇਰੇ ਕੋਲ ਸੁਆਸ ਨੇ, ਇਕ ਸੁਆਸ ਦੇ ਨਾਲ ਜੇ ਤੂੰ ਪ੍ਰਮੇਸ਼ਰ ਦਾ ਧਿਆਨ ਕਰ ਲਵੇਂ, ਇਕੋ ਸੁਆਸ ਤੇਰਾ ਬਾਕੀ ਬਚਦਾ ਹੋਵੇ, ਤੇਰਾ ਧਿਆਨ ਪ੍ਰਮੇਸ਼ਰ ਵਲ ਚਲਿਆ ਜਾਵੇ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਕਿੱਡੀ ਵੱਡੀ ਕੀਮਤੀ ਚੀਜ਼ ਹੈ ਜਿਹਨੂੰ ਸੰਸਾਰ ਗਵਾ ਰਿਹਾ ਹੈ। 24 ਹਜ਼ਾਰ ਸੁਆਸ ਘੱਟ ਵੱਧ ਹਰ ਬੰਦੇ ਨੂੰ ਆਉਂਦਾ ਹੈ। ਘਟਦੇ ਵੀ ਨੇ ਵਧਦੇ ਵੀ ਨੇ। ਕਿਸ ਤਰ੍ਹਾਂ ਦੇ ਨਾਲ ਇਹ ਨਾਸ਼ ਕਰ ਰਿਹਾ ਹੈ ਇਨ੍ਹਾਂ ਸੁਆਸਾਂ ਦਾ। ਸੁਆਸ ਦੀ ਕੀਮਤ ਪੁੱਛ।

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***

***ਅੰਗ - 902***

ਸੁਆਸ ਤਾਂ ਬਹੁਤ ਵੱਡੀ ਚੀਜ਼ ਹੈ, ਅੱਖ ਦੇ ਝਮਕੇ ਜਿੰਨੇ ਚਿਰ ਤੋਂ 15 ਗੁਣਾਂ ਘਟ ਟਾਇਮ ਨੂੰ ਇਕ ਛਿਣ ਕਹਿੰਦੇ ਨੇ। ਜਦ ਉਹਦੀ ਸੁਰਤ ਚਲੀ ਗਈ ਪ੍ਰਮੇਸ਼ਰ ਵਲ, ਉਸ ਵੇਲੇ ਹੀ ਉਹਦੀ ਉਤਮ ਗਤੀ ਹੋ ਗਈ।

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***

***ਅੰਗ - 981***

ਪੁਛੋ ਉਹਨੂੰ ਸੁਆਸ ਦੀ ਕੀਮਤ ਕੀ ਹੈ।

ਇਕ ਸਾਖੀ ਆਉਂਦੀ ਹੈ ਕਿ ਸਿਕੰਦਰ ਇਥੇ ਜਦੋਂ ਜਿੱਤ ਪ੍ਰਾਪਤ ਕਰ ਲਈ ਭਾਰਤ ਵਰਸ਼ ਦੇ ਵਿਚ। ਅੱਗੇ ਗਿਆ ਨਾ, ਫੌਜਾਂ ਨੇ ਜਵਾਬ ਦੇ ਦਿੱਤਾ। ਉਹ ਪੈਦਲ ਵਾਪਸ ਮੁੜਿਆ। ਵਾਪਸ ਮੁੜ ਕੇ ਜਾ ਕੇ ਉਹਨੇ ਇਸ਼ਨਾਨ ਕਰ ਲਿਆ। ਗਰਮ ਸਰਦ ਹੋ ਗਿਆ। ਦਵਾਈਆਂ ਦਿੰਦੇ ਨੇ, ਅਸਰ ਨਹੀਂ ਹੁੰਦਾ, ਸਗੋਂ ਹੋਰ ਬਿਮਾਰ ਹੁੰਦਾ ਜਾਂਦਾ ਹੈ। ਜੋਤਸ਼ੀ ਬੁਲਾਏ, ਕਹਿਣ ਲੱਗਿਆ ਦੇਖੋ, ਮੇਰੀ ਉਮਰ ਕਿੰਨੀ ਬਾਕੀ ਬਚਦੀ ਹੈ। ਜੋਤਸ਼ੀਆਂ ਨੇ ਹਿਸਾਬ ਕਿਤਾਬ ਕੱਢਿਆ, ਦੱਸਣ ਨਾ। ਕਹਿਣ ਲੱਗਿਆ ਦੱਸੋ? ਕਹਿੰਦੇ ਅਸੀਂ ਸਪਸ਼ਟ ਨਹੀਂ ਹਾਂ। ਕਹਿੰਦਾ ਜੋ ਸਮਝ ਵਿਚ ਆਇਆ ਹੈ ਉਹ ਦੱਸ ਦਿਓ। ਕਹਿੰਦੇ ਸਾਡੇ ਸਮਝ ਵਿਚ ਇਹ ਆਇਆ ਹੈ ਕਿ ਜਿਸ ਦਿਨ ਧਰਤੀ ਲੋਹੇ ਦੀ ਬਣ ਜਾਣੀ ਹੈ, ਅਸਮਾਨ ਲੋਹੇ ਦਾ ਬਣ ਜਾਣਾ ਹੈ ਉਸ ਦਿਨ ਤੁਹਾਡੀ ਮੌਤ ਹੋ ਜਾਣੀ ਹੈ। ਸਾਡੇ ਨਹੀਂ ਸਮਝ ਆਇਆ, ਅਸੀਂ ਖੋਲ੍ਹ ਕੇ ਨਹੀਂ ਦੱਸ ਸਕਦੇ। ਹੈਰਾਨ ਹੋ ਗਿਆ ਆਪ ਭੀ। ਉਥੇ ਜਾਂਦੇ-ਜਾਂਦੇ ਉਹਨੂੰ ਗਸ਼ ਪੈ ਗਈ। ਅੰਗ ਰਖਸ਼ਕਾਂ ਕੋਲ ਕੁਛ ਨਹੀਂ ਸੀ। ਛਾਂ ਕਿਤੇ ਹੈ ਨਹੀਂ ਸੀ। ਇਕ ਦਮ ਉਹਦੇ ਜ਼ਰਾ ਬਖਤਰ (ਲੋਹੇ ਦੇ ਵਸਤਰ) ਜਿਹੜੇ ਪਹਿਨੇ ਹੋਏ ਸੀ,

ਉਹ ਥੱਲੇ ਵਿਛਾ ਦਿਤੇ ਤੇ ਉਤੇ ਧੁੱਪ ਪੈ ਰਹੀ ਸੀ, ਉਹਦੀ ਢਾਲ ਬਰਛੇ ਤੇ ਟੰਗ ਦਿਤੀ। ਸੂਰਜ ਦੇ ਨਾਲ ਟਕਰਾ ਕੇ ਕਿਰਨਾਂ ਸੋਨੇ ਰੰਗੀਆਂ ਆਉਣੀਆਂ ਸ਼ੁਰੂ ਹੋ ਗਈਆਂ। ਦਵਾਈ ਦੇਣੀ ਸ਼ੁਰੂ ਕਰ ਦਿਤੀ, ਜਦੋਂ ਹੋਸ਼ ਵਿਚ ਆਇਆ, ਉਸ ਵੇਲੇ ਆਲੇ-ਦੁਆਲੇ ਹੱਥ ਮਾਰਿਆ, ਕਹਿਣ ਲੱਗਾ, ਲੋਹਾ ਹੈ ਮੇਰੇ ਥੱਲੇ। ਧਰਤੀ ਲੋਹੇ ਦੀ ਬਣ ਗਈ, ਉਤੇ ਦੇਖਦਾ ਹੈ ਕਿ ਇਹ ਤਾਂ ਸੁਨਹਿਰੀ ਹੋ ਗਿਆ ਸਾਰਾ ਅਸਮਾਨ। ਰੋਣ ਲਗ ਗਿਆ ਕਿ ਮੇਰਾ ਤਾਂ ਅੰਤ ਸਮਾਂ ਆ ਗਿਆ। ਵੱਡੇ ਵੈਦ ਨੂੰ ਕਹਿਣ ਲੱਗਿਆ, ਵੈਦ ਜੀ ਜੇ ਤੂੰ ਮੈਨੂੰ ਮਕਦੂਨੀਆਂ ਤੱਕ ਕੋਈ ਦਵਾਈ ਲੈ ਕੇ ਲੈ ਜਾਵੇਂ ਤਾਂ ਮੈਂ ਤੈਨੂੰ ਅੱਧਾ ਰਾਜ ਦੇ ਦੇਵਾਂਗਾ ਕਿਉਂਕਿ ਮਾਂ ਨਾਲੋਂ 12 ਸਾਲ ਦਾ ਵਿਛੜਿਆ ਹੋਇਆ ਹਾਂ। 20 ਸਾਲ ਦੀ ਉਮਰ ਸੀ ਮੇਰੀ ਜਦੋਂ ਮੈਂ ਵਿਛੜਿਆਂ। ਮੈਂ ਮਾਂ ਨਾਲ ਗੱਲਾਂ ਕਰਨੀਆਂ ਚਾਹੁੰਦਾ ਹਾਂ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਫਤਹਿ ਕਰੀ। ਫੇਰ ਕਹਿਣ ਲੱਗਿਆ ਜੇ ਤੈਨੂੰ ਅੱਧਾ ਰਾਜ ਥੋੜ੍ਹਾ ਹੈ ਮੈਂ ਸਾਰਾ ਰਾਜ ਦੇ ਦੇਵਾਂਗਾ। ਕੋਈ ਦਵਾਈ ਦੇ। ਉਹ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਤੇਰੀ ਸਮਾਨ ਪ੍ਰਾਣ ਦੀ ਗੱਠ ਖੁਲ੍ਹ ਚੁੱਕੀ ਹੈ। ਤੇਰੇ ਹੁਣ ਗਿਣਵੇਂ ਸੁਆਸ ਨੇ ਉਸ ਤੋਂ ਬਾਅਦ ਤੇਰਾ ਸਰੀਰ ਸ਼ਾਂਤ ਹੋ ਜਾਣਾ ਹੈ। ਇਹ ਲੋਕ ਰਾਜ ਕੀ, ਜੇ ਤੂੰ ਤਿੰਨਾਂ ਲੋਕਾਂ ਦਾ ਰਾਜ ਵੀ ਦੇਵੇਂ ਤਾਂ ਵੀ ਮੈਂ ਇਕ ਸੁਆਸ ਵੀ ਤੈਨੂੰ ਫਾਲਤੂ ਨਹੀਂ ਦਿਵਾ ਸਕਦਾ। ਸਿਕੰਦਰ ਨੇ ਐਨੀ ਗੱਲ ਸੁਣ ਕੇ ਧਾਹ ਮਾਰੀ। ਕਹਿਣ ਲੱਗਿਆ, ਓ ਵੈਦ! ਐ ਦੁਨੀਆਂ ਦੇ ਲੋਕੋ! ਮੈਨੂੰ ਉਸ ਵੇਲੇ ਸੁਆਸ ਦੀ ਕੀਮਤ ਪਤਾ ਲੱਗੀ ਜਿਸ ਵਕਤ ਮੈਂ ਬੇਵਸ ਹੋ ਗਿਆ। ਕਿੰਨੇ ਸੁਆਸ ਮੈਂ ਖੋ ਦਿਤੇ। ਕਹਿੰਦਾ ਮੈਨੂੰ ਪਤਾ ਨਹੀਂ ਸੀ ਕਿ ਇਕ ਸੁਆਸ ਦੀ ਕੀਮਤ ਤਿੰਨਾਂ ਲੋਕਾਂ ਦੀ ਕੀਮਤ ਤੋਂ ਵੀ ਜ਼ਿਆਦਾ ਹੈ।

ਮਹਾਰਾਜ ਕਹਿੰਦੇ, ਸਾਲਸਰਾਇ! 24 ਹਜ਼ਾਰ ਸੁਆਸ ਤੇਰੇ ਰੋਜ਼ ਜ਼ਾਇਆ ਹੋ ਰਹੇ ਨੇ। ਸੌ ਸਾਲ ਦੀ ਉਮਰ ਵਾਲੇ ਕੋਲ 88 ਕਰੋੜ 68 ਲੱਖ ਸੁਆਸ ਵਾਹਿਗੁਰੂ ਦਿੰਦਾ ਹੈ। 75 ਸਾਲ ਦੀ ਉਮਰ ਵਾਲੇ ਕੋਲ 66 ਕਰੋੜ, 44 ਲੱਖ ਸੁਆਸ ਹੋਇਆ ਕਰਦਾ ਹੈ। ਕਿੰਨੇ ਸੁਆਸ ਨੇ ਜਿਹੜੇ ਪ੍ਰਮੇਸ਼ਰ ਦੇ ਨਮਿਤ ਲਗਦੇ ਨੇ ਸਾਡੇ? ਇਕ ਬੰਦਾ ਆਸਤਕ ਹੈ ਦਿਨ ਰਾਤ ਭਜਨ ਕਰਦਾ ਹੈ। ਪਹਿਲੇ ਪੰਜ ਸਾਲ ਤਾਂ ਹੋਸ਼ ਹੀ ਨਹੀਂ ਹੁੰਦੀ। 70 ਬਚ ਗਏ ਸਾਡੇ ਕੋਲ। ਫੇਰ ਪੜ੍ਹਾਈ ਲਿਖਾਈ, ਕੰਮ ਕਰਨੇ ਨੇ, ਫੇਰ ਵੀ ਅਸੀਂ ਸੁਆਸ ਲੇਖੇ ਨਹੀਂ ਲਾਉਂਦੇ। 15-16 ਸਾਲ ਦੇ ਨੂੰ ਕਿਸੇ ਮਹਾਤਮਾ ਦੀ ਸੰਗਤ ਹੋ ਗਈ ਹੋਵੇ, ਦ੍ਰਿੜ ਕਰਾ ਦਿਤਾ। ਉਸ ਵੇਲੇ ਤੋਂ ਉਹਨੇ ਕਰ ਲਿਆ ਕਿ ਮੈਂ ਢਾਈ ਘੰਟੇ ਜ਼ਰੂਰ ਨਾਮ ਜਪਾਂਗਾ।

ਨਾਮ ਜਪਣ ਵਿਚ ਭੇਦ ਹੈ। ਜੇ ਬਿਰਤੀ ਹੀ ਨਹੀਂ ਟਿਕਦੀ, ਮਨ ਉਡਾਰੀਆਂ ਮਾਰਦਾ ਹੈ।

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - 66***

ਫੇਰ ਦੱਸੋ ਲੇਖੇ ਵਿਚ ਕਿਵੇਂ ਪਵੇ। ਗੁਰੂ ਨਾਨਕ ਸਾਹਿਬ ਨੇ ਕਿਹਾ, "ਨਵਾਬ ਸਾਹਿਬ! ਤੇਰੀ ਨਮਾਜ਼ ਲੇਖੇ 'ਚ ਨਹੀਂ ਪਈ ਕਿਉਂਕਿ ਤੂੰ ਘੋੜੇ ਖਰੀਦਦਾ ਰਿਹਾ ਹੈਂ। ਕਾਜ਼ੀ ਸਾਹਿਬ! ਤੇਰੀ ਨਮਾਜ਼ ਲੇਖੇ ਵਿਚ ਨਹੀਂ ਪਈ, ਕਿਉਂਕਿ ਤੂੰ ਵਛੇਰੀ ਮੋੜੀ ਗਿਐਂ। ਫੇਰ ਲੇਖੇ ਵਿਚ ਕਿਹੜੀ ਪੈਂਦੀ ਹੈ? ਲੇਖੇ 'ਚ ਉਹ ਪੈਂਦੀ ਹੈ ਜਿਹੜੀ ਠੀਕ ਢੰਗ ਦੇ ਨਾਲ ਹਾਜ਼ਰੀ ਦੇ ਵਿਚ ਨਾਮ ਜਪਿਆ ਜਾਵੇ। ਹਾਜ਼ਰੀ ਵਿਚ ਰਹਿ ਕੇ ਬਾਣੀ ਪੜ੍ਹੀ ਜਾਵੇ। ਨਾਮ ਓਹੀ ਲੇਖੇ ਵਿਚ ਪੈਂਦਾ ਹੈ, ਜਿਹੜਾ ਪੂਰੀ ਵਿਧੀ ਦੇ ਨਾਲ, ਪੂਰੇ ਤਰੀਕੇ ਦੇ ਨਾਲ ਜਪਿਆ ਜਾਵੇ। ਜੇ ਮਨ ਹੀ ਉਡਾਰੀਆਂ ਮਾਰੀ ਜਾਂਦਾ ਹੈ, ਨਾਮ ਕੌਣ ਫੇਰ ਜਪਦੈ? ਉਹ ਤਾਂ ਆਦਤ ਪਈ ਹੋਈ ਹੈ।

ਜੇ ਭਾਵਨਾ ਹੀ ਅੰਦਰ ਪੈਦਾ ਨਹੀਂ ਹੋਈ ਕਿ ਜਿਹਦਾ ਨਾਮ ਲੈਂਦਾ ਹੈਂ, ਉਹ ਕੌਣ ਹੈ? ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਦੇਖੋ, ਕਿੰਨੀ ਉਮਰ ਲੇਖੇ 'ਚ ਪੈਂਦੀ ਹੈ। 20 ਸਾਲ ਸਾਡੇ ਐਵੇਂ ਨਿਕਲ ਗਏ, 50 ਰਹਿ ਗਏ ਨਿਤਨੇਮ ਅਸੀਂ ਕਰ ਲਿਆ, ਢਾਈ ਘੰਟੇ ਅਸੀਂ ਨਹੀਂ ਹਟਣਾ, ਰੋਜ਼ ਲਾਉਣੇ ਨੇ। ਸਾਡੀ ਉਮਰ ਲੇਖੇ ਵਿਚ ਕਿੰਨੀ ਪਈ ਪੰਜ ਸਾਲ। ਬਾਕੀ ਦੇ 65 ਸਾਲ ਤਾਂ ਅਸੀਂ ਗਵਾ ਲਏ ਨਾ। ਲੇਖੇ ਵਿਚ ਤਾਂ ਪਿਆ ਨਾ ਸਾਡਾ ਸਾਰਾ। ਮਹਾਰਾਜ ਕਹਿੰਦੇ -

***ਸਾਸਿ ਸਾਸਿ ਸਿਮਰਹੁ ਗੋਬਿੰਦ॥ ਅੰਗ - 295***

ਉਹਦੀ ਪਦਵੀ ਕਿੱਡੀ ਹੁੰਦੀ ਹੈ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਅੰਗ - 319***

***'ਚਲਦਾ'***

# ਸਤਿਸੰਗ ਅਤੇ ਨਾਮ-ਸਿਮਰਨ ਦੀ ਮਹਿਮਾ

*(ਬਹਿਰਾਮ ਵਿਖੇ ਲੱਗੇ ਮਹਾਂਪੁਰਸ਼ਾਂ ਦੇ ਸਾਲਾਨਾ ਦੀਵਾਨ)*

(ਪਹਿਲਾ ਦੀਵਾਨ - ਮਿਤੀ 17.3.1997)

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ 34-39)*

ਐਸੇ ਇਤਿਹਾਸ ਦੇ ਅੰਦਰ ਬਹੁਤ ਸਾਰੇ ਬਚਨ ਆਉਂਦੇ ਨੇ। ਗੁਰੂ ਦਸਮੇਸ਼ ਪਿਤਾ ਜੀ ਦੇ ਵੇਲੇ, ਚੰਡੀਗੜ੍ਹ ਤੋਂ 25 ਮੀਲ ਤੇ ਪਉਂਟੇ ਸਾਹਿਬ ਵੱਲ ਇਕ ਨਿੱਕਾ ਜਿਹਾ ਸ਼ਹਿਰ ਹੁੰਦਾ ਸੀ, ਹੁਣ ਤਾਂ ਥੋੜ੍ਹਾ ਜਿਹਾ ਜਿਆਦਾ ਵਧ ਗਿਆ, ਅਜੇ ਵੀ ਛੋਟਾ ਹੀ ਹੈ ਉਸ ਨੂੰ ਰਾਏਪੁਰ ਰਾਣੀ ਕਹਿੰਦੇ ਸੀ। ਉਥੇ ਇਕ ਰਾਣੀ ਰਾਜ ਕਰਿਆ ਕਰਦੀ ਸੀ ਤੇ ਰਾਏਪੁਰ ਨਗਰ ਦਾ ਨਾਉਂ ਸੀ। ਛੋਟਾ ਜਿਹਾ ਕਿਲ੍ਹਾ ਉਸ ਦਾ। ਉਸ ਥਾਂ ਤੇ ਇਕ ਬੜਾ ਸੋਹਣਾ ਸੁਧਰਿਆ ਹੋਇਆ ਪਰਿਵਾਰ ਰਹਿੰਦਾ ਸੀ। ਘਰ ਵਾਲੇ ਦਾ ਨਾਂ ਸੋਹਣਾ ਸੀ ਤੇ ਜਿਹੜੀ ਬੀਬੀ ਸੀ ਉਸ ਦੇ ਘਰੋਂ ਉਸ ਦਾ ਨਾਮ ਮੋਹਣਾ ਸੀ। ਉਨ੍ਹਾਂ ਨੂੰ ਸ਼ੌਕ ਲੱਗ ਗਿਆ ਕਿ ਵਾਹਿਗੁਰੂ ਦੇ ਦਰਸ਼ਨ ਕਰਨੇ ਨੇ ਤੇ ਇਸੇ ਜਨਮ ਵਿੱਚ ਕਰਨੇ ਨੇ ਕਿਉਂਕਿ ਇਹ ਬਾਰ ਬਾਰ ਨਹੀਂ ਸਰੀਰ ਮਿਲਦਾ ਸਾਧ ਸੰਗਤ ਜੀ!

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***
***ਅੰਗ - 1366***

ਇਹ ਬਾਰ ਬਾਰ ਨਹੀਂ ਮਿਲਦਾ, ਆਹੀ ਸਮਾਂ ਹੈ, ਇਸੇ ਜਨਮ ਵਿੱਚ ਚਾਹੇ ਤਾਂ ਮਿਲ ਜਾਓ, ਨਹੀਂ ਤਾਂ ਪਤਾ ਨਹੀਂ ਕਿਥੇ ਜਨਮ ਹੋਵੇ, ਫੇਰ ਨੌਂ ਮਹੀਨੇ ਮਾਤਾ ਦੇ ਪੇਟ ਵਿਚ ਪੁੱਠੇ ਲਟਕੋ, ਗਰੀਬ ਘਰ ਨਾਲ ਵਾਹ ਪੈ ਜਾਏ ਜਾਂ ਕਿਸੇ ਹੋਰ ਘਰ ਨਾਲ ਵਾਹ ਪੈ ਜਾਏ। ਜੇ ਹੁਣ ਹੈ ਤਾਂ ਕਹਿੰਦੇ ਹੁਣ ਮਿਲ ਸਕਦਾ ਹੈ। ਇਸ ਦੇ ਵਿੱਚ ਇਹ ਦੀਵਾਰ ਨਹੀਂ ਕੀਤੀ, ਬਹੁਤ ਸਾਰੇ ਪ੍ਰੇਮੀ ਦਿਲ ਤੋੜ ਦਿੰਦੇ ਨੇ ਇਹ ਗੱਲਾਂ ਕਰਕੇ ਕਿ ਭਾਈ ਉਸ ਨੇ 100 ਜਨਮ ਤਪਸਿਆ ਕੀਤੀ, ਨਾ ਇਨ੍ਹਾਂ ਗੱਲਾਂ ਵਿਚ ਨਹੀਂ ਆਉਂਦਾ, ਵਾਹਿਗੁਰੂ ਹੈ ਪਿਆਰ ਦੇ ਵਸ ਵਿੱਚ।

***ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ***
***ਤਿਨ ਹੀ ਪ੍ਰਭੁ ਪਾਇਓ॥ ਤ੍ਵਪ੍ਰਸਾਦਿ ਸ੍ਵਯੇ***

ਕਿਥੇ ਲਿਖਿਆ ਹੋਇਆ ਹੈ ਕਿ ਜਿਸ ਨੇ ਤਪਸਿਆ ਕਰੀ ਹੈ ਉਸ ਨੂੰ ਮਿਲਦਾ ਹੈ, ਕਿਤੇ ਦਿਖਾ ਦਿਓ ਮੈਨੂੰ, ਹੋਰ ਕਿਸੇ ਤਰੀਕੇ ਨਾਲ ਮਿਲਦਾ ਹੀ ਨਹੀਂ। ਜੇ ਬਹੁਤੇ ਜਾਪ ਹੀ ਕਰੀ ਜਾਂਦਾ ਹੈ ਮਹਾਰਾਜ ਕਹਿੰਦੇ ਨਹੀਂ, ਆਹ! ਇਕ ਪੰਛੀ 'ਤੂੰ ਹੀ, ਤੂੰ ਹੀ' ਕਰੀ ਜਾਂਦਾ ਹੈ। ਉਹ ਭਾਵਨਾ ਅੰਦਰ ਹੋਣੀ ਚਾਹੀਦੀ ਹੈ, ਭਾਵਨਾ ਦੇ ਨਾਲ ਇਸੇ ਜਨਮ ਵਿਚ ਕਾਰੋਬਾਰ ਕਰਦੇ ਹੋਏ -

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***
***ਅੰਗ - 522***

ਮਹਾਰਾਜ ਨੇ ਸਾਨੂੰ ਵੱਖਰਾ ਨਹੀਂ ਕਰਿਆ ਸਮਾਜ ਤੋਂ, ਜੰਗਲਾਂ ਵਿਚ ਜਾਣ ਦਾ ਕਿਤੇ ਸਾਨੂੰ ਆਦੇਸ਼ ਨਹੀਂ ਦਿੱਤਾ, ਹਾਂ ਇਹ ਆਦੇਸ਼ ਦਿੱਤਾ ਹੈ ਕਿ ਅੰਮ੍ਰਿਤ ਵੇਲੇ ਜਾਗੋ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ - 305***

ਇਹ ਇਕ ਨਿਤਨੇਮ ਬਣਾ ਦਿੱਤਾ ਕਿ ਕੰਮ ਵੀ ਕਰੋ ਤੇ ਤੁਸੀਂ ਪ੍ਰਮੇਸ਼ਰ ਤਕ ਪਹੁੰਚ ਸਕਦੇ ਹੋ, ਪ੍ਰਮੇਸ਼ਰ ਦੂਰ ਨਹੀਂ ਬਿਲਕੁਲ ਤੁਹਾਡੇ ਨਾਲ ਹੈ। ਕਿੰਨਾ ਨਾਲ ਹੈ? ਹੁਣ ਤਾਂ ਪਲਾਸਟਿਕ ਦਾ ਕਾਗਜ਼ ਆ ਗਿਆ ਜਿਹੜਾ ਪਤਲੇ ਤੋਂ ਪਤਲਾ ਹੈ। ਪਹਿਲਾਂ ਭੰਬੀਰੀ ਦਾ ਜਿਹੜਾ ਫੰਘ ਸੀ ਉਸ ਨੂੰ ਪਤਲੇ ਤੋਂ ਪਤਲਾ ਗਿਣਦੇ ਹੁੰਦੇ। ਮਹਾਰਾਜ ਕਹਿੰਦੇ ਐਨਾ ਪਤਲਾ ਹੈ -

***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
***ਅੰਗ - 624***

ਜਿੰਨੀ ਫੰਘ (ਖੰਭ) ਦੀ ਮੋਟਾਈ ਹੈ ਐਨਾ ਰੱਬ ਦਾ ਤੇ ਤੁਹਾਡਾ ਫਰਕ ਹੈ, ਆਪਸ ਵਿਚ ਜੋੜ ਨਹੀਂ ਜੁੜਿਆ ਹੋਇਆ ਤੇ ਫੇਰ ਕਹਿੰਦੇ ਨੇ ਇਕੋ ਹੀ ਪਲੰਘ ਦੇ ਉਤੇ ਦੋ ਰਹਿੰਦੇ ਨੇ। ਇਕੋ ਸੇਜਾ ਹੈ ਦੋਹਾਂ ਦੀ, ਅੰਤਸ਼ਕਰਨ ਉਸ ਦੀ ਸੇਜਾ ਹੈ, ਅੰਤਸ਼ਕਰਨ ਜੀਵ ਦੀ ਸੇਜਾ ਹੈ, ਲੇਕਿਨ ਵਿਚਾਲੇ ਇਕ ਵੱਟ ਪਾਈ ਹੋਈ ਹੈ ਜੀਵ ਨੇ, ਵਾਹਿਗੁਰੂ ਨੇ ਨਹੀਂ ਪਾਈ, ਇਸ ਜੀਵ ਨੇ ਪਾ ਲਈ। ਕਹਿੰਦੇ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263***

ਗੱਲ ਸਮਝੋ ਮੇਰੀ, ਹਉਮੈ ਦੀ ਕੰਧ ਬਣਾ ਲਈ ਅਸੀਂ, ਇਹ ਜਿਹੜਾ ਭੰਬੀਰੀ ਦਾ ਫੰਘ ਹੈ ਜਾਂ ਪਲਾਸਟਿਕ ਪਤਲਾ ਜਿਹਾ ਐਨੀ ਕੁ ਮੋਟੀ ਕੰਧ ਬਣਾ ਲਈ। ਇਹ ਟੁਟਦੀ ਨਹੀਂ ਹੈ -

***ਗੁਰਿ ਪੂਰੈ ਹਉਮੈ ਭੀਤਿ ਤੋਰੀ.......॥ ਅੰਗ - 1263***

ਜਿੰਨਾ ਚਿਰ ਪੂਰਾ ਗੁਰੂ ਨਹੀਂ ਮਿਲਦਾ, ਉਹ ਕੰਧ ਦੇ

ਵਿਚ ਛੇਕ ਨਹੀਂ ਕਰ ਸਕਦਾ, ਤੋੜ ਨਹੀਂ ਸਕਦਾ ਐਨੀ ਮਜਬੂਤ ਹੈ –

*......... ਜਨ ਨਾਨਕ ਮਿਲੇ ਬਨਵਾਰੀ॥*

*ਅੰਗ - 1263*

ਹੁਣ ਇਸ ਗੱਲ ਦਾ ਤਾਂ ਸਾਨੂੰ ਪਤਾ ਲੱਗ ਗਿਆ ਕਿ ਨਾ ਤਾਂ ਉਹ ਜੰਗਲਾਂ ਵਿਚ ਹੈ, ਨਾ ਪਹਾੜਾਂ ਵਿਚ ਹੈ, ਬਹੁਤ ਸਾਰੇ ਪ੍ਰੇਮੀਆਂ ਦੇ ਐਸੇ ਨਿਸਚੇ ਹੁੰਦੇ ਨੇ, ਠੀਕ ਨੇ ਉਹ ਵੀ ਨਿਸਚੇ ਬਹੁਤ ਵਧੀਆ ਨੇ ਕਿਉਂਕਿ ਹਰ ਸਟੇਜ ਦਾ ਬੰਦਾ ਹੁੰਦਾ ਹੈ, ਆਪਣੀ ਸਟੇਜ ਦੇ ਮੁਤਾਬਕ ਉਸ ਦੇ ਨਿਸਚੇ ਕਾਇਮ ਹੋਇਆ ਕਰਦੇ ਨੇ। ਸਾਡਾ ਨਿਸਚਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਹਜੂਰ ਸਾਹਿਬ ਰਹਿੰਦੇ ਨੇ। ਦੂਜਾ ਨਿਸਚਾ ਹੋਰ ਹੈ। ਉਹ ਕਹਿੰਦੇ, ਨਹੀਂ, ਉਥੇ ਨਹੀਂ ਰਹਿੰਦੇ ਗੁਰੂ ਸਾਹਿਬ ਤਾਂ ਹੇਮਕੁੰਟ ਰਹਿੰਦੇ ਨੇ। ਇਸਲਾਮ ਵਾਲਿਆਂ ਦਾ ਨਿਸਚਾ ਹੈ ਕਿ ਅੱਲਾ ਤਾਲਾ ਕਾਅਬਾ ਸ਼ਰੀਫ ਵਿਚ ਰਹਿੰਦਾ ਹੈ। ਕਬੀਰ ਸਾਹਿਬ ਇਸ ਗੱਲ ਨੂੰ ਬੜੇ ਵਿਅੰਗਕ ਢੰਗ ਦੇ ਨਾਲ ਸਮਝਾਉਂਦੇ ਹਨ। ਕਹਿੰਦੇ ਮੈਨੂੰ ਕਿਹਾ ਕਿ ਹੱਜ ਕਰ ਆ, ਉਥੇ ਰੱਬ ਦੇ ਦਰਸ਼ਨ ਕਰ ਆ। ਜਦੋਂ ਬਾਰ-ਬਾਰ ਇਸਲਾਮ ਵਾਲੇ ਕਹੀ ਗਏ ਮੈਂ ਕਿਹਾ ਚੰਗਾ ਚਲਦੇ ਹਾਂ ਫੇਰ ਆਪਾਂ। ਮੈਂ ਵੀ ਤਿਆਰੀ ਕਰ ਲਈ ਤੇ ਹੱਜ ਕਰਨ ਵਾਸਤੇ ਤੁਰ ਪਿਆ। ਜਦੋਂ ਮੈਂ ਕਾਂਸ਼ੀ ਤੋਂ ਬਾਹਰ ਨਿਕਲਿਆ ਮੈਂ ਕੀ ਦੇਖਦਾ ਹਾਂ ਰੱਬ ਸਾਹਮਣੇ ਹੀ ਆ ਗਿਆ ਮੇਰੇ। ਮੇਰੇ ਨਾਲ ਬਹੁਤ ਬੁਰੀ ਤਰ੍ਹਾਂ ਨਾਲ ਲੜ ਪਿਆ। ਕਹਿੰਦਾ ਓ ਕਬੀਰ! ਇਹ ਤਾਂ ਅੰਨ੍ਹੇ ਨੇ ਸਾਰੇ, ਤੂੰ ਵੀ ਅੰਨ੍ਹਾ ਹੈਂ? ਤੈਨੂੰ ਤਾਂ ਮੈਂ ਨੇਤਰ ਦਿੱਤੇ ਹੋਏ ਨੇ, ਤੂੰ ਤਾਂ ਮੈਨੂੰ ਰੋਜ਼ ਦੇਖਦਾ ਹੈਂ, ਤੈਨੂੰ ਕਿਵੇਂ ਭੁਲੇਖਾ ਪੈ ਗਿਆ ਕਿ ਮੈਂ ਉਥੇ ਹਾਂ –

*ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥*
*ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥*

*ਅੰਗ - 1375*

ਤੈਨੂੰ ਕਿਸ ਨੇ ਕਹਿ ਦਿੱਤਾ, ਮੈਂ ਤਾਂ ਘਟ-ਘਟ ਦੇ ਵਿਚ ਵਿਆਪਕ ਹਰੇਕ ਦੇ ਨਾਲ, ਅੰਦਰ ਰਹਿੰਦਾ ਹਾਂ, ਮੈਂ ਹੀ ਸ਼ਕਤੀ ਦਿੰਦਾ ਹਾਂ ਅੱਖਾਂ ਨੂੰ ਦੇਖਣ ਦੀ, ਕੰਨਾ ਨੂੰ ਸੁਣਨ ਦੀ, ਜ਼ੁਬਾਨ ਨੂੰ ਬੋਲਣ ਦੀ, ਦਿਮਾਗ ਵਿਚ ਸੋਚਣ ਦੀ, ਬੁੱਧੀ ਦਿੰਦਾ ਹਾਂ, ਮਨ ਦਿੰਦਾ ਹਾਂ, ਸਾਰਾ ਕੁਝ ਤਾਂ ਮੈਂ ਕਰ ਰਿਹਾ ਹਾਂ, ਮੈਨੂੰ ਹੀ ਨਹੀਂ ਪਛਾਣ ਰਹੇ, ਤੂੰ ਤਾਂ ਜਾਣਦਾ ਸੀ, ਤੂੰ ਕਿਉਂ ਚਲਿਆ? ਇਕ ਵਿਅੰਗ ਭਾਵ ਦੀ ਗੱਲ ਉਨ੍ਹਾਂ ਨੇ ਕਹੀ ਹੈ ਤਾਂ ਕਿ ਸਾਡੀ ਸਮਝ ਵਿਚ ਆ ਜਾਵੇ –

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥*

*ਅੰਗ - 1374*

ਐਨੀਆਂ ਉਚੀ-ਉੱਚੀ ਬਾਂਗਾਂ ਦਿੰਦਾ ਹੈਂ, ਰੱਬ ਨੂੰ ਸੁਣਾਉਂਦਾ ਹੈਂ ਰੱਬ ਬਹਿਰਾ (ਬੋਲਾ) ਹੈ? ਬੋਲਾ ਤਾਂ ਨਹੀਂ ਹੈ ਕਿ ਐਡੀ ਉੱਚੀ ਆਵਾਜ਼ ਨਾਲ ਹੀ ਉਸ ਨੂੰ ਸੁਣਦਾ ਹੈ। ਉਸ ਦੇ ਤਾਂ ਕੰਨ ਐਨੇ ਵਧੀਆ ਨੇ ਕਿ –

*ਹਾਥੀ ਕੀ ਚਿਘਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥*

*ਅਕਾਲ ਉਸਤਤਿ*

ਉਹ ਐਨਾ ਨੇੜੇ ਹੈ, ਉਸ ਦੇ ਨਾਲੋਂ ਨੇੜੇ ਹੋਰ ਕੋਈ ਚੀਜ਼ ਨਹੀਂ ਦੁਨੀਆ ਦੀ, ਕੋਈ ਨਹੀਂ ਹੈ। ਐਨਾ ਨੇੜੇ ਰਹਿੰਦਾ ਹੋਏ ਫੇਰ ਤਾਂ ਸਾਨੂੰ ਬੜਾ ਹੀ ਸੁਖਾਲਾ ਹੈ। ਨੇੜੇ ਹੈ ਮਨੁੱਖਾ ਜਨਮ ਵਿਚ, ਫੇਰ ਨਹੀਂ ਹੈ, ਫੇਰ ਫਰਕ ਪੈ ਜਾਂਦਾ ਹੈ। ਜੇ ਬਲਦ ਕਹੇ ਮੈਂ ਮਿਲਣਾ ਹੈ ਰੱਬ ਨੂੰ, ਉਹ ਨਹੀਂ ਮਿਲ ਸਕਦਾ, ਹਾਥੀ ਕਹੇ ਮੈਂ ਮਿਲਣਾ ਹੈ, ਨਹੀਂ ਮਿਲ ਸਕਦਾ ਕਿਉਂਕਿ ਫਰਕ ਪੈ ਗਿਆ। ਕੇਵਲ ਹੁਣ ਜਿਹੜਾ ਤੁਹਾਡਾ ਆਹ ਜਨਮ ਹੈ ਮਹਾਰਾਜ ਕਹਿੰਦੇ, ਆਹੀ ਲਾਹੇਵੰਦ ਕਰਨਾ ਹੈ, ਤੇਰੇ ਨਾਲ ਹੀ ਹੈ ਰੱਬ, ਤੂੰ ਛੂਹ ਰਿਹਾ ਹੈਂ ਰੱਬ ਨੂੰ ਹਰ ਰੋਜ਼, ਤੂੰ ਰੋਜ਼ ਸੁਣ ਰਿਹਾ ਹੈਂ, ਉਸ ਦੀ ਸ਼ਕਤੀ ਤੇਰੇ ਵਿੱਚ ਆ ਰਹੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ - 12*

ਤੇਰੀ ਵਾਰੀ ਆਈ ਹੋਈ ਹੈ ਪਿਆਰਿਆ ਲਾਭ ਲੈ ਪਿਆਰਿਆ। ਜੇ ਵਾਰੀ ਲੰਘ ਗਈ ਫੇਰ ਤੂੰ ਪਛਤਾਏਂਗਾ। ਕਹਿੰਦੇ, "ਮਹਾਰਾਜ! ਫੇਰ ਕਾਰੋਬਾਰ ਛੱਡ ਦੇਈਏ, ਕੰਮ ਛੱਡ ਦੇਈਏ?" ਮਹਾਰਾਜ ਕਹਿੰਦੇ, "ਤੈਨੂੰ ਕੌਣ ਕਹਿੰਦਾ ਹੈ? ਕੰਮ ਕਰ।"

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ॥*

*ਅੰਗ - 1376*

ਚਿਤ ਨੂੰ ਸੁਧਾਰ ਲੈ, ਚਿਤ ਨੂੰ ਮਨਾ ਲੈ ਕਿ ਰੱਬ ਦੇ ਨਾਲ ਲਾ ਕੇ ਰੱਖਣਾ ਹੈ, ਆਲਸੀ ਨਹੀਂ ਬਣਾਉਂਦੇ ਗੁਰੂ ਸਾਹਿਬ। ਮਹਾਰਾਜ ਕਹਿੰਦੇ ਕਿਰਤ ਕਰ, ਜੀਅ ਲਾ ਕੇ ਕਰ-

*ਕਮਾਵਦਿਆ ਸੁਖ ਭੁੰਚੁ॥* *ਅੰਗ - 522*

ਕਮਾ ਜਿੰਨਾ ਕਮਾ ਸਕਦਾ ਹੈਂ, ਨੇਕੀ ਦੀ ਕਮਾਈ ਕਰਕੇ ਕਮਾ। ਇਸ ਦੇ ਵਿਚੋਂ ਇਕ ਗੱਲ ਕਰੀਂ। ਤੈਨੂੰ ਦਿੰਦਾ ਹੈ ਵਾਹਿਗੁਰੂ, ਇਹ ਵੰਡ ਕੇ ਖਾਈਂ, ਇਕੱਲਾ ਨਾ ਖਾ ਲਈਂ। ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ ਇਕ ਸਾਡੀ ਜੀਵਨ ਜਾਚ ਹੈ, ਪ੍ਰਾਪਤੀ ਨਹੀਂ ਹੈ।

ਸੋ ਇਸ ਤਰ੍ਹਾਂ ਜਿਹੜਾ ਸਮਰੱਥ ਗੁਰੂ ਹੈ, ਉਹ ਅੰਦਰ ਪ੍ਰਮੇਸ਼ਰ ਦਿਖਾ ਦਿੰਦਾ ਹੈ, ਕੰਧ ਤੋੜ ਦਿੰਦਾ ਹੈ ਜਿਹੜੀ ਹਉਮੈ ਦੀ ਬਣੀ ਹੋਈ ਹੈ। ਉਸ ਤੋਂ ਬਗੈਰ ਨਹੀਂ ਕੋਈ

ਤਰੀਕਾ, ਹੋਰ ਹੈ ਹੀ ਨਹੀਂ, ਆਪਣੇ ਆਪ ਤਾਂ ਉਹ ਮਿਲਦਾ ਹੀ ਨਹੀਂ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਅੰਗ - 205***

ਇਸ ਦੇ ਬਾਰੇ ਹੋਰ ਵੀ ਮਿਸਾਲਾਂ ਨੇ ਕਿਉਂਕਿ ਜਦੋਂ ਗੱਲ ਸਮਝਾਉਣੀ ਹੁੰਦੀ ਹੈ ਉਦੋਂ ਬਹੁਤ ਸਾਰੀਆਂ ਮਿਸਾਲਾਂ ਲੈਣੀਆਂ ਪੈਂਦੀਆਂ ਹਨ ਤਾਂ ਕਿ ਗੱਲ ਜ਼ਹਿਨਨਸ਼ੀਨ ਹੋ ਜਾਵੇ, ਚੰਗੀ ਤਰ੍ਹਾਂ ਸਮਝ ਵਿਚ ਆ ਜਾਵੇ, ਅਣਜਾਣ ਬੰਦਾ ਵੀ ਸਮਝ ਜਾਵੇ। ਉਹ ਕਹਿੰਦੇ ਪਿਆਰਿਓ! ਰੱਬ ਨੇ ਆਪਣੇ ਘਰ ਨੂੰ ਤਾਲਾ ਲਗਾ ਦਿੱਤਾ। ਤਾਲਾ ਲੱਗੇ ਨੂੰ ਹੋ ਗਏ ਅਰਬਾਂ-ਖਰਬਾਂ ਸਾਲ ਤੇ ਇਸ ਦੀ ਚਾਬੀ ਗੁਰੂ ਕੋਲ ਹੈ। ਜੇ ਤਾਂ ਗੁਰੂ ਕੋਲ ਜਾ ਕੇ ਤੂੰ ਚਾਬੀ ਲੈ ਸਕੇਂ, ਉਹ ਖੋਲ੍ਹ ਦੇਵੇ ਤੇਰਾ ਤਾਲਾ, ਤੈਨੂੰ ਪ੍ਰਮੇਸ਼ਰ ਅੰਦਰ ਨਜ਼ਰ ਆ ਜਾਏਗਾ। ਹੁਣ ਸ਼ਰਤ ਦਾ ਪਤਾ ਲੱਗ ਗਿਆ ਕਿ ਚਾਬੀ ਗੁਰੂ ਕੋਲ ਹੈ, ਆਪਣੇ ਆਪ ਨਹੀਂ ਮਿਲਦਾ –

***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥ ਅੰਗ - 205***

ਜਿੰਨਾ ਜੀਅ ਕਰਦਾ ਹੈ ਉਪਾਅ ਕਰ ਲੈ, ਨਹੀਂ ਮਿਲਦਾ, ਕਿਉਂ ਰਸਤਾ ਨਹੀਂ ਪਤਾ ਲਗਦਾ, ਗਲਤ ਰਸਤੇ ਦੇ ਉਤੇ ਆਦਮੀ ਪਏ ਹੋਏ, ਗਲਤ ਧਾਰਨਾਵਾਂ ਨੇ। ਮਿਲਦੇ ਹੈ ਨਹੀਂ। ਜਿੰਨ੍ਹਾਂ ਨੇ ਅੱਖਾਂ ਨਾਲ ਦੇਖ ਲਿਆ ਉਨ੍ਹਾਂ ਦੀ ਗਵਾਹੀ ਸਹੀ ਹੁੰਦੀ ਹੈ –

***ਸੰਤਨ ਕੀ ਸੁਣਿ ਸਾਚੀ ਸਾਖੀ॥ ਅੰਗ - 894***

ਸਾਖੀ ਕਹਿੰਦੇ ਨੇ ਗਵਾਹੀ ਨੂੰ।

***ਸੋ ਬੋਲਹਿ ਜੋ ਪੇਖਹਿ ਆਖੀ॥ ਅੰਗ - 894***

ਜਿਹੜੀ ਅੱਖਾਂ ਨਾਲ ਦੇਖਦੇ ਨੇ ਉਹ ਗੱਲ ਕਰਦੇ ਨੇ, ਸੁਣੀ ਸੁਣਾਈ ਨਹੀਂ ਕਰਦੇ। ਐਹੋ ਜਿਹੇ ਟੋਲ੍ਹ (ਲੱਭ) ਲੈ ਗੁਰਸਿਖ, ਉਨ੍ਹਾਂ ਦੀ ਸੰਗਤ ਕਰ। ਉਨ੍ਹਾਂ ਦੀ ਸੰਗਤ ਵਿਚੋਂ ਤੈਨੂੰ ਪ੍ਰੇਮ ਨਾਲ ਮਿਲੇਗਾ, ਰਸਤਾ ਮਿਲੇਗਾ, ਨਹੀਂ ਤਾਂ ਕੁਰਾਹੇ ਪੈ ਜਾਏਂਗਾ। ਜੇ ਅੰਨ੍ਹਿਆ ਦੀ ਸੰਗਤ ਕਰੇਂਗਾ, ਤੈਨੂੰ ਕੋਈ ਰਾਹ ਨਹੀਂ ਲੱਭਣਾ, ਉਸ ਨੂੰ ਆਪ ਹੀ ਨਹੀਂ ਪਤਾ, ਪੂਰਬ ਕਿਧਰ ਹੈ, ਪੱਛਮ ਕਿਧਰ ਹੈ। ਨੇਤਰ ਨਹੀਂ ਦਿਤੇ ਰੱਬ ਨੇ। ਸੋ ਇਸ ਤਰ੍ਹਾਂ ਜਦੋਂ ਅਸੀਂ ਗੁਰੂ ਨਾਲ ਸੰਬੰਧ ਜੋੜਦੇ ਹਾਂ ਨਾ ਸਾਧ ਸੰਗਤ ਜੀ। ਗੁਰੂ ਜਿਹੜੇ ਨੇ ਉਹ ਸਮਰੱਥ ਨੇ। ਸਿੱਖ ਦੇ ਨਾਲ ਜ਼ਿਆਦਾ ਸੰਬੰਧ ਜੋੜਦੇ ਨੇ। ਇਹ ਸਾਨੂੰ ਨਹੀਂ ਪਤਾ ਕਿ ਅਸੀਂ ਗੁਰੂ ਨਾਲ ਸੰਬੰਧ ਜੋੜਿਆ ਤੇ ਗੁਰੂ ਦਾ ਵੀ ਸਾਡੇ ਨਾਲ ਜੁੜ ਗਿਆ। ਜੇ ਅਸੀਂ ਈਮਾਨਦਾਰ ਹਾਂ ਨਾ ਤਾਂ ਗੁਰੂ ਦਾ ਸੰਬੰਧ ਐਡਾ ਪੀਡਾ ਹੁੰਦਾ ਹੈ –

***ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਕਬਿੱਤ, ਭਾਈ ਗੁਰਦਾਸ ਜੀ***

ਤੁਸੀਂ ਕੋਈ 4 ਮੀਲ ਆਏ ਹੋ, ਕੋਈ 50 ਮੀਲ ਆਏ ਹੋ, ਗੁਰੂ ਓਨਾ ਹੀ ਚਲਿਆ ਕਰਦਾ ਹੈ ਹਜ਼ਾਰਾ ਗੁਣਾ ਤੁਹਾਡੇ ਤੋਂ ਨੇੜੇ ਆ ਕੇ, ਤੁਹਾਨੂੰ ਚੁੱਕਣਾ ਚਾਹੁੰਦਾ ਹੈ ਕਿ ਇਨ੍ਹਾਂ ਨੂੰ ਲੰਘਾ ਦਿਆਂ ਮੈਂ –

***ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ ..॥***
***ਕਬਿੱਤ ਭਾਈ ਗੁਰਦਾਸ ਜੀ***

ਪਿਆਰ ਦੇ ਨਾਲ ਜੇ ਇਕ ਕੌਡੀ ਵੀ ਮਹਾਰਾਜ ਨੂੰ ਮੱਥਾ ਟੇਕ ਦੇਵੇ –

***........... ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥***
***ਕਬਿੱਤ, ਭਾਈ ਗੁਰਦਾਸ ਜੀ***

ਦਰਵਾਜਾ ਖੋਲ੍ਹ ਦਿੰਦਾ ਹੈ ਰਿੱਧੀਆਂ ਸਿਧੀਆਂ ਦਾ, ਚੁੱਕ ਲੈ, ਜਿਹੜਾ ਕੁਝ ਚੁਕਣਾ ਹੈ, ਐਹੋ ਜਿਹਾ ਦਇਆਲੂ ਹੈ। ਉਹ ਨਹੀਂ ਦੇਖਦਾ, ਉਹ ਭਾਵਨਾ ਦਾ ਬੰਨ੍ਹਿਆ ਹੋਇਆ ਹੈ –

***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ ਦੀ ਵਾਰ 10/7***

ਸੋ ਗੁਰੂ ਤੇ ਸਿੱਖ ਦਾ ਸੰਬੰਧ ਬਹੁਤ ਹੀ ਪੀਢਾ (ਗੂੜਾ) ਹੈ, ਐਨਾ ਸੰਘਣਾ ਹੈ ਐਨਾ ਨਾ ਮਾਂ ਦਾ ਹੈ, ਨਾ ਪਿਓ ਦਾ ਹੈ, ਨਾ ਕਿਸੇ ਹੋਰ ਦਾ ਹੈ। ਜੇ ਗੁਰੂ ਹੈ ਤਾਂ ਇਹ ਨਾਲ ਰਹਿੰਦਾ ਹੈ, ਹਰ ਥਾਂ ਨਾਲ ਜਾਂਦਾ ਹੈ, ਪੱਕਾ ਸੱਜਣ ਹੈ –

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥***
***ਅੰਗ - 729***

ਮਿੱਤਰ ਉਹ ਜੋ ਮੁਸੀਬਤ ਸਮੇਂ ਕੰਮ ਆਏ, ਉਹ ਸਿਵਾਏ ਗੁਰੂ ਤੋਂ ਹੋਰ ਕੋਈ ਨਹੀਂ। ਜਿਸ ਦੇ ਉਤੇ ਸ਼ਰਧਾ ਹੈ ਉਹ ਛੁਡਾ ਲਏਗਾ।

ਮੈਂ ਆਪਣੇ ਪਿੰਡ ਖੜ੍ਹਾ ਸੀ ਧਮੋਟ। ਉਥੇ ਲਾਲਾ ਅਮਰ ਨਾਥ ਸੀ ਪਿਆ ਮੰਜੇ ਤੇ। ਮੈਨੂੰ ਕਹਿੰਦਾ ਕਿਥੋਂ ਆਇਆ ਹੈਂ? ਮੈਂ ਕਿਹਾ ਰਾੜੇ ਸਾਹਿਬ ਤੋਂ। ਰੋਣ ਲੱਗ ਗਿਆ। ਸੂਦ ਸੀ। ਮੈਂ ਕਿਹਾ, "ਲਾਲਾ ਜੀ! ਤੁਹਾਡਾ ਵੀ ਕਿਤੇ ਪ੍ਰੇਮ ਹੈ?" ਕਹਿੰਦਾ, "ਪ੍ਰੇਮ! ਮੇਰੀ ਗੱਲ ਸੁਣ ਲੈ।"

ਕਹਿੰਦਾ, "ਮੈਂ ਬਿਮਾਰ ਹੋ ਗਿਆ ਤੇ ਬਿਮਾਰੀ ਕਰਕੇ ਮੈਂ ਮਰ ਗਿਆ ਤੇ ਮੈਨੂੰ ਆ ਕੇ ਫੜ ਲਿਆ ਜਮਦੂਤਾਂ ਨੇ। ਮੈਂ ਡਰ ਗਿਆ, ਮੈਂ ਬੜੀ ਪੁਕਾਰ ਕਰੀ, ਜਿੰਨਿਆ ਨੂੰ ਮੈਂ ਜਾਣਦਾ ਸੀ ਸਾਰਿਆਂ ਨੂੰ ਕਰੀ ਤੇ ਅਖੀਰ ਤੇ ਮੈਂ ਕਿਹਾ ਕਿ ਹੇ ਰਾੜੇ ਵਾਲੇ ਮਹਾਂਪੁਰਸ਼ੋ! ਮੈਂ ਤੁਹਾਡਾ ਦਰਸ਼ਨ ਕਰਕੇ ਸਹੁਰਿਆਂ ਨੂੰ ਜਾਇਆ ਕਰਦਾ ਸੀ ਤੇ ਤੁਸੀਂ ਹੀ ਬਹੁੜੋ।

ਮੈਂ ਹੈਰਾਨ ਹੋ ਗਿਆ। ਇਕ ਦਮ ਬਿਜਲੀ ਜਿਵੇਂ ਚਮਕਦੀ ਹੈ ਇਸ ਤਰ੍ਹਾਂ ਸਾਹਮਣੇ ਆ ਕੇ ਖੜ੍ਹ ਗੇ। ਜਮਦੂਤਾਂ ਨੂੰ ਕਹਿਣ ਲੱਗੇ, ਇਸ ਨੂੰ ਲੈ ਕੇ ਨਾ ਜਾਓ, ਇਸ ਦੇ ਤਾਂ ਅਜੇ 5-6 ਸਾਲ ਬਕਾਇਆ ਬਚਦੇ ਨੇ, ਗਲਤ ਕਰਿਆ ਤੁਸੀਂ ਇਹ ਕੰਮ, ਛਡੋ ਇਸ ਨੂੰ। ਮੈਨੂੰ ਹੋਸ਼ ਆ ਗਈ ਸਾਰੀ, ਉਸ ਹੋਸ਼ ਵਿਚ ਮੈਂ ਇਹ ਕਰਿਆ ਕਿ ਮੇਰਾ ਬਾਗ 25 ਵਿੱਘੇ ਦਾ।" ਸਾਡੀ ਜਮੀਨ ਦੇ ਨਾਲ ਲਗਦਾ ਸੀ।

ਕਹਿੰਦਾ, "ਮੈਂ ਉਥੇ ਹੀ ਮੱਥਾ ਟੇਕ ਦਿੱਤਾ ਕਿ ਮਹਾਰਾਜ! ਮੈਂ ਆਹ ਬਾਗ ਤੁਹਾਡੇ ਚਰਨਾਂ ਵਿਚ ਭੇਂਟ ਕਰਦਾ ਹਾਂ। ਜਦੋਂ ਸੁਰਤ ਆ ਗਈ, ਘਰ ਵਾਲੀ ਦੌੜ ਕੇ ਆਈ। ਅਰਥੀ ਤੋਂ ਚੁੱਕ ਕੇ ਮੰਜੇ ਤੇ ਲੈ ਗਏ ਛੇਤੀ ਨਾਲ। ਮੈਂ ਕਿਹਾ ਦੇਖ! ਮੈਂ ਜੀਉਂਦਾ ਤਾਂ ਹੋ ਗਿਆ, ਲੰਮੀ ਗੱਲ ਨਹੀਂ ਮੈਂ ਕਰਨੀ, ਮੈਂ ਐਨੀ ਹੀ ਕਰਨੀ ਹੈ ਕਿ ਮੈਨੂੰ ਜਿਸ ਨੇ ਜੀਉਂਦਾ ਕਰਿਆ ਹੈ, ਛੁਡਾਇਆ ਹੈ ਜਮਦੂਤਾਂ ਤੋਂ ਮੈਂ ਆਪਣਾ ਬਾਗ ਜਿਹੜਾ 25 ਵਿਘੇ ਦਾ, ਉਨ੍ਹਾਂ ਦੇ ਚਰਨੀ ਭੇਂਟ ਕਰ ਦਿੱਤਾ ਸਣੇ ਦਰਖਤਾਂ ਦੇ। ਉਹ ਕਹਿੰਦੀ ਸਾਨੂੰ ਤੇਰੀ ਲੋੜ ਹੈ, ਬਾਗ ਦੀ ਲੋੜ ਨਹੀਂ ਹੈ। ਉਸ ਤੋਂ ਬਾਅਦ ਮੈਂ ਰਾਜੀ ਹੋ ਗਿਆ, ਮਹੀਨੇ ਵਿਚ ਮੈਂ ਤੁਰਨ ਫਿਰਨ ਲੱਗ ਪਿਆ, ਫੇਰ ਮੈਂ ਰਾੜੇ ਸਾਹਿਬ ਗਿਆ। ਮਹਾਰਾਜ ਨੂੰ ਸਾਰੀ ਬੇਨਤੀ ਕਰੀ। ਉਹ ਕਹਿੰਦੇ ਭਾਈ! ਛੋਟੇ ਸੰਤਾਂ ਨਾਲ ਗੱਲ ਕਰ ਲੈ। ਛੋਟਿਆਂ ਨਾਲ ਗੱਲ ਕਰੀ, ਉਹ ਕਹਿੰਦੇ ਲਾਲਾ ਜੀ, ਅਸੀਂ ਖੇਤੀ ਕਰਨ ਤਾਂ ਜਾਣਾ ਨਹੀਂ, ਮੁੱਲ ਪਾ ਦਿੰਦੇ ਹਾਂ, ਪੈਸੇ ਇਥੇ ਲਾ ਦੇਈਂ ਕਿਤੇ ਆਪਣੇ ਹੱਥ ਨਾਲ, ਆਪੇ ਹੀ ਲਾ ਦੇਹ। ਤੂੰ ਪਾਉਣਾ ਹੈ ਮੁੱਲ ਜਾਂ ਅਸੀਂ ਪਾਈਏ। ਮੈਂ ਕਿਹਾ ਮਹਾਰਾਜ! ਤੁਸੀਂ ਹੀ ਪਾ ਦਿਓ। ਕਹਿੰਦੇ ਫੇਰ ਇਹ ਨਾ ਕਹੀਂ ਕਿ ਬਹੁਤ ਪਾ ਦਿੱਤਾ ਜਾਂ ਥੋੜ੍ਹਾ ਪਾ ਦਿੱਤਾ। ਕਹਿੰਦਾ ਨਹੀਂ ਮਹਾਰਾਜ। ਕਹਿੰਦੇ ਸਮੇਤ ਦਰਖਤਾਂ 2500/- ਰੁਪਏ ਦਾ ਹੈ ਤੇਰਾ ਬਾਗ 100 ਰੁਪਏ ਵਿਘੇ ਦਾ, ਬਾਗ ਲੱਖਾਂ ਦੇ ਹਿਸਾਬ ਨਾਲ ਸੀ। ਮੈਂ ਲੱਗਿਆ ਗੱਲ ਕਰਨ, ਕਹਿੰਦੇ ਦੇਖ ਪਹਿਲਾਂ ਤੈਨੂੰ ਕਹਿ ਦਿੱਤਾ ਹੈ ਗੱਲ ਨਹੀਂ ਕਰਨੀ।"

ਉਹ ਕਹਿੰਦਾ, "2500/- ਰੁਪਏ ਦਾ ਮੈਂ ਕਮਰਾ ਬਣਵਾ ਦਿੱਤਾ ਉਥੇ, ਕਿਸੇ ਦਾ ਨਾਉ ਨਹੀਂ ਲਿਖਿਆ ਹੋਇਆ, ਮੇਰਾ ਨਾਉਂ ਲਿਖਿਆ ਹੋਇਆ ਹੈ।"

ਜਿਹੜਾ ਦਰਗਾਹ ਦੇ ਵਿਚ ਛੁਡਾ ਦੇਵੇ -

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ਅੰਗ - 729***

ਅਸਲੀ ਸਜਣ ਉਹ ਹੁੰਦੇ ਨੇ ਜਿਹੜੇ ਬਿਪਤਾ ਵਿਚ ਨਾਲ ਹੋਣ, ਜਿਹੜੇ ਸੁੱਖਾਂ ਦੇ ਸੱਜਣ ਨੇ ਉਹ ਖਾ ਪੀ ਕੇ ਲਾਂਭੇ ਹੁੰਦੇ ਨੇ। ਸੋ ਗੁਰੂ ਦਾ ਤੇ ਸਿਖ ਦਾ ਰਿਸ਼ਤਾ ਬਹੁਤ ਹੀ ਗਹਿਰਾ ਹੈ।

ਉਸ ਦਾ ਜਿਹੜਾ ਪਿਆਰ ਹੈ ਉਸ ਨੂੰ ਬਾਰ ਬਾਰ ਗੁਰੂ ਯਾਦ ਕਰੀ ਜਾਂਦਾ ਹੈ। ਇਕ ਮਿਸਾਲ ਨਾਲ ਸਮਝ ਵਿੱਚ ਆ ਜਾਏਗਾ, ਇਕ ਸਾਖੀ ਹੈ ਐਸੀ। ਉਹ ਸ਼ਹਿਰ ਜਿਹੜਾ ਛੋਟਾ ਜਿਹਾ ਕਸਬਾ ਸੀ ਉਸ ਵੇਲੇ ਰਾਏਪੁਰ ਰਾਣੀ। ਉਥੇ ਇਕ ਬੜਾ ਅਮੀਰ ਪਰਿਵਾਰ ਰਹਿੰਦਾ ਸੀ। ਉਨ੍ਹਾਂ ਨੂੰ ਕੋਈ ਸਾਧੂ ਮਿਲ ਗਿਆ, ਉਨ੍ਹਾਂ ਨੇ ਕਿਹਾ ਕਿ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ ਇਸੇ ਜਨਮ ਦੇ ਅੰਦਰ। ਉਹ ਕਹਿੰਦਾ ਤੁਸੀਂ ਠਾਕੁਰਾਂ ਦੀ ਪੂਜਾ ਕਰਿਆ ਕਰੋ, ਇਸ਼ਨਾਨ ਕਰਾਇਆ ਕਰੋ, ਭੋਗ ਲਗਵਾਇਆ ਕਰੋ, ਜੁਗਤ ਦੱਸ ਦਿੱਤੀ।

ਅੱਜ ਉਹ ਅੰਮ੍ਰਿਤ ਵੇਲੇ ਹੀ ਖੂਹ ਤੇ ਗਏ ਦੋਵੇਂ ਜਣੇ। ਪਹਿਲਾਂ ਆਪ ਇਸ਼ਨਾਨ ਕਰਿਆ, ਉਸ ਤੋਂ ਬਾਅਦ ਉਨ੍ਹਾਂ ਨੇ ਪਾਣੀ ਭਰਿਆ ਸੁੱਚਾ, ਸਿਰ ਤੇ ਟਿਕਾਇਆ ਬੀਬੀ ਨੇ ਤੇ ਠਾਕੁਰਾਂ ਦਾ ਇਸ਼ਨਾਨ ਕਰਾਉਣ ਤੇ ਭੋਗ ਲੁਗਆਉਣ ਵਾਸਤੇ ਚੱਲ ਪਏ। ਜਦੋਂ ਰਸਤੇ ਵਿਚ ਆਏ ਤਾਂ ਕੀ ਦੇਖਦੇ ਨੇ, ਇਕ ਸਿੰਘ ਗੁਰੂ ਦਸਮੇਸ਼ ਪਿਤਾ ਦਾ ਖੂਨ ਨਾਲ ਲੱਥ-ਪੱਥ ਹੋਇਆ ਪਿਆ, ਉਹ ਧਰਤੀ ਤੇ ਗਿਰ ਗਿਆ ਤੇ ਕਹਿਣ ਲੱਗਿਆ, "ਓ ਜਾਣ ਵਾਲਿਓ ਪ੍ਰੇਮੀਓ! ਮੈਨੂੰ ਇਕ ਘੁਟ ਪਾਣੀ ਪਿਲਾ ਦਿਓ, ਇਕ ਘੁੱਟ। ਦੇਖੋ ਤੁਸੀਂ ਭਲੇ ਪੁਰਸ਼ ਲਗਦੇ ਹੋ, ਮੈਨੂੰ ਇੱਕ ਘੁੱਟ ਪਾਣੀ ਦੇ ਦਿਓ ਜਲਦੀ ਕਰੋ।"

ਕਹਿਣ ਲੱਗੇ, "ਪ੍ਰੇਮੀਆ! ਪਾਣੀ ਤਾਂ ਦੇ ਦਿੰਦੇ, ਸਾਨੂੰ ਕੋਈ ਇਤਰਾਜ ਨਹੀਂ ਪਰ ਅਸੀਂ ਠਾਕੁਰਾਂ ਦਾ ਇਸ਼ਨਾਨ ਕਰਾਉਣਾ ਹੈ।"

ਉਹ ਕਹਿੰਦਾ, "ਓ ਪਿਆਰਿਓ! ਠਾਕੁਰ ਦੇ ਨਾਲ ਤੁਹਾਡਾ ਪਿਆਰ ਹੋਵੇ ਤੇ ਠਾਕੁਰ ਦੇ ਜਿਹੜੇ ਬੰਦੇ ਨੇ ਉਨ੍ਹਾਂ ਨੂੰ ਨਹੀਂ ਤੁਸੀਂ ਪਿਆਰ ਕਰਦੇ? ਠਾਕੁਰ ਤਾਂ ਤੁਹਾਡੇ ਤੇ ਤਾਂ ਰੀਝੇਗਾ ਜੇ ਠਾਕੁਰ ਦੇ ਬੰਦਿਆਂ ਨਾਲ ਪਿਆਰ ਕਰੋਗੇ। ਦੇ ਦਿਓ ਮੈਨੂੰ ਇਕ ਘੁੱਟ, ਮੇਰੀ ਜਾਨ ਨਿਕਲਦੀ ਜਾਂਦੀ ਹੈ।"

ਕਹਿਣ ਲੱਗੇ, "ਪਹਿਲਾਂ ਸੁੱਚਾ ਜਲ ਅਸੀਂ ਠਾਕੁਰ ਦੇ ਅਰਪਣ ਕਰਨਾ ਹੈ।"

ਕਹਿੰਦਾ, "ਫੇਰ ਤਾਂ ਤੁਸੀਂ ਬੜੇ ਕੁਰਾਹੇ ਪਏ ਓ, ਪਿਆਰਿਓ! ਇਹ ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ, ਗਲਤ ਰਸਤਾ ਹੈ ਤੁਹਾਡਾ। ਤੁਸੀਂ ਓਸ ਜਾਗਦੀ ਜੋਤ ਦੇ ਤਾਂ ਲੜ ਨਹੀਂ ਲੱਗੇ, ਪੱਥਰ ਦੇ ਲੜ ਲੱਗ ਪਏ।

ਗੁਰੂ ਮਹਾਰਾਜ ਸਾਨੂੰ ਇਸ ਤਰ੍ਹਾਂ ਦੇ ਨਾਲ ਦਸਦੇ ਨੇ

ਕਿ ਜਿਹੜਾ ਪ੍ਰਮੇਸ਼ਰ ਹੈ ਉਹ ਕੋਈ ਮੁਰਦਾ ਵਸਤੂ ਨਹੀਂ ਹੈ। ਉਹ ਬਿਲਕੁਲ ਜਾਗਦਾ, ਨਾਲ ਹੈ ਸਾਡੇ, ਅੰਦਰ ਵੀ ਹੈ ਬਾਹਰ ਵੀ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥ ਅੰਗ - 293*

ਉਸ ਨੂੰ ਜਪੋ ਵਾਹਿਗੁਰੂ-ਵਾਹਿਗੁਰੂ ਸੁੱਕਾ ਹੀ ਨਾ ਕਰੋ, ਵਾਹਿਗੁਰੂ ਨੂੰ ਸਮਝ ਕੇ ਨਾਮ ਜਪੋ। ਜਦੋਂ ਤੁਸੀਂ ਸਮਝ ਕੇ ਜਪੋਂਗੇ ਤਾਂ ਥੋੜ੍ਹਾ ਹੀ ਨਾਮ ਬੇਅੰਤ ਫਲੀਭੂਤ ਹੋ ਜਾਏਗਾ ਕਿਉਂਕਿ ਤੁਸੀਂ ਜਪ ਰਹੇ ਹੋ ਤੁਹਾਡਾ ਜਿਹੜਾ ਧੇਅ ਹੈ, ਤੁਹਾਡੇ ਸਾਹਮਣੇ ਹੈ, ਜੇ ਤੁਸੀਂ ਗੈਰ-ਹਾਜ਼ਰੀ ਵਿਚ ਜਪ ਰਹੇ ਹੋ, ਮਨ ਦੌੜਿਆ ਫਿਰਦਾ ਹੈ, ਰੱਬ ਦਾ ਪਤਾ ਹੀ ਨਹੀਂ ਹੈ, ਉਸ ਦੇ ਨਾਲ ਪਿਆਰ ਉਠਦਾ ਹੀ ਨਹੀਂ ਹੈ ਤਾਂ ਫੇਰ ਬੜੀ ਮਿਹਨਤ ਕਰਨੀ ਪੈਂਦੀ ਹੈ। ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ -2, 2.*
*ਜਾਗਦੀ ਜੋਤ ਨੂੰ -2, 2.*
*ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ,. -2.*

*ਜਾਗਤ ਜੋਤ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥ (ਖਾਲਸਾ)*

ਪਾਣੀ ਮੰਗ ਰਿਹਾ ਹੈ, ਗਲ ਖੁਸ਼ਕ ਹੋ ਗਿਆ। ਉਹ ਕਹਿੰਦਾ, "ਪ੍ਰੇਮੀਓ! ਤੁਹਾਡਾ ਤਾਂ ਰਸਤਾ ਗਲਤ ਹੈ, ਤੁਸੀਂ ਜੀਉਂਦੇ ਠਾਕੁਰ ਨੂੰ ਛੱਡ ਕੇ ਇਕ ਪੱਥਰ ਨੂੰ ਪੂਜ ਰਹੇ ਹੋ। ਠਾਕੁਰ ਨੂੰ ਮੰਨਦੇ ਹੋ ਤੇ ਠਾਕੁਰ ਦੇ ਬੰਦਿਆਂ ਤੇ ਤੁਹਾਨੂੰ ਤਰਸ ਨਹੀਂ ਆਉਂਦਾ, ਤੁਹਾਨੂੰ ਦਰਸ਼ਨ ਨਹੀਂ ਜੇ ਦੇਣ ਲੱਗਾ।"

ਗੱਲ ਸੁਣੀ, ਸੁਣ ਕੇ ਅਣਸੁਣੀ ਕਰ ਦਿੱਤੀ ਲੇਕਿਨ ਦਿਲ ਵਿਚ ਹੌਲ ਪੈ ਗਿਆ। ਦੋਏਂ ਚੁੱਪ ਕਰ ਗਏ। ਗੱਲਾਂ ਕਰਦੇ ਜਾਂਦੇ ਸੀ, ਹੁਣ ਨਾ ਉਹ ਉਸ ਨੂੰ ਬੁਲਾਉਂਦਾ ਹੈ, ਨਾ ਉਹ ਬੁਲਾਉਂਦੀ ਹੈ, ਘਰ ਚਲੇ ਗਏ। ਪੂਜਾ ਕਰੀ ਚਿਤ ਨਹੀਂ ਲੱਗਿਆ ਅੱਜ। ਸਿਤਾਰ ਵਾਦਨ ਦੇ ਬਹੁਤ ਮਾਹਿਰ ਸੀ, ਭਜਨ ਪੜ੍ਹੇ ਚਿਤ ਨਹੀਂ ਲੱਗ ਰਿਹਾ। ਇਕੋ ਆਵਾਜ਼ ਸੁਣੀ ਜਾਂਦੀ ਹੈ 'ਦਰਸ਼ਨ ਨਹੀਂ ਜੇ ਦੇਣ ਲੱਗਾ! ਦਰਸ਼ਨ ਨਹੀਂ ਜੇ ਦੇਣ ਲੱਗਾ!! ਦਰਸ਼ਨ ਨਹੀਂ ਜੇ ਦੇਣ ਲੱਗਾ!!! ਘਬਰਾ ਗਏ ਦੋਏ। ਕਹਿਣ ਲੱਗੇ, ਮਾੜਾ ਕੰਮ ਹੋ ਗਿਆ, ਪਾਣੀ ਨਾ ਪਿਲਾਇਆ, ਆਪਾਂ ਹੋਰ ਭਰ ਲਿਆਉਂਦੇ ਦੁਬਾਰਾ, ਕੀ ਸੀ, ਇਸ ਦੇ ਵਿੱਚ ਭੋਰਾ ਕੁ ਸਮਾਂ ਹੋਰ ਲੱਗ ਜਾਂਦਾ। ਕਹਿੰਦੇ ਚਲੋ ਹੁਣ ਦੇਖੀਏ ਪਾਣੀ ਲੈ ਚਲਦੇ ਹਾਂ, ਹੁਣ ਰੱਜ ਕੇ ਪਾਣੀ ਪਿਲਾ ਦਿਆਂਗੇ ਜਿੰਨਾ ਜੀਅ ਕਰਦਾ ਹੈ ਉਦੋਂ ਤਾਂ ਘੁੱਟ ਮੰਗਦਾ ਸੀ।

ਉਥੇ ਜਾ ਕੇ ਕੀ ਦੇਖਦੇ ਨੇ 10-12 ਬੰਦੇ ਆਲੇ ਦੁਆਲੇ ਖੜ੍ਹੇ ਨੇ, ਅਫਸੋਸ ਕਰ ਰਹੇ ਨੇ, ਸਿੰਘ ਚੜ੍ਹਾਈ ਕਰ ਗਿਆ ਹੈ।

ਗੁਰੂ ਦਸਮੇਸ਼ ਪਿਤਾ ਦਾ ਬੀਤ ਰਾਗ ਦਾ, ਅਭੇਦ ਅਵਸਥਾ ਦਾ ਗੁਰਸਿਖ ਹੈ। ਇਹ ਹਰ ਵਕਤ ਗੁਰੂ ਦੇ ਵਿੱਚ ਅਭੇਦ ਰਹਿੰਦਾ ਹੈ, ਇਕ ਸੈਕਿੰਡ ਵਾਸਤੇ ਵੀ ਇਹ ਗੁਰੂ ਨੂੰ ਨਹੀਂ ਭੁੱਲਿਆ। ਇਹ ਜੰਗਲ ਵਿੱਚ ਜਿਥੇ ਰਸਤਾ ਜਾਂਦਾ ਹੈ ਪਾਉਂਟੇ ਸਾਹਿਬ ਨੂੰ ਉਥੇ ਨੇੜੇ ਤੇੜੇ ਰਹਿੰਦਾ ਸੀ ਕਿਉਂਕਿ ਇਸ ਜੰਗਲ ਦੇ ਵਿਚ ਡਾਕੂ ਰਹਿੰਦੇ ਸੀ ਤੇ ਸੰਗਤਾਂ ਨੂੰ ਲੁਟਣ ਦਾ ਪ੍ਰੋਗਰਾਮ ਉਨ੍ਹਾਂ ਦਾ ਹੁੰਦਾ ਹੈ। ਸ਼ਸਤ੍ਰਧਾਰੀ ਸਿੰਘ ਹੈ ਇਹ। ਬੰਦਗੀ ਵੀ ਕਰਦਾ ਸੀ ਤੇ ਨਾਲ ਇਹ ਪਹਿਰਾ ਵੀ ਦਿੰਦਾ ਸੀ। ਐਨੇ ਨੂੰ ਬਹੁਤ ਸਾਰੇ ਹੋਰ ਆ ਗਏ ਜਿਨ੍ਹਾਂ ਵਿਚ 4 ਬੀਬੀਆਂ ਨੇ, ਚਾਰ ਬੱਚੇ ਨੇ ਛੋਟੇ ਛੋਟੇ ਤੇ ਦੋ ਬਿਰਧ ਨੇ, 10 ਨੇ। ਕਹਿੰਦੇ ਆਹੀ ਸੀ, ਆਹੀ ਸੀ। ਕਹਿੰਦੇ, "ਕੌਣ?" ਕਹਿੰਦੇ, "ਇਹੀ ਹੈ ਜਿਸ ਨੇ ਸਾਨੂੰ ਡਾਕੂਆਂ ਤੋਂ ਛਡਾਇਆ, ਆਪ ਬੜਾ ਕਰਾਰਾ ਫਟ ਖਾ ਕੇ ਸ਼ਹਿਰ ਵੱਲ ਨੂੰ ਆਇਆ ਸੀ, ਪਾਣੀ! ਪਾਣੀ!! ਕਹਿੰਦਾ।" ਸੁਣ ਲਿਆ ਇਨ੍ਹਾਂ ਨੇ ਵੀ। ਉਹ ਗੱਲ ਦੱਸ ਨਹੀਂ ਸਕੇ ਅੱਖਾਂ ਵਿਚੋਂ ਪਾਣੀ ਜਾਂਦਾ ਹੈ, ਸੁਣਨ ਵਾਲਿਆਂ ਦੇ ਵੀ। ਰਾਣੀ ਨੂੰ ਪਤਾ ਲੱਗਿਆ ਕਿ ਮੇਰੇ ਰਾਜ ਦੇ ਅੰਦਰ, ਮੇਰੇ ਬੂਹੇ ਦੇ ਨੇੜੇ ਇਕ ਗੁਰਸਿਖ ਗੁਰੂ ਦਸਮੇਸ਼ ਪਿਤਾ ਦਾ, ਜਿਸ ਨੇ ਆਪਣੀ ਜਾਨ ਦੇ ਕੇ ਚਾਰ ਬੀਬੀਆਂ, ਚਾਰ ਬੱਚੇ ਤੇ ਦੋ ਸਿੰਘਾਂ ਦੀ ਜਾਨ ਬਚਾਈ, ਮੈਂ ਉਸ ਨੂੰ ਇਕ ਘੁੱਟ ਪਾਣੀ ਵੀ ਨਾ ਪਿਲਾ ਸਕੀ, ਬੜਾ ਗਹਿਰਾ ਅਸਰ ਹੋ ਗਿਆ। ਇਨ੍ਹਾਂ ਤੇ ਵੀ ਹੋ ਗਿਆ। ਉਸ ਤੋਂ ਬਾਅਦ ਘਰ ਚਲੇ ਗਏ। ਰਾਣੀ ਨੇ ਉਸ ਦਾ ਕਿਸੇ ਥਾਂ ਸਸਕਾਰ ਕਰਕੇ, ਯਾਦਗਾਰ ਬਣਾ ਦਿੱਤੀ, ਉਤੇ ਛੋਟਾ ਜਿਹਾ ਚੌਂਕੜਾ ਬਣਾ ਦਿੱਤਾ, ਪਸਚਾਤਾਪ ਬੜਾ ਹੋ ਗਿਆ ਕਿ ਮੇਰੇ ਰਾਜ ਵਿਚ ਗੁਰੂ ਦਾ ਸਿਖ, ਮੈਂ ਵੀ ਗੁਰੂ ਨੂੰ ਪਿਆਰ ਕਰਨ ਵਾਲੀ ਹਾਂ, ਉਹ ਪਿਆਰ ਵਾਲਾ ਆਪਣੀ ਜਾਨ ਦੇ ਕੇ ਪਿਆਸਾ ਚਲਿਆ ਗਿਆ। ਬਹੁਤ ਅਫਸੋਸ ਵਿਚ ਆ ਗਈ। ਇਹ ਜਿਹੜੇ ਪ੍ਰੇਮੀ ਸੀ ਦਿਲ ਤਾਂ ਇਨ੍ਹਾਂ ਦਾ ਜੀਉਂਦਾ ਸੀ ਪਰ ਧਾਰਮਿਕ ਰੀਤਾਂ ਵਿਚ ਫਸਿਆਂ ਹੋਇਆਂ ਨੇ ਗਲਤੀ ਕਰ ਦਿੱਤੀ, ਸਮਝਿਆ ਨਾ ਕਿ ਪ੍ਰਮੇਸ਼ਰ ਹੁੰਦਾ ਕਿਥੇ ਹੈ? ਕਿਥੇ ਰਹਿੰਦਾ ਹੈ? ਕਿਵੇਂ ਖੁਸ਼ ਹੁੰਦਾ ਹੈ? ਆਹ ਗੱਲ ਸਮਝ ਵਿੱਚ ਨਹੀਂ ਸੀ ਆਈ। ਮਹਾਰਾਜ ਜੀ ਐਸਾ ਫੁਰਮਾਨ ਕਰਦੇ ਹਨ, ਪੜ੍ਹੋ

ਪਿਆਰ ਨਾਲ –

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਬਾਹਰੋਂ ਕਾਹਤੋਂ ਖੋਜਦਾ ਫਿਰੇਂ -2, 2.*
*ਮੇਰੇ ਪਿਆਰੇ, ਬਾਹਰੋਂ ਕਾਹਤੋਂ ਖੋਜਦਾ ਫਿਰੇਂ -2*
*ਤੇਰੇ ਅੰਦਰ ਹਰੀ ਦਾ ਵਾਸਾ,.......... -2.*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*
*ਅੰਗ - 947*

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*
*ਅੰਗ - 1378*

ਬਾਹਰ ਨਾ ਟੋਲ੍ਹ ਭਾਈ ਤੇਰੇ ਅੰਦਰ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਗ - 1033*

ਇਸ ਸਰੀਰ ਦੇ ਅੰਦਰ –

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥ ਅੰਗ - 1033*

ਐਨੀਆਂ ਚੀਜ਼ਾਂ ਪਈਆਂ ਹਨ ਕਿ ਦੁਨੀਆਂ ਨੂੰ ਸੁਪਨਾ ਵੀ ਨਹੀਂ ਆ ਸਕਦਾ, ਸੋਚ ਹੀ ਨਹੀਂ ਸਕਦੇ, ਬੇਅੰਤ ਪਈਆਂ ਨੇ –

*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ॥ ਅੰਗ - 922*

ਇਸ ਦੇ ਵਿਚ ਪਈਆਂ ਹਨ ਲੇਕਿਨ –

*ਬਜਰ ਕਪਾਟ ਜੜੇ ਜੜਿ ਜਾਣੇ..........॥*
*ਅੰਗ - 1033*

ਬੱਜਰ ਕਪਾਟ ਲੱਗੇ ਹੋਏ ਨੇ ਜਿਹੜੇ ਖੁਲ੍ਹਦੇ ਨਹੀਂ –

*........... ਗੁਰ ਸਬਦੀ ਖੋਲਾਇਦਾ॥*
*ਅੰਗ - 1033*

ਜੇ ਗੁਰੂ ਤੋਂ ਸ਼ਬਦ ਮਿਲ ਗਿਆ ਉਸ ਦੇ ਨਾਲ ਖੁੱਲ੍ਹ ਜਾਂਦੇ ਨੇ –

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ - 1033*

ਹੁਣ ਇਹ ਨੌਂ ਘਰ ਜਿਹੜੇ ਨੇ, ਆਪਣੀ ਮਰਜ਼ੀ ਨਹੀਂ ਕਰਦੇ, ਨਾਮ ਦੀ ਧੁਨ ਵਿੱਚ ਮਸਤ ਹੋ ਗਏ –

*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਅੰਗ - 1033*

ਐਨਾ ਕੁ ਕੰਮ ਹੈ। ਦਸਵੇਂ ਦੇ ਵਿੱਚ ਵਾਹਿਗੁਰੂ ਹੈ, ਉਸਦੇ ਨਾਲ ਪਿਆਰ ਕਰੋ, ਉਹ ਆਪਣਾ ਆਪ ਜ਼ਾਹਰ ਕਰ ਦਿੰਦਾ ਹੈ। ਤਿੰਨ ਚਾਰ ਰੂਪ ਹੁੰਦੇ ਹਨ – ਪਹਿਲਾਂ ਰਸ ਆਉਂਦਾ ਹੈ, ਰਸ ਦੇ ਨਾਲ ਪਿਆਰ ਆਉਂਦਾ ਹੈ, ਖੁਸ਼ਕ ਨਹੀਂ ਰਹਿੰਦਾ, ਪਿਆਰ ਆਉਂਦਾ ਹੈ, ਝਰਨਾਟਾਂ ਖਾਂਦਾ ਹੈ ਆਦਮੀ, ਉਸ ਦੇ ਨਾਲ ਫੇਰ ਪ੍ਰਕਾਸ਼ ਆਉਂਦੀ ਹੈ, ਨਾਲ ਹੀ ਅਨਹਦ ਵਾਜੇ ਆਉਂਦੇ ਨੇ। ਇਹ ਨਿਸ਼ਾਨੀਆਂ ਸਮਝ ਲਓ ਕਿ ਮੈਂ ਬਿਲਕੁਲ ਸਹੀ ਜਾ ਰਿਹਾ ਹਾਂ। ਉਸ ਤੋਂ ਬਾਅਦ ਜਿਹੜਾ ਸਮਰੱਥ ਗੁਰੂ ਹੈ ਉਸ ਦੀ ਕਿਰਪਾ ਹੁੰਦੀ ਹੈ। ਉਹ ਫੇਰ ਰਸਤਾ ਦਿਖਾ ਦਿੰਦਾ ਹੈ ਕਿ ਆ ਹੁਣ ਅੱਗੇ ਚੱਲ ਤੈਨੂੰ ਉਸ ਦੇ ਨਾਲ ਮਿਲਾ ਦੇਈਏ। ਜਦੋਂ ਉਸ ਦੇ ਨਾਲ ਮਿਲਦਾ ਹੈ ਤਾਂ ਮਿਲਣ ਨਾਲ ਕੀ ਹੁੰਦਾ ਹੈ, ਆਪ ਦਾ ਕੁਝ ਵੀ ਬਕਾਇਆ ਨਹੀਂ ਰਹਿੰਦਾ, ਉਹ ਆਪ ਹੀ ਰੱਬ ਹੋ ਜਾਂਦਾ ਹੈ –

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*
*ਅੰਗ - 1369*

ਸੋ ਇਸ ਸਰੀਰ ਦੇ ਅੰਦਰ ਹੈ ਮਹਾਰਾਜ ਕਹਿੰਦੇ –

*ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ॥*
*ਅੰਗ - 1039*

ਸੋ ਬਾਹਰ ਢੂੰਢਣ ਵਾਲਾ ਨਹੀਂ ਲੱਭ ਸਕਦਾ ਪ੍ਰਮੇਸ਼ਰ ਨੂੰ। ਸੋ ਗੁਰਸਿਖ ਦਾ ਬਚਨ ਹੋ ਗਿਆ ਹੁਣ ਰਾਹ ਨਹੀਂ ਲੱਭਦਾ, ਚਿਤ ਨਹੀਂ ਲਗਦਾ ਪੂਜਾ ਦੇ ਵਿੱਚ, ਜੀਅ ਨਹੀਂ ਕਰਦਾ ਕਿ ਕਰੀਏ ਕੀ? ਬਹੁਤ ਸ਼ਸ਼ੋਪੰਜ ਵਿੱਚ ਪੈ ਗਏ, ਅਮੀਰ ਘਰਾਣਾ ਹੈ। ਦਸਮੇਸ਼ ਪਿਤਾ ਜੀ ਜਦੋਂ ਪਾਉਂਟੇ ਸਾਹਿਬ ਦਾ ਯੁੱਧ ਹੋਇਆ ਪੀਰ ਬੁੱਧੂ ਸ਼ਾਹ ਨੇ 300 ਮੁਰੀਦ ਉਥੇ ਸ਼ਹੀਦ ਕਰਾਇਆ, ਦੋ ਲੜਕੇ ਸ਼ਹੀਦ ਕਰਾਏ, ਦੋ ਉਨ੍ਹਾਂ ਦੇ ਰਿਸ਼ਤੇਦਾਰ ਸਾਲੇ, ਗੁਰੂ ਮਹਾਰਾਜ ਉਸ ਯੁੱਧ ਤੋਂ ਬਾਅਦ ਅਨੰਦਪੁਰ ਸਾਹਿਬ ਨੂੰ ਵਾਪਸ ਹੋ ਗਏ। ਰਾਣੀ ਨੂੰ ਪਤਾ ਲੱਗਿਆ। ਰਾਣੀ ਨੇ ਬਹੁਤ ਜਿਆਦਾ ਸ਼ਰਧਾ ਨਾਲ ਕਿਹਾ ਕਿ ਪਾਤਸ਼ਾਹ! ਮੇਰੇ ਗਰੀਬਖਾਨੇ ਵਿੱਚ ਚਰਨ ਪਾ ਕੇ ਜਾਇਓ। ਦੂਰ ਦੂਰ ਦੇ ਇਲਾਕਿਆਂ ਤੱਕ ਪਤਾ ਲੱਗ ਗਿਆ ਕਿ ਗੁਰੂ ਦਸਮੇਸ਼ ਪਿਤਾ ਜੀ ਆ ਰਹੇ ਨੇ। ਸੜਕਾਂ ਤੇ ਲਾਈਨਾਂ ਲਾ ਕੇ ਖੜ੍ਹ ਗਈ ਸੰਗਤ, ਹਰ ਬੰਦਾ ਹੀ ਦਰਸ਼ਨ ਕਰਨੇ ਚਾਹੁੰਦਾ ਸੀ ਉਨ੍ਹਾਂ ਦੇ ਤੇ ਇਹ ਪ੍ਰੇਮੀ ਵੀ ਇਕ ਥਾਂ ਤੇ ਖੜ੍ਹ ਗਏ। ਮਹਾਰਾਜ ਜੀ ਸਾਰੀ ਸੰਗਤ ਨੂੰ ਦਰਸ਼ਨ ਦਿੰਦੇ ਆ ਰਹੇ ਨੇ, ਮਿਹਰਾਂ ਦੀ ਦ੍ਰਿਸ਼ਟੀ ਉਨ੍ਹਾਂ ਤੇ ਰਹਿਮਤ ਕਰਕੇ ਬਖਸ਼ ਰਹੇ ਨੇ ਲੇਕਿਨ ਜਦੋਂ ਏਸ ਜੋੜੇ ਕੋਲ

ਆਏ ਤਾਂ ਮਹਾਰਾਜ ਨੇ ਘੋੜਾ ਹੋਰ ਪਾਸੇ ਨੂੰ ਮੋੜ ਕੇ ਸਿਧੇ ਹੀ ਜਾ ਕੇ ਕਿਲ੍ਹੇ ਵਿੱਚ ਚਲੇ ਗਏ। ਇਨ੍ਹਾਂ ਨੇ ਕਿਹਾ ਚਲੋ ਠੀਕ ਹੈ ਕਿਲ੍ਹੇ ਵਿਚ ਦਰਸ਼ਨ ਕਰਲਾਂਗੇ। ਕਿਲ੍ਹੇ ਵਿਚ ਗਏ ਤਾਂ ਸਾਰਿਆਂ ਨੂੰ ਦਰਸ਼ਨ ਹੋਈ ਜਾਂਦੇ ਨੇ। ਮਹਾਰਾਜ ਨੇ ਸੇਵਕਾਂ ਨੂੰ ਕਿਹਾ ਕਿ ਐਸ ਤਰ੍ਹਾਂ ਦੇ ਬੰਦੇ ਨੇ, ਇਕ ਬੀਬੀ ਹੈ ਇਕ ਭਾਈ ਹੈ। ਇਨ੍ਹਾਂ ਨੂੰ ਰੋਕ ਦਿਓ, ਸਾਡੇ ਦਰਸ਼ਨ ਇਨ੍ਹਾਂ ਨੂੰ ਨਹੀਂ ਹੋਣੇ। ਦਰਸ਼ਨ ਨਾ ਹੋਏ। ਫੇਰ ਜਦੋਂ ਮਹਾਰਾਜ ਚੱਲੇ ਇਨ੍ਹਾਂ ਨੇ ਕਿਹਾ ਕਿ ਹੁਣ ਦਰਸ਼ਨ ਹੋ ਜਾਣਗੇ। ਲਾਈਨ ਵਿੱਚ ਆ ਕੇ ਖੜ੍ਹ ਗਏ ਸੜਕ ਤੇ ਕਿ ਇਥੋਂ ਦੀ ਤਾਂ ਲੰਘਣਗੇ ਹੀ। ਸਾਰੀ ਸੰਗਤ ਮਹਾਰਾਜ ਨੇ ਲੰਘਾ ਦਿੱਤੀ ਸਾਰਾ ਵਹੀਰ ਲੰਘ ਰਿਹਾ, ਆਪ ਪਹਾੜ ਵੱਲ ਨੂੰ ਇਕ ਮੀਲ ਚਲੇ ਗਏ, ਉਥੋਂ ਸਿਧੇ ਹੋ ਗਏ। ਅੱਗੇ ਜਾ ਕੇ 5-7 ਮੀਲ ਤੋਂ ਰਸਤੇ ਤੇ ਆਏ। ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਿੱਖ ਦਾ ਜਿਹੜਾ ਬਚਨ ਹੈ ਉਹ ਤਾਂ ਬਿਲਕੁਲ ਅਟੱਲ ਹੈ, ਉਹ ਨਹੀਂ ਟਲਣਾ ਐਸਾ ਫੁਰਮਾਨ ਹੈ ਮਹਾਰਾਜ ਦਾ-

*ਧਾਰਨਾ - ਭਾਵੇਂ ਚੰਦਰਮਾਂ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ -2, 2.*
*ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ-2*
*ਭਾਵੇਂ ਚੰਦਰਮਾਂ ਨਾਸ਼ ਹੋ ਜਾਵੇ,... -2.*
*... ਇਕਿ ਸਾਧ ਬਚਨ ਅਟਲਾਧਾ॥*

*ਅੰਗ - 1204*

ਅਟੱਲ ਬਚਨ ਹੋ ਗਿਆ। ਜੋ ਕਹਿ ਦਿੰਦੇ ਨੇ ਉਹ ਨਹੀਂ ਟਲਿਆ ਕਰਦਾ, ਹੋ ਕੇ ਹਟਦਾ ਹੈ।

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*

*ਅੰਗ - 748*

ਉਸ ਵੇਲੇ ਪਤਾ ਲੱਗ ਗਿਆ ਕਿ ਉਹ ਤਾਂ ਤੱਤ ਬੇਤਾ ਸੀ, ਪੂਰਨ ਮਹਾਤਮਾ ਸੀ। ਫੇਰ ਸਾਨੂੰ ਦਰਸ਼ਨ ਨਹੀਂ ਹੋਣੇ, ਸਾਡਾ ਤਾਂ ਜਨਮ ਗਿਆ, ਹਰ ਵਕਤ ਵੈਰਾਗ ਰਹਿੰਦਾ ਹੈ ਕਿ ਸਾਡੇ ਕੋਲੋਂ ਕਿੱਡੀ ਭੁੱਲ ਹੋ ਗਈ ਇਕ ਸਿੱਖ ਨੂੰ ਪਾਣੀ ਨਾ ਪਿਲਾ ਸਕੇ। ਪੱਥਰ ਤੋਂ ਨਿਸਚਾ ਹਟ ਗਿਆ ਕਿ ਇਹ ਤਾਂ ਬੋਲਿਆ ਹੀ ਨਹੀਂ, ਸਾਡਾ ਦਿਲ ਵੀ ਨਹੀਂ ਲਵਾਇਆ, ਕੁਝ ਕਰਿਆ ਹੀ ਨਹੀਂ ਹੈ। ਉਹ ਜੀਉਂਦਾ ਠਾਕੁਰ ਅਸੀਂ ਮਾਰ ਦਿੱਤਾ। ਇਸ ਦੇ ਵਿਚੋਂ ਕੀ ਠਾਕੁਰ ਨੇ ਨਿਕਲਣਾ ਹੈ। ਉਸ ਵੇਲੇ ਫੈਸਲਾ ਕਰ ਲਿਆ ਕਿ ਸਭ ਕੁਝ ਵੇਚ ਕੇ ਉਥੇ ਹੀ ਚਲ ਰਹੀਏ, ਪਹਿਲਾਂ ਤਾਂ ਆਪਣੀ ਭੁੱਲ ਬਖਸ਼ਾਈਏ। ਜੇ ਨਾ ਬਖਸ਼ੀ ਤਾਂ ਪਤਾ ਨਹੀਂ ਸਾਨੂੰ ਕਿੰਨੇ ਜਨਮ ਹੋਰ ਗੇੜਾ ਖਾਣਾ ਪਏਗਾ। ਘਰ-ਬਾਰ ਵੇਚ ਦਿੱਤਾ। ਗਰੀਬ ਬਣ ਗਏ। ਬਿਲਕੁਲ ਦਾਨ ਕਰ ਦਿੱਤੇ ਸਾਰੇ ਪੈਸੇ, ਕੋਈ ਨਾ ਰਖਿਆ ਕੋਲ। ਕਹਿੰਦੇ ਮਜ਼ਦੂਰ ਬਣ ਕੇ, ਗਰੀਬ ਬਣ ਕੇ ਸੇਵਾ ਕਰਾਂਗੇ ਉਥੇ ਕਿਉਂਕਿ ਹੁਕਮ ਬਹੁਤ ਔਖਾ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*

*ਭਾਈ ਗੁਰਦਾਸ ਜੀ ਦੀ ਵਾਰ 3/18*

ਉਥੇ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ। ਫੁੱਲ ਲਾਉਣ ਦੀ ਬੜੀ ਜਾਂਚ ਸੀ ਇਨ੍ਹਾਂ ਨੂੰ। ਦੂਸਰਾ ਸਿਤਾਰ ਦੇ ਪੂਰੇ ਮਾਸਟਰ ਸੀ। ਗਰੀਬੀ ਦੀ ਹਾਲਤ ਵਿੱਚ ਜਾਂਦੇ ਨੇ, ਮੋਢੇ ਤੇ ਸਿਤਾਰ ਰੱਖੀ ਹੋਈ ਹੈ, ਕੋਈ ਕੱਪੜੇ ਬਹੁਤੇ ਨਹੀਂ ਹਨ। ਜਾ ਕੇ ਮਾਲੀ ਕੇਸਰਾ ਸਿੰਘ ਜੋ ਸੀ ਗੁਰੂ ਕੇ ਬਾਗ ਦੇ ਮਾਲੀ ਸੀ, ਉਨ੍ਹਾਂ ਨੂੰ ਕਹਿਣ ਲੱਗੇ, "ਭਾਈ ਸਾਹਿਬ! ਕੋਈ ਸੇਵਾ ਹੈ? ਨੌਕਰੀ ਤਾਂ ਅਸੀਂ ਨਹੀਂ ਕਰਨੀ।"

ਉਹ ਕਹਿੰਦਾ, "ਬਾਗ ਦੇ ਵਿੱਚ ਹੈ, ਤੁਹਾਡਾ ਕੰਮ ਮੈਂ ਦੇਖ ਲੈਂਦਾ ਹਾਂ, ਜੇ ਤਾਂ ਮੈਨੂੰ ਪਸੰਦ ਆ ਗਿਆ, ਫੇਰ ਤਾਂ ਮੈਂ ਰੱਖ ਲਵਾਂਗਾ।"

ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਕ ਹਫਤੇ ਦੇ ਅੰਦਰ ਬਾਗ ਦੀ ਸਾਰੀ ਸ਼ਕਲ ਬਦਲ ਕੇ ਰੱਖ ਦਿੱਤੀ, ਖੂਬਸੂਰਤੀ ਹੀ ਖੂਬਸੂਰਤੀ ਵੱਟਾਂ ਨੇ ਉਹ ਖੂਬਸੂਰਤ, ਖਾਲੇ ਪਾਏ ਉਹ ਖੂਬਸੂਰਤੀ। ਦੇਖ ਦੇਖ ਕੇ ਜੀਅ ਲਗਦਾ ਹੈ ਕਿ ਹੈਂ! ਇਹੋ ਜਿਹੇ ਕਿਹੜੇ ਕਾਰੀਗਰ ਆ ਗਏ ਕਿ ਐਨੀਆਂ ਸੋਹਣੀਆਂ ਸੜਕਾਂ ਸਜ ਗਈਆਂ। ਕਿਤੇ ਘਾਹ ਦਾ ਨਾਮ ਨਿਸ਼ਾਨ ਨਹੀਂ ਹੈ। ਇਹ ਤਾਂ ਬਹੁਤ ਹੀ ਵਧੀਆ ਚੀਜ਼ ਬਣਾ ਦਿੱਤੀ ਇਨ੍ਹਾਂ ਨੇ। ਗੁਰੂ ਦਸਮੇਸ਼ ਪਿਤਾ ਇਕ ਦਿਨ ਆਏ।

ਕੇਸਰਾ ਸਿੰਘ ਜੀ ਕਹਿਣ ਲੱਗੇ, ਦੇਖੋ! ਲੰਗਰ ਵਿਚ ਪਰਸ਼ਾਦਾ ਛਕ ਲਿਆ ਕਰੋ ਤੇ ਰਹਿਣ ਵਾਸਤੇ ਓਹ ਜਿਹੜਾ ਹੈ ਨਾ ਬਾਗ ਦਾ ਕੋਨਾ ਨੀਵੇਂ ਥਾਂ, ਉਹ ਕੋਠੜੀਆਂ ਰਹਿਣ ਵਾਸਤੇ ਨੇ ਕੱਚੀਆਂ ਦੋ-ਦੋ ਮੰਜੇ ਦੀਆਂ, ਉਸ ਦੇ ਵਿੱਚ ਤੁਸੀਂ ਰਹਿ ਲਓ।"

ਉਹ ਕਹਿਣ ਲੱਗੇ, "ਭਾਈ ਸਾਹਿਬ! ਪਰਸ਼ਾਦਾ ਤਾਂ ਨਹੀਂ ਅਸੀਂ ਛਕਣਾ ਲੰਗਰ ਦਾ, ਪਹਿਲਾਂ ਹੀ ਸਾਡੇ ਉਤੇ ਬੜੇ ਭਾਰੇ ਪਾਪ ਚੜ੍ਹੇ ਹੋਏ ਨੇ, ਹਾਂ! ਅਸੀਂ ਉਥੇ ਰਹਾਂਗੇ ਤੇਰੀ ਆਗਿਆ ਵਿਚ ਰਹਾਂਗੇ, ਵਿਹਲੇ ਸਮੇਂ ਵਿੱਚ ਅਸੀਂ ਟੋਕਰੀਆਂ ਬਣਾ ਲਿਆ ਕਰਾਂਗੇ, ਬਜਾਰ ਜਾ ਕੇ ਵੇਚ ਕੇ ਉਸ ਦਾ ਰਾਸ਼ਨ ਲਿਆਇਆ ਕਰਾਂਗੇ।"

ਇਹ ਵੀ ਬੜਾ ਭਾਰੀ ਤਪ ਹੈ ਸਾਧ ਸੰਗਤ ਜੀ! ਕਿਉਂਕਿ ਜਿਹੜਾ ਪੂਜਾ ਦਾ ਧਾਨ ਹੈ ਇਹ ਲੈ ਕੇ ਬਹਿ ਜਾਂਦਾ ਹੈ ਆਦਮੀ ਨੂੰ।

*ਧਰਮਸਾਲਾ ਦੀਆਂ ਰੋਟੀਆਂ ਤਿਨ ਕੰਮ ਕਰੇਨਿ।*
*ਹੱਡ ਗਾਲਨ ਮਤ ਮਾਰਨ ਭਜਨ ਕਰਨ ਨ ਦੇਨਿ।*

ਇਹ ਤਿੰਨ ਗੱਲਾਂ ਕਰਦੀਆਂ ਹਨ, ਆਦਮੀ ਨੂੰ ਐਨਾ ਨਾਸਤਕ ਬਣਾ ਦਿੰਦੀਆਂ ਹਨ ਕਿ ਨੇੜੇ ਤੇੜੇ ਵੀ ਨਹੀਂ ਰਹਿੰਦਾ ਰੱਬ ਦੇ ਕਿਉਂਕਿ ਪੂਜਾ ਦਾ ਧਾਨ ਮਾੜਾ ਹੁੰਦਾ ਹੈ।

ਜਿਵੇਂ ਕੈਪਸੂਲ ਦੇ ਅੰਦਰ ਵਿਹੁ ਹੋਵੇ, ਇਵੇਂ ਹੀ ਜਿਹੜੇ ਧਰਮਸਾਲਾ ਦੀ ਝਾਕ ਰਖਦੇ ਨੇ, ਉਨ੍ਹਾਂ ਦਾ ਇਹ ਹਾਲ ਹੁੰਦਾ ਹੈ। ਫੇਰ ਇਹ ਹੁੰਦਾ ਹੈ ਕਿ ਛਕੀਏ ਹੀ ਨਾ? ਨਾਹ ਜਿਵੇਂ ਹੁਣ ਤੁਸੀਂ ਆਏ ਹੋ, ਸਤਿਸੰਗ ਕਰ ਰਹੇ ਹੋ, ਸਰੀਰ ਵਾਸਤੇ ਖੁਰਾਕ ਦੀ ਲੋੜ ਹੈ, ਤੁਹਾਡੀ ਪਰਾਲਬਧ ਪਹਿਲਾਂ ਪਹੁੰਚੀ ਹੋਈ ਹੈ ਇਥੇ, ਤੁਹਾਨੂੰ ਪਰਸ਼ਾਦਾ ਤਾਂ ਕੋਈ ਨਹੀਂ ਛਕਾ ਰਿਹਾ ਇਥੇ। ਜੇ ਕੋਈ ਕਹੇ ਜੀ ਬਹਿਰਾਮ ਵਾਲੇ ਛਕਾਉਂਦੇ ਨੇ। ਨਹੀਂ, ਤੁਹਾਡੀ ਪਰਾਲਬਧ ਪਹੁੰਚ ਗਈ ਪਹਿਲਾਂ ਹੀ। ਉਹ ਜਿਨ੍ਹਾਂ ਨੇ ਸੇਵਾ ਕਰਕੇ ਲਾਹਾ ਲੈਣਾ ਹੈ ਉਹ ਵੀ ਪਹੁੰਚੇ ਹੋਏ ਨੇ 'ਗੁਰੂ ਕਾ ਲੰਗਰ' ਚਲ ਰਿਹਾ ਹੈ ਗੁਰੂ ਨੇ ਫਲ ਦੇਣਾ ਹੈ। ਤੁਸੀਂ 'ਗੁਰੂ ਕਾ ਲੰਗਰ' ਛਕਣਾ ਹੈ ਤੇ ਸਤਿਸੰਗ ਸੁਣਨਾ ਹੈ ਤਾਂ ਕਿ ਸਾਨੂੰ ਫਿਕਰ ਕੋਈ ਨਾ ਰਹੇ, ਭੁੱਖ ਦਾ ਨਾ ਰਹੇ। ਜਿਹੜਾ ਹਰ ਵਕਤ ਹੀ ਰਹਿੰਦਾ ਹੈ ਇਹ ਉਸਦੇ ਵਾਸਤੇ ਹੈ ਜਿਹੜੀ ਹੁਣ ਮੈਂ ਆਹ ਬੇਨਤੀ ਕਰੀ ਹੈ। ਪੂਜਾ ਦਾ ਧਾਨ ਬਹੁਤ ਬੁੱਧੀ ਭ੍ਰਿਸ਼ਟ ਕਰ ਦਿੰਦਾ ਹੈ। ਕਿਰਤ ਦਾ ਹੀ ਛਕਿਆ ਜਾਵੇ, ਬਹੁਤ ਵਧੀਆ ਚੀਜ਼ ਹੈ।

ਸੋ ਕਹਿਣ ਲੱਗੇ, ਭਾਈ ਸਾਹਿਬ! ਅਸੀਂ ਲੰਗਰ ਦਾ ਪਰਸ਼ਾਦਾ ਤਾਂ ਨਹੀਂ ਛਕਣਾ, ਸਾਨੂੰ ਹੁਨਰ ਆਉਂਦਾ ਹੈ ਅਸੀਂ ਟੋਕਰੀਆਂ ਬਣਾ ਸਕਦੇ ਹਾਂ, ਹੋਰ ਬਾਂਸ ਦੀਆਂ ਚੀਜ਼ਾਂ ਬਣਾ ਸਕਦੇ ਹਾਂ, ਉਹ ਅਸੀਂ ਬਜਾਰ ਵੇਚ ਆਇਆ ਕਰਾਂਗੇ, ਅਸੀਂ ਗਰੀਬੋਂ-ਗਰੀਬੀ ਖਾ ਲਿਆ ਕਰਾਂਗੇ। ਸੋ ਅਸੀਂ ਇਸ ਬਾਗ ਵਿਚੋਂ ਨਹੀਂ ਕੁਝ ਲੈਣਾ। ਉਨ੍ਹਾਂ ਨੇ ਸਬਜੀ ਵੀ ਬਾਹਰੋਂ ਲੈ ਆਉਣੀ, ਜਾ ਕੇ ਵੇਚ ਦੇਣੀ ਬੀਬੀ ਨੇ ਤੇ ਉਸ ਦਾ ਰਾਸ਼ਨ ਲੈ ਆਉਣਾ ਤੇ ਰੋਜ਼ ਦੀ ਰੋਜ਼ ਇਸੇ ਤਰ੍ਹਾਂ ਗੁਜ਼ਾਰਾ ਚਲਦਾ ਰਹਿੰਦਾ। ਜਿਹੜਾ ਸਮਾਂ ਮਿਲਣਾ ਉਸ ਦੇ ਵਿੱਚ ਬਹੁਤ ਹੀ ਵੈਰਾਗ ਦੇ ਨਾਲ ਬੇਨਤੀਆਂ ਕਰਨੀਆਂ। ਉਹ ਸੁਣੀਆਂ ਨਾ ਜਾਣੀਆਂ। ਐਨਾ ਵੈਰਾਗ, ਐਨੇ ਬੋਲ ਉਨ੍ਹਾਂ ਦੇ ਮਿੱਠੇ, ਪੰਛੀ ਵੀ ਆ ਕੇ ਟਿਕ ਜਾਂਦੇ ਸੀ, ਦਰਖਤ ਵੀ ਹਿੱਲਣ ਤੋਂ ਹਟ ਜਾਂਦੇ ਸੀ। ਇਹ ਕਹਾਵਤਾਂ ਨੇ, ਉਦਾਹਰਣਾਂ ਨੇ ਦੱਸਣ ਵਾਸਤੇ ਕਿ ਐਨਾ ਉਨ੍ਹਾਂ ਦਾ ਪ੍ਰਭਾਵ ਸੀ ਕਿਉਂਕਿ ਜਿਹੜੀ ਹਿਰਦੇ ਵਿਚੋਂ ਚੀਜ਼ ਨਿਕਲ ਰਹੀ ਹੈ, ਇਕ ਕਲਾ ਦਿਖਾ ਰਿਹਾ ਹੈ, ਕਲਾ ਵਾਲਾ ਮੁਰਦਾ ਹੁੰਦਾ ਹੈ, ਉਸ ਦਾ ਹਿਰਦਾ ਸਾਥ ਨਹੀਂ ਦੇ ਰਿਹਾ, ਉਸ ਦਾ at ਸਾਥ ਦੇ ਰਿਹਾ ਹੈ, ਉਹ ਵਾਜੇ ਵੀ ਵਧੀਆਂ ਵਜਾਏਗਾ, ਸੁਰਾਂ ਵੀ ਵਧੀਆ ਕੱਢੇਗਾ। ਜਿਸ ਦਾ ਦਿਲ ਸਾਥ ਦੇ ਰਿਹਾ ਹੈ ਉਸ ਦੇ ਦਿਲ ਦੇ ਵਿਚੋਂ ਹੂਕ ਨਿਕਲਦੀ ਹੈ, ਵੇਦਨਾ ਨਿਕਲਦੀ ਹੈ ਉਸ ਨੂੰ ਕੋਈ ਸਹਿ ਨਹੀਂ ਸਕਿਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਵਿਹਲਾ ਸਮਾਂ ਹੁੰਦਾ ਹੈ ਉਸ ਵੇਲੇ ਇਸ ਭਾਵ ਦੀਆਂ ਬੇਨਤੀਆਂ ਉਨ੍ਹਾਂ ਦੇ ਹਿਰਦੇ ਵਿਚੋਂ ਨਿਕਲਦੀਆਂ ਹਨ।

*ਧਾਰਨਾ - ਹਰਿ ਦਰਸ਼ਨ ਕੀ ਆਸਾ ਮੇਰੇ ਮਨ,*
*ਹਰਿ ਦਰਸ਼ਨ ਕੀ ਆਸਾ -2, 4.*
*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥*
*ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥*
*ਉਡਹੁ ਨ ਕਾਗਾ ਕਾਰੇ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥ ਅੰਗ - 338*

ਐਸੀਆਂ ਬੇਨਤੀਆਂ ਜਦੋਂ ਭਾਈ ਕੇਸਰਾ ਸਿੰਘ ਜੀ ਨੇ ਸੁਣਨੀਆਂ, ਉਨ੍ਹਾਂ ਖੜ੍ਹੇ ਹੋ ਜਾਣਾ, ਸਰੀਰ ਦੇ ਵਿਚੀਂ ਲੰਘ ਜਾਣੀਆਂ, ਉਸ ਦਾ ਅਸਰ ਕੀ ਹੋਣਾ, ਉਸ ਦੇ ਨੇਤਰਾਂ ਵਿਚੋਂ ਛਮਾ ਛਮ ਜਲ ਵਰਸਣਾ ਸ਼ੁਰੂ ਹੋ ਜਾਣਾ ਅੰਦਾਜ਼ਾ ਲਾਉਣਾ ਕਿ ਕੋਈ ਬਿਰਹੁ ਦਾ ਫਟ ਖਾਧਾ ਹੋਇਆ ਹੈ ਇਨ੍ਹਾਂ ਨੇ, ਪੂਰਾ ਨਹੀਂ ਹੋਇਆ ਕੋਈ ਤੇ ਉਸ ਦੇ ਕਰਕੇ ਕਿਸੇ ਮਹਾਂਪੁਰਸ਼ ਨਾਲ ਪਿਆਰ, ਉਸ ਦੀ ਯਾਦ ਕਰਦੇ ਨੇ ਤੇ ਉਨ੍ਹਾਂ ਤੋਂ ਵੀ ਨਾ ਸਹਿ ਹੋਣਾ। ਇਸ ਤਰ੍ਹਾਂ ਸੇਵਾ ਵੀ ਕਰਦੇ ਨੇ, ਆਪਣੀ ਕਿਰਤ ਕਰਕੇ ਛਕਦੇ ਨੇ, ਤੇ ਕੀਰਤਨ ਵੀ ਕਰਦੇ ਨੇ। ਬਾਣੀ ਯਾਦ ਕਰ ਲਈ ਕਹਿ ਕੇ ਭਾਈ ਕੇਸਰਾ ਸਿੰਘ ਨੂੰ, ਹੱਥਾਂ ਨਾਲ ਲਿਖੇ ਹੋਏ ਗੁਟਕੇ ਮੰਗਾ ਲਏ, ਫਟਾਫਟ ਕੰਠ ਕਰ ਲਈ, ਰਾਗ ਦੇ ਮਾਹਿਰ ਸੀ। ਜਿਸ ਵਕਤ ਉਨ੍ਹਾਂ ਨੇ ਤਰਮਾ ਹਿਲਾਉਣੀਆਂ ਸਿਤਾਰ ਦੀਆਂ, ਨਾਲ ਹੀ ਝਰਨਾਟਾਂ ਸੁਣਨ ਵਾਲਾ ਖਾਂਦਾ ਸੀ। ਇਕ ਦਿਨ ਮਾਤਾ ਜੀ ਨੇ ਪੁਛਿਆ, "ਕੇਸਰ ਸਿੰਘ! ਆਹ ਫੁੱਲਾਂ ਦੀ ਨੁਹਾਰ ਬਦਲ ਗਈ, ਕੋਈ ਖਾਸ ਬੀਜ ਲਿਆਂਦਾ ਹੈ ਤੁਸੀਂ?"

ਕਹਿੰਦਾ, "ਮਾਤਾ ਜੀ! ਮੈਂ ਤਾਂ ਨਹੀਂ ਲਿਆਂਦਾ ਪਰ ਇਥੇ ਇਕ ਜੋੜਾ ਆਇਆ ਹੋਇਆ ਹੈ ਆਪਣੇ ਬਾਗ ਦੇ ਵਿਚ। ਉਹ ਬਹੁਤ ਮਾਹਿਰ ਨੇ ਫੁੱਲ ਉਗਾਉਣ ਦੇ, ਕੁਰੁਤੇ ਫੁੱਲ, ਦੂਸਰੇ ਫੁੱਲ ਕਿੰਨੀ ਮਿਹਨਤ ਕਰਦੇ ਨੇ, ਕਦੇ ਤੁਸੀਂ ਦਰਸ਼ਨ ਦੇਵੋ, ਪਤਾ ਲੱਗੇ। ਸਰਦੀਆਂ ਦੇ ਮਹੀਨੇ ਪਾਲੇ ਤੋਂ ਬਚਾਉਣ ਵਾਸਤੇ ਪਰਾਲੀ ਦੀਆਂ ਛਟਾਂ ਲਾ ਕੇ ਨਿੱਘ ਦਿੰਦੇ ਨੇ, ਰਾਤ ਭਰ ਧੂੰਆਂ ਕਰਦੇ ਨੇ ਕਿ ਕਿਤੇ ਠੰਢ ਨਾ ਲੱਗ ਜਾਵੇ ਕੋਰਾ ਨਾ ਪੈ ਜਾਵੇ। ਮਾਤਾ ਜੀ! ਉਹ ਨਹੀਂ ਟਿਕਦੇ ਇਹ ਸਾਰਾ ਉਨ੍ਹਾਂ ਦੀ ਮਿਹਨਤ ਦਾ ਫਲ ਹੈ ਮੇਰੀ ਮਿਹਨਤ

ਦਾ ਨਹੀਂ।"

ਮਾਤਾ ਜੀ ਦੇ ਮਨ ਵਿਚ ਆਇਆ ਕਿ ਇਹੋ ਜਿਹੇ ਕੌਣ ਨੇ? ਉਸ ਵੇਲੇ ਆਪ ਉਚੇਚੇ ਤੌਰ ਤੇ ਬਾਗ ਵਿਚ ਆਏ ਤੇ ਜਿਸ ਵਕਤ ਉਹ ਉਥੇ ਪਹੁੰਚਦੇ ਨੇ ਤਾਂ ਇਸ ਭਾਵ ਦੀ ਬੇਨਤੀ ਕੀਤੀ ਜਾ ਰਹੀ ਹੈ –

*ਧਾਰਨਾ - ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾ-2, 2.*
*ਜੈਸੇ ਨੀਰ ਬਿਨ ਮਛਲੀ, ਜਿੰਦ ਬਚਦੀ -2, 2.*

*ਜਿਉ ਮਛੁਲੀ ਬਿਨ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - 708*

ਮਾਤਾ ਜੀ ਐਸੀ ਬਿਰਹੁ ਦੀ ਪੀੜ ਸੁਣ ਕੇ ਹਿਲ ਗਏ। ਆਪ ਉਸ ਛੋਟੀ ਜਿਹੀ ਕੁਟੀਆ ਦੇ ਬਾਹਰ ਚਲੇ ਗਏ, ਦਰਵਾਜੇ ਭੇੜੇ ਹੋਏ ਨੇ। ਬਾਹਰ ਤੌੜੀ ਦੇ ਵਿਚ ਸਾਗ ਰਿੱਝ ਰਿਹਾ ਹੈ, ਤਿਆਰੀ ਹੈ ਪਰਸ਼ਾਦੇ ਦੀ ਲੇਕਿਨ ਆਪ ਬਿਰਹੁ ਦੇ ਭਿੱਜੇ ਹੋਏ ਦੋਏ ਉਥੇ ਬੇਨਤੀਆਂ ਕਰ ਰਹੇ ਨੇ। ਮਾਤਾ ਜੀ ਨੇ ਦਰਵਾਜਾ ਖੜਕਾਇਆ। ਹੈਰਾਨ ਹੋ ਗਏ ਕਿ ਮਾਤਾ ਜੀ ਸਾਡੀ ਇਹੋ ਜਿਹੀ ਕੁਟੀਆ ਦੇ ਵਿਚ ਆ ਗਏ। ਕੁਟੀਆ ਦੇ ਵਿਚ ਸਿਰਫ ਸਫ ਸੀ। ਆਪ ਨੇ ਜੋ ਵੀ ਕਪੜਾ ਸੀ ਹੇਠਾਂ ਵਿਛਾਇਆ। ਆਪ ਭੁੰਜੇ ਬੈਠ ਗਏ। ਮਾਤਾ ਜੀ ਨੇ ਜਾਨਣ ਦੀ ਕੋਸ਼ਿਸ਼ ਕਰੀ ਕਿ ਐਨਾ ਵੈਰਾਗ ਹੈ ਇਨ੍ਹਾਂ ਨੂੰ? ਆਪ ਨੇ ਕਿਹਾ ਕਿ ਹੋਰ ਕੀਰਤਨ ਕਰੋ, ਵੈਰਾਗ ਦਾ ਹੀ ਕੀਰਤਨ ਕਰਿਓ। ਉਸ ਵੇਲੇ ਮਾਤਾ ਜੀ ਦੇ ਨੇਤਰਾਂ ਵਿਚੋਂ ਜਲ ਜਾਣ ਲੱਗ ਗਿਆ। ਗੁਰੂ ਮਹਾਰਾਜ ਕੋਲ ਜਦੋਂ ਮਾਤਾ ਜੀ ਆਏ ਤਾਂ ਮਾਤਾ ਜੀ ਨੇ ਕਿਹਾ ਕਿ ਮਹਾਰਾਜ! ਇਕ ਐਸਾ ਜੋੜਾ ਹੈ ਆਪਣੇ ਬਾਗ ਦੇ ਅੰਦਰ ਤੇ ਉਨ੍ਹਾਂ ਦਾ ਬਿਰਹਾ ਨਹੀਂ ਝਲਿਆ ਜਾਂਦਾ।

ਕਹਿੰਦੇ, "ਹਾਂ! ਇਹ ਅਸੀਂ ਹੀ ਹੁਕਮ ਦਿੱਤਾ ਹੋਇਆ ਹੈ। ਜਦੋਂ ਅਸੀਂ ਬਾਗ ਵਿਚ ਆਏ ਤਾਂ ਕੇਸਰਾ ਸਿੰਘ ਨੇ ਕਿਹਾ ਸੀ ਕਿ ਮਹਾਰਾਜ! ਆਹ ਜਿੰਨੀ ਸਾਰੀ ਸੁੰਦਰਤਾ ਹੈ ਬਾਗ ਵਿਚ, ਇਹ ਉਨ੍ਹਾਂ ਦਾ ਕੰਮ ਹੈ, ਮੇਰਾ ਕੰਮ ਨਹੀਂ ਹੈ।"

ਜਿਥੇ ਜੀਅ ਕਰਦੇ ਚਲੇ ਜਾਣ। ਭਾਈ ਕੇਸਰਾ ਸਿੰਘ ਨੇ ਜਾ ਕੇ ਜਿਸ ਵਕਤ ਉਨ੍ਹਾਂ ਨੂੰ ਹੁਕਮ ਸੁਣਾਇਆ ਕਿ ਪ੍ਰੇਮੀਓ! ਸੇਵਾ ਜੀਅ ਭਰ ਕੇ ਕਰ ਸਕਦੇ ਹੋ ਪਰ ਦਰਸ਼ਨ ਦੀ ਮਨਾਹੀ ਹੈ ਤੁਹਾਡੇ ਵਾਸਤੇ, ਨਾ ਦਰਸ਼ਨ ਦੇਣੇ ਹਨ ਤੇ ਨਾ ਦਰਸ਼ਨ ਕਰਨੇ ਹਨ। ਜਦੋਂ ਕਲਗੀਧਰ ਪਿਤਾ ਬਾਗ ਵਿਚ ਆਉਣ, ਟਹਿਲਣ, ਉਸ ਵੇਲੇ ਤੁਸੀਂ ਆਹ ਨੀਵੀਂ ਥਾਂ ਜਿਥੇ ਤੁਹਾਡਾ ਘਰ ਹੈ ਉਸ ਦੇ ਪਿਛਲੇ ਪਾਸੇ ਬਹਿ ਜਾਣਾ ਹੈ ਤੇ ਜਦੋਂ ਚਲੇ ਜਾਣ ਤੁਸੀਂ ਫੇਰ ਅੱਗੇ ਆਉਣਾ ਹੈ, ਦਰਸ਼ਨ ਨਹੀਂ ਕਰਨੇ। ਮੈਨੂੰ ਲਗਦਾ ਹੈ ਤੁਹਾਡੇ ਕੋਲੋਂ ਬੜੀ ਭਾਰੀ ਭੁੱਲ ਹੋਈ ਹੋਈ ਹੈ।

ਕਹਿਣ ਲੱਗੇ, "ਸ਼ੁਕਰ ਹੈ ਸੇਵਾ ਦੀ ਤਾਂ ਆਗਿਆ ਮਿਲ ਗਈ ਨਾਂਹ!

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ॥ ਅੰਗ - 758*

ਮਾਤਾ ਜੀ ਨੇ ਜਦੋਂ ਸੁਣਿਆ, ਗੁਰੂ ਮਹਾਰਾਜ ਜੀ ਨੇ ਜਿਸ ਵਕਤ ਦੱਸਿਆ, ਉਹ ਕਹਿਣ ਲੱਗੇ, "ਮਹਾਰਾਜ ਕੀ ਭੁੱਲ ਹੋ ਗਈ?"

ਕਹਿਣ ਲੱਗੇ, "ਦੇਖੋ! ਇਕ ਮੇਰਾ ਗੁਰਸਿਖ ਸੀ, ਰਾਏਪੁਰ ਰਹਿੰਦਾ ਸੀ। ਜਥਾ ਆ ਰਿਹਾ ਸੀ ਦਰਸ਼ਨ ਕਰਨ ਵਾਸਤੇ ਤੇ ਉਨ੍ਹਾਂ ਉਤੇ ਡਾਕੂ ਪੈ ਗਏ ਅਚਾਨਕ। ਉਹ ਸ਼ਸਤਰ ਦਾ ਬਹੁਤ ਜਾਣੂ ਸੀ। ਹਰ ਵਕਤ ਸ਼ਸਤਰ ਧਾਰੀ ਹੋ ਕੇ ਰਹਿੰਦਾ ਸੀ। ਬੰਦਗੀ ਕਰਦਾ ਸੀ। ਮੇਰੇ ਵਿਚ ਉਹ ਅਭੇਦ ਅਵਸਥਾ ਵਿਚ ਰਹਿੰਦਾ ਸੀ। ਮੈਂ ਉਸਦੇ ਵਿਚ ਤੇ ਉਹ ਮੇਰੇ ਵਿਚ। ਉਹ ਜਖਮੀ ਹੋ ਕੇ ਸ਼ਹਿਰ ਨੂੰ ਗਿਆ। ਇਹ ਪਾਣੀ ਲਈ ਜਾਂਦੇ ਸੀ, ਨਿਰਜਿੰਦ ਠਾਕੁਰਾਂ ਦੀ ਪੂਜਾ ਕਰਨ ਵਾਸਤੇ, ਮੇਰੇ ਗੁਰਸਿਖ ਨੂੰ ਇਕ ਘੁੱਟ ਪਾਣੀ ਨਾ ਪਿਲਾਇਆ। ਉਸ ਨੇ ਬਚਨ ਕਰ ਦਿੱਤਾ ਕਿ ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ। ਸੋ ਅਸੀਂ ਤਾਂ ਉਸ ਬਚਨ ਦੇ ਬੰਨ੍ਹੇ ਹੋਏ ਹਾਂ। ਮੇਰਾ ਬਚਨ ਕੀਤਾ ਹੁੰਦਾ, ਮੇਰੇ ਬਚਨ ਨੂੰ ਸਿੱਖ ਬਦਲ ਸਕਦੇ ਸੀ ਪਰ ਮੈਂ ਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਆਦਿ ਜੁਗਾਦਿ ਤੋਂ ਇਹ ਰੀਤ ਤੁਰੀ ਆਈ ਹੈ –

*ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁਟਦੀ -2, 2.*
*ਮੇਰੇ ਪਿਆਰੇ, ਭਗਤਾਂ ਦੀ ਬੰਨ੍ਹੀ ਨਾ ਛੁਟਦੀ -2, 2.*
*ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,.......... -2.*

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਅੰਗ - 1253*

ਕਹਿੰਦੇ, "ਉਸ ਗੁਰਸਿਖ ਦੇ ਪਿਆਰੇ ਨੇ ਮੈਨੂੰ ਬੰਨ੍ਹ ਦਿੱਤਾ, ਹੁਣ ਇਨ੍ਹਾਂ ਨੂੰ ਦਰਸ਼ਨ ਨਹੀਂ ਹੋ ਸਕਦੇ।"

ਕਹਿੰਦੇ, "ਮਹਾਰਾਜ! ਕਿਰਪਾ ਕਰੋ।"

ਮਹਾਰਾਜ ਕਹਿੰਦੇ, "ਆਦਿ ਜੁਗਾਦਿ ਤੋਂ ਹੀ ਇਹ ਰੀਤ ਚਲੀ ਆ ਰਹੀ ਹੈ।"

ਕ੍ਰਿਸ਼ਨ ਮਹਾਰਾਜ ਦੁਆਪਰ ਯੁੱਗ ਦੇ ਵਿਚ 16 ਕਲਾ ਸੰਪੂਰਨ ਅਵਤਾਰ ਹੋਏ ਹਨ। ਉਨ੍ਹਾਂ ਦੀ ਔਲਾਦ ਕੁਝ ਨਾਸਤਕ ਹੋ ਗਈ। ਬਹੁਤ ਸਾਰੇ ਰਿਸ਼ੀ ਮਹਾਤਮਾ ਆਏ ਹੋਏ ਸੀ ਪਰਭਾਸ ਖੇਤਰ ਤੇ ਅਤੇ ਉਸ ਵੇਲੇ ਇਨ੍ਹਾਂ ਬੱਚਿਆਂ ਨੂੰ ਕੀ ਸੁੱਝੀ? ਇਕ ਛੋਟੀ ਉਮਰ ਦੇ ਬੱਚੇ ਦੇ ਪੇਟ ਤੇ ਕੱਪੜੇ ਬੰਨ੍ਹ ਦਿੱਤੇ, ਇਕ ਬਾਟੀ ਬੰਨ੍ਹ ਦਿੱਤੀ ਤੇ ਕਈ ਬੱਚਿਆਂ ਨੇ ਬੀਬੀਆਂ ਵਾਲੇ ਕੱਪੜੇ ਪਾ ਲਏ, ਕਈਆਂ ਨੇ ਮਰਦਾਂ ਵਾਲੇ ਪਾ ਲਏ। ਸਾਧੂਆਂ ਕੋਲ ਜਾਂਦੇ ਨੇ ਬਾਬਾ ਜੀ! ਸਾਡੀ ਵੀ ਬੇਨਤੀ ਸੁਣੋ। ਕਿਰਪਾ ਕਰਕੇ ਇਹ ਤਾਂ ਦੱਸੋ ਕਿ ਇਸ ਦੇ ਲੜਕਾ ਹੋਏਗਾ ਜਾਂ ਲੜਕੀ ਹੋਏਗੀ। ਮਹਾਤਮਾ ਨੇ ਤੋਰ ਦੇਣਾ ਕਿ ਬੱਚੇ ਨੇ, ਚੰਚਲ ਮੱਤ ਹੈ। ਇਸ ਤਰ੍ਹਾਂ ਕਰਦੇ-ਕਰਦੇ ਸਾਰਿਆਂ ਨੂੰ ਪਰੇਸ਼ਾਨ ਕਰਦੇ-ਕਰਦੇ ਅਖੀਰ ਦੁਰਬਾਸਾ ਰਿਸ਼ੀ ਕੋਲ ਚਲੇ ਗਏ। ਮਹਾਰਾਜ ਕਹਿੰਦੇ -

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥***
***ਅੰਗ - 693***

ਉਸ ਨੂੰ ਵੀ ਜਾ ਕੇ ਇਹੀ ਸਵਾਲ ਕਰ ਦਿੱਤਾ। ਉਹ ਕੁਲ ਗੁਰੂ ਸੀ ਉਸ ਨੇ ਕਿਹਾ ਹੈਂ! ਐਨੇ ਗੁਸਤਾਖ ਹੋ ਗਏ ਬੱਚੇ। ਕਹਿੰਦੇ, ਜਾਓ ਬੱਚਿਓ! ਇਹੋ ਜਿਹੀ ਗੱਲ ਨਹੀਂ ਕਰੀਦੀ।"

ਨਹੀਂ ਬਾਬਾ ਅਸੀਂ ਤਾਂ ਪੁਛ ਕੇ ਜਾਣਾ ਹੈ। ਉਹ ਸਾਰੇ ਸੰਤਾਂ ਨੂੰ ਕਹਿ ਕੇ ਜਾਂਦੇ ਸੀ ਕਿ ਐਵੇਂ ਹੀ ਢੌਂਗ ਰਚਿਆ ਹੋਇਆ ਹੈ ਰੋਟੀਆਂ ਖਾਣ ਵਾਲੇ ਹੀ ਸੰਤ ਨੇ। ਇਨ੍ਹਾਂ ਨੂੰ ਵੀ ਕਹਿ ਦਿੱਤਾ। ਫੇਰ ਤਾਂ ਤੁਸੀਂ ਐਵੇਂ ਰੋਟੀ ਪਾਣੀ ਖਾਂਦੇ ਹੋ, ਲੋਕਾਂ ਨੂੰ ਧੋਖਾ ਦਿੰਦੇ ਹੋ।

ਕਹਿੰਦੇ, "ਦੱਸਾਂ ਫੇਰ?"

ਕਹਿੰਦੇ, "ਦਸੋ।"

ਕਹਿੰਦੇ, "ਫੇਰ ਦਸਦਾਂ?"

ਕਹਿੰਦੇ, "ਦਸੋ।"

ਕਹਿੰਦੇ, "ਸੁਣੋ! ਕੰਨ ਖੋਲ੍ਹ ਕੇ। ਇਸ ਦੇ ਪੇਟ ਵਿਚੋਂ ਉਹ ਜਨਮ ਲਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।"

ਉਸ ਵੇਲੇ ਸਮਝ ਗਏ ਕਿ ਸ਼ਰਾਪ ਦੇ ਦਿੱਤਾ। ਵਾਪਸ ਆ ਗਏ, ਖੇਡਾਂ ਵਗੈਰਾ ਭੁੱਲ ਗਈਆਂ ਸਭ। ਘਰ ਆ ਕੇ ਜਿਸ ਵਕਤ ਕੱਪੜਾ ਖੋਲ੍ਹਿਆ ਤਾਂ ਬਾਟੀ ਤਾਂ ਨਿਕਲੀ ਨਾ ਇਕ ਮੂਸਲ ਨਿਕਲ ਆਇਆ ਵੱਡਾ ਸਾਰਾ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ, ਰੋਣ ਲੱਗ ਗਏ।

ਕਹਿੰਦੇ, "ਕੀ ਗੱਲ ਰੋਂਦੇ ਹੋ?"

ਕਹਿੰਦੇ, "ਸਾਨੂੰ ਜੀ ਗੁਰੂ ਜੀ ਨੇ ਸਰਾਪ ਦੇ ਦਿੱਤਾ, ਦੁਰਬਾਸਾ ਜੀ ਨੇ।"

ਕਹਿੰਦੇ, "ਦੇਖੋ ਬੱਚਿਓ! ਸੰਤ ਬੇਮਤਲਬਾ ਵਰ ਨਹੀਂ ਦਿੰਦੇ ਕਦੇ ਬੇਮਤਲਬਾ ਸਰਾਪ ਨਹੀਂ ਦਿੰਦੇ, ਭਾਵਨਾ ਹੋਵੇ ਉਨ੍ਹਾਂ ਦੇ ਹਿਰਦੇ ਵਿਚੋਂ ਅਸੀਸ ਨਿਕਲਦੀ ਹੈ, ਵਰ ਨਿਕਲਦਾ ਹੈ। ਦੁਰਭਾਵਨਾ ਹੋਵੇ ਕੋਈ ਤੰਗ ਕਰੇ ਤਾਂ ਉਹ ਸਰਾਪ ਵੀ ਦੇ ਦਿੰਦੇ ਨੇ। ਤੁਸੀਂ ਕੋਈ ਹਰਕਤ ਇਹੋ ਜਿਹੀ ਕਰੀ ਹੋਣੀ ਹੈ।"

ਅਖੀਰ ਦੱਸ ਦਿੱਤਾ ਕਿ ਅਸੀਂ ਤਾਂ ਮਹਾਰਾਜ ਇਸ ਤਰ੍ਹਾਂ ਕਰਦੇ ਫਿਰਦੇ ਸੀ।

ਕਹਿੰਦੇ, "ਬੜਾ ਮਾੜਾ ਕੰਮ ਕਰਿਆ। ਤੁਹਾਨੂੰ ਪਤਾ ਹੈ ਕਿ ਸੰਤਾਂ ਨੂੰ ਛੇੜ ਕੇ ਆਦਮੀ ਸੁਖੀ ਨਹੀਂ ਰਹਿੰਦਾ -

ਜਿਸ ਨੇ ਡੁੱਬਣਾ ਹੋਵੇ, ਜਿਸ ਨੇ ਕੁਲ ਡੋਬਣੀ ਹੋਵੇ ਸੰਤਾਂ ਨਾਲ ਵੈਰ ਪਾ ਲਵੇ, ਹੋਵੇ ਸੰਤ, ਐਵੇਂ ਨਾ ਹੋਵੇ। ਸੋ ਕਹਿਣ ਲੱਗੇ ਕਿ ਕੀ ਕਰਿਆ ਜਾਵੇ ਮਹਾਰਾਜ।

ਕਹਿੰਦੇ, "ਇਸ ਤਰ੍ਹਾਂ ਕਰੋ, ਇਸ ਨੂੰ ਰਗ਼ੜ-ਰਗੜ ਕੇ ਸੁੱਟ ਦੇਵੋ।"

ਰੇਤੀਆਂ ਲੈ ਲਈਆਂ, ਸਮੁੰਦਰ ਦੇ ਕੰਢੇ ਬੈਠ ਗਏ, ਉਸ ਨੂੰ ਵਾਰੀ ਵਾਰੀ ਰਗੜੀ ਜਾਂਦੇ ਹਨ, ਘਸਾ ਦਿੱਤਾ। ਅਖੀਰ ਛੋਟੀ ਜਿਹੀ ਅਣੀ ਰਹਿ ਗਈ, ਉਹ ਹੱਥ ਵਿਚੋਂ ਨਿਕਲ ਗਈ। ਹੇਠਾਂ ਮੱਛੀ ਸੀ, ਉਸ ਦੇ ਮੂੰਹ ਵਿਚ ਚਲੀ ਗਈ ਤੇ ਉਹ ਅੱਗੇ ਚਲੀ ਗੀ। ਆ ਕੇ ਦੱਸ ਦਿੱਤਾ ਕਿ ਮਹਾਰਾਜ ਉਹ ਤਾਂ ਘਸਾ ਦਿੱਤਾ ਲੇਕਿਨ ਇਕ ਅਣੀ ਰਹਿ ਗਈ।

ਕਹਿੰਦੇ, "ਅੱਛਾ! ਮਾੜਾ ਕੰਮ ਹੋਇਆ।"

ਉਨ੍ਹਾਂ ਨੇ ਆਪਣੇ ਸਾਰੇ ਯਾਦਵਾਂ ਨੂੰ ਬੁਲਾਇਆ ਕਿ ਕਲਜੁਗ ਆ ਗਿਆ, ਤੁਹਾਡੀਆਂ ਬਿਰਤੀਆਂ ਹੋ ਗਈਆਂ ਖਰਾਬ, ਤੁਸੀਂ ਤਪ ਕਰੋ, ਮਹਾਤਮਾ ਨੇ ਸਰਾਪ ਦੇ ਦਿੱਤਾ, ਹੋ ਸਕਦਾ ਹੈ ਕਿ ਕੁਝ ਰਹਿਮਤ ਹੋ ਜਾਵੇ ਤੁਹਾਡੇ ਤੇ। ਜਿਸ ਵਕਤ ਪ੍ਰਭਾਸ ਖੇਤਰ ਵਿਚ ਭੇਜੇ ਤੀਰਥ ਤੇ। ਕਹਿਣ ਲੱਗੇ ਸ਼ਰਾਬ ਨਾ ਪੀਓ। ਲੇਕਿਨ ਹੋਣਾ ਕੀ ਸੀ?

ਜਦੋਂ ਕਿਸੇ ਦਾ ਨਾਸ਼ ਹੋਣਾ ਹੁੰਦਾ ਹੈ ਤਾਂ ਸਰੀਰ ਦੀ ਬੁੱਧ ਨਸ਼ਟ ਹੋ ਜਾਂਦੀ ਹੈ।

ਬੁੱਧ ਨਸ਼ਟ ਹੋ ਗਈ, ਉਥੇ ਜਾ ਕੇ ਸ਼ਰਾਬ ਪੀ ਲਈ ਲੜਨ ਲੱਗ ਗਏ ਆਪਸ ਵਿਚ, ਲੜੀ ਗਏ, ਅਖੀਰ ਸਾਰੇ

ਹੀ ਮਰ ਗਏ। ਕ੍ਰਿਸ਼ਨ ਮਹਾਰਾਜ ਨੂੰ ਖਬਰ ਦਿੱਤੀ ਗਈ ਮਹਾਰਾਜ! ਉਥੇ ਤਾਂ ਇਕ ਵੀ ਨਾ ਬਚਿਆ ਸਾਰੀ ਕੁਲ ਹੀ ਨਸ਼ਟ ਹੋ ਗਈ ਆਪਣੀ ਤਾਂ। ਇਹ ਉਥੇ ਕੋਲ ਹੀ ਸੀ। ਉਥੋਂ ਉਠੇ ਆਪ ਜੰਗਲ ਵਿਚ ਚਲੇ ਗਏ। ਇਕ ਦਰਖਤ ਦੇ ਨਾਲ ਪਿੱਠ ਲਾ ਕੇ, ਗੋਡੇ ਦੇ ਉਤੇ ਚਰਨ ਰੱਖ ਲਿਆ, ਚਰਨ ਦੇ ਵਿੱਚ ਸੀ ਪਦਮ। ਇਕ ਤਾਂ ਹੁੰਦੀਆਂ ਹਨ ਰੇਖਾਂ ਪਦਮ ਦੀਆਂ, ਬਹੁਤੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਹੋਇਆ ਕਰਦੀਆਂ ਹਨ, ਕੋਈ ਕੋਈ ਜਾਣਦਾ ਹੈ ਰੇਖਾ ਵਿਦਿਆ ਦਾ ਜਾਨਣ ਵਾਲਾ। ਇਕ ਹੋਇਆ ਕਰਦਾ ਹੈ ਸਚਮੁਚ। ਉਹ ਹਿਰਨ ਦੀ ਅੱਖ ਵਾਂਗੂ ਚਮਕਦਾ ਹੈ। ਇਕ ਸ਼ਿਕਾਰੀ ਜਦੋਂ ਸ਼ਿਕਾਰ ਦੀ ਤਲਾਸ਼ ਵਿਚ ਜਦੋਂ ਜੰਗਲ ਵਿਚ ਆਇਆ ਤਾਂ ਦੂਰੋਂ ਦੇਖਿਆ ਕਿ ਹਿਰਨ ਬੈਠਾ ਹੈ ਕਿਤੇ ਨੱਠ ਨਾ ਜਾਵੇ ਤੇ ਸ਼ਿਸਤ ਲੱਗਣ ਦੇ ਬਿਲਕੁਲ ਸਹੀ ਬੈਠਾ ਹੈ। ਇਥੋਂ ਜੇ ਉਸ ਦੇ ਬਾਣ ਮਾਰਾਂ ਤਾਂ ਕੋਈ ਦਰਖਤ ਨਹੀਂ ਰਸਤੇ ਵਿਚ ਆਉਂਦਾ ਤੇ ਹਿਰਨ ਮਰ ਜਾਏਗਾ। ਉਸ ਵੇਲੇ ਉਸ ਨੇ ਬਾਣ ਮਾਰਿਆ। ਕ੍ਰਿਸ਼ਨ ਮਹਾਰਾਜ ਦੀ ਵੱਖੀ ਵਿਚ ਜਾ ਕੇ ਲੱਗਿਆ, ਆਰ ਪਾਰ ਲੰਘ ਗਿਆ, ਉਵੇਂ ਜਿਵੇਂ ਪਏ ਨੇ। ਇਹ ਦੌੜਿਆ ਆਇਆ ਕਿ ਹਿਰਨ ਨੱਠ ਨਾ ਜਾਵੇ, ਅੱਗੇ ਆ ਕੇ ਕੀ ਦੇਖਦਾ ਹੈ ਕਿ ਇਹ ਤਾਂ ਕ੍ਰਿਸ਼ਨ ਮਹਾਰਾਜ ਨੇ। ਮੈਂ ਤਾਂ ਬੜਾ ਪਾਪ ਕਰਿਆ। ਉਸ ਵੇਲੇ ਬਹੁਤ ਰੋਂਦਾ ਹੈ ਤੇ ਨਾਲ ਦੀ ਨਾਲ ਇਸ ਤਰ੍ਹਾਂ ਬੇਨਤੀ ਕਰਦਾ ਹੈ –

***ਧਾਰਨਾ - ਮਿਰਗ ਜਾਣ ਕੇ ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀਂ ਮਾਲਕਾ -2, 2.***
***ਭੁੱਲ ਮੇਰੀ ਜੀ, ਬਖਸ਼ੀਂ ਮਾਲਕਾ -2, 2.***
***ਮਿਰਗ ਜਾਣ ਕੇ ਬਾਣ ਮੈਂ ਮਾਰਿਆ,... -2.***

ਬਾਰ-ਬਾਰ ਬੇਨਤੀਆਂ ਕਰਦਾ ਹੈ।

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਬਹੁਚ ਉੱਚੀ ਉੱਚੀ ਰੋਂਦਾ ਹੈ, ਬਹੁਤ ਰੋਂਦਾ ਹੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਬੱਧਕ ਤੂੰ ਰੋ ਨਾ। ਮਹਾਰਾਜ ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ। ਮੈਂ ਕਿੱਡਾ ਕਲੰਕ ਖੱਟ ਲਿਆ, ਆਪ ਦੇ ਬਾਣ ਮਾਰਿਆ। ਹੁਣ ਤਾਂ ਮੈਨੂੰ ਮਾਰ ਦਿਓ ਤੁਸੀਂ। ਇਸ ਦਾ ਇਹੀ ਪ੍ਰਾਸ਼ਚਿਤ ਹੈ। ਕਹਿੰਦੇ, "ਮੇਰੇ ਕੋਲ ਆ, ਹੋਰ ਨੇੜੇ ਆ, ਹੋਰ ਨੇੜੇ ਆ।"

ਬਿਲਕੁਲ ਨੇੜੇ ਬੁਲਾ ਲਿਆ, ਦੋਏ ਬਾਹਾਂ ਚੁੱਕੀਆਂ ਛਾਤੀ ਨਾਲ ਲਾ ਲਿਆ।

***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਕਰਿ ਕਿਰਪਾ ਸੰਤੋਖਿਆ***
***ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਅਵਗੁਣ ਨਹੀਂ ਵਿਚਾਰਿਆ –

***ਕਰਿ ਕਿਰਪਾ ਸੰਤੋਖਿਆ .........॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਕਹਿਣ ਲੱਗੇ, "ਤੂੰ ਰੋ ਨਾ।"

ਕਹਿੰਦਾ, ਮਹਾਰਾਜ! ਮੈਥੋਂ ਕਿੰਨਾ ਪਾਪ ਹੋ ਗਿਆ।"

ਕਹਿਣ ਲੱਗੇ, "ਤੂੰ ਨਹੀਂ ਕਰਿਆ, ਇਹ ਤਾਂ ਅਸੀਂ ਆਪਣੀ ਖੇਡ ਰਚੀ ਹੈ, ਅਸੀਂ ਬਦਲਾ ਦਿੱਤਾ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਤਾਂ ਮੇਰਾ ਵਿਗਾੜਿਆ ਕੁਝ ਨਹੀਂ।"

ਕਹਿੰਦੇ, "ਬੱਧਕ! ਪਿਛਲੇ ਜੁੱਗ ਦੇ ਅੰਦਰ ਤੂੰ ਬਾਲੀ ਸੀ ਸੁਗਰੀਵ ਦੀ ਇਸਤ੍ਰੀ ਜ਼ਬਰਦਸਤੀ ਤੂੰ ਖੋਹ ਲਈ ਸੀ। ਉਸ ਵੇਲੇ ਅਸੀਂ ਬਾਣ ਮਾਰਿਆ ਸੀ ਛੁਪ ਕੇ ਕਿਉਂਕਿ ਤੈਨੂੰ ਇਹ ਵਰ ਪ੍ਰਾਪਤ ਸੀ ਕਿ ਜਿਹੜਾ ਤੇਰੇ ਸਾਹਮਣੇ ਲੜੇ ਉਸ ਦੀ ਅੱਧੀ ਸ਼ਕਤੀ ਤੇਰੇ ਵਿੱਚ ਆ ਜਾਂਦੀ ਸੀ। ਉਸ ਦੀ ਅੱਧੀ ਸ਼ਕਤੀ ਤੈਂ ਵਿਨਾਸ ਕਰ ਦਿੱਤੀ ਤੇ ਇਸ ਕਰਕੇ ਤੈਨੂੰ ਕੋਈ ਦੁਨੀਆਂ ਵਿਚ ਜਿੱਤਣ ਵਾਲਾ ਨਹੀਂ ਸੀ। ਅਸੀਂ ਬਾਣ ਮਾਰਿਆ ਤੂੰ ਕਿਹਾ ਹੇ ਰਾਮ! ਤੁਸੀਂ ਮੇਰੇ ਨਾਲ ਅਨੀਤੀ ਕੀਤੀ ਹੈ। ਅਸੀਂ ਕਿਹਾ, ਕੋਈ ਨਹੀਂ, ਅਨੀਤੀ ਕਰੀ, ਤੈਨੂੰ ਪੂਰਾ ਐਵੇਂ ਜਿਵੇਂ ਬਦਲਾ ਦੇਵਾਂਗੇ ਜਿਵੇਂ ਮੈਂ ਕਰਿਆ, ਇਵੇਂ ਹੀ ਤੂੰ ਕਰੀਂ।"

ਸੋ ਕਹਿੰਦੇ ਤੂੰ ਰੋ ਨਾ ਮੈਂ ਤਾਂ ਤੇਰਾ ਬਦਲਾ ਦਿੱਤਾ ਹੈ।

***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਭਲਿਆਂ ਦਾ ਤਾਂ ਸਾਰੇ ਭਲਾ ਕਰਦੇ ਨੇ ਪਰ ਬੁਰਿਆਂ ਦਾ ਤਾਂ ਕੋਈ ਹੀ ਕਰਦਾ ਹੈ।

***ਪਾਪ ਕਰੇਂਦੇ ਪਤਿਤ ਉਧਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਸੋ ਗੁਰੂ ਦਸਮੇਸ਼ ਪਿਤਾ ਕਹਿਣ ਲੱਗੇ ਮਾਤਾ ਜੀ ਨੂੰ ਕਹਿੰਦੇ, "ਦੇਖੋ! ਉਹ ਪੂਰਨ ਗੁਰਸਿਖ ਸੀ, ਬੀਤ ਰਾਗ

ਅਵਸਥਾ ਦਾ, ਮੇਰੇ ਵਿਚ ਅਭੇਦ ਅਵਸਥਾ ਦਾ, ਉਸ ਦਾ ਬਚਨ ਮੈਂ ਨਿਹਫਲ ਨਹੀਂ ਕਰ ਸਕਦਾ।"

ਮਾਤਾ ਜੀ ਕਹਿਣ ਲੱਗੇ, "ਮਹਾਰਾਜ! ਫੇਰ ਇਨ੍ਹਾਂ ਨੂੰ ਦਰਸ਼ਨ ਹੋਣੇ ਹੀ ਨਹੀਂ ਕਦੇ, ਕਿਰਪਾ ਕਰੋ ਇਨ੍ਹਾਂ ਦਾ ਉਧਾਰ ਕਿਵੇਂ ਹੋਏਗਾ?"

ਕਹਿੰਦੇ, "ਤੁਸੀਂ ਜਾਓ! ਤੁਹਾਨੂੰ ਇਜਾਜ਼ਤ ਹੈ, ਇਨ੍ਹਾਂ ਨੂੰ ਨਾਮ ਦੀ ਮੰਜ਼ਲ, ਪਉੜੀ ਉਤੇ ਚਲਾਓ, ਇਨ੍ਹਾਂ ਨੂੰ ਲੈ ਜਾਓ ਆਤਮ ਮੰਡਲ ਦੇ ਵਿਚ। ਜਦੋਂ ਇਨ੍ਹਾਂ ਦੀ ਸੁਰਤੀ ਹਉਮੈ ਮੰਡਲ ਵਿਚੋਂ ਪਾਰ ਹੋ ਕੇ ਆਤਮ ਮੰਡਲ ਵਿਚ ਪਹੁੰਚ ਜਾਏਗੀ, ਸੰਸਾਰ ਵਲੋਂ ਮਰ ਜਾਣਗੇ ਤੇ ਰੱਬ ਵਲੋਂ ਜੀਉਂ ਪੈਣਗੇ ਉਸ ਵੇਲੇ ਸਾਡੇ ਦਰਸ਼ਨ ਇਨ੍ਹਾਂ ਨੂੰ ਹੋ ਜਾਣਗੇ। ਉਸ ਵੇਲੇ ਅਸੀਂ ਜਿਸ ਬਚਨ ਨਾਲ ਬੰਨ੍ਹੇ ਹੋਏ ਹਾਂ ਉਸ ਤੋਂ ਛੁਟ ਜਾਵਾਂਗੇ।"

ਸੋ ਮਾਤਾ ਜੀ ਹਰ ਰੋਜ਼ ਜਾਂਦੇ ਨੇ, ਬੜਾ ਦਿਲਾਸਾ ਦਿੰਦੇ ਨੇ, ਬੜਾ ਬੜੀ ਦੇਰ ਤੱਕ ਬਹਿੰਦੇ ਨੇ ਲੇਕਿਨ ਉਨ੍ਹਾਂ ਦਾ ਬਿਰਹਾ ਨਹੀਂ ਸੁਣਿਆ ਜਾਂਦਾ। ਹਰ ਵਕਰਤ ਭਿੱਜੇ ਰਹਿੰਦੇ ਨੇ ਨੇਤਰ। ਸਮਾਂ ਲੰਘਦਾ ਗਿਆ ਤੇ ਅੱਜ ਪੋਹ ਸੁਦੀ ਸਪਤਮੀ ਦਾ ਦਿਹਾੜਾ ਨੇੜੇ ਆਉਣ ਵਾਲਾ ਹੋ ਗਿਆ। ਇਹ ਰੋਜ਼ ਕੁਰੁੱਤੇ ਫੁੱਲ ਤਿਆਰ ਕਰਕੇ ਮਾਤਾ ਜੀ ਨੂੰ ਇਕ ਸਿਹਰਾ ਗੁੰਦ ਕੇ ਦਿੰਦੇ ਨੇ। ਉਹ ਜਦੋਂ ਗੁਰੂ ਦਸਮੇਸ਼ ਪਿਤਾ ਦੇ ਦਰਸ਼ਨ ਜਾਂਦੇ ਹਨ ਤਾਂ ਉਨ੍ਹਾਂ ਦੇ ਗਲ ਵਿਚ ਪਹਿਨਾਉਂਦੇ ਨੇ। ਮਹਾਰਾਜ ਜੀ ਦੀ ਬੜੀ ਪ੍ਰਸੰਨਤਾ ਹੁੰਦੀ ਹੈ। ਸੋ ਅੱਜ ਇਨ੍ਹਾਂ ਨੇ ਮਾਤਾ ਜੀ ਨੂੰ ਬਹੁਤ ਵਧੀਆ ਸਿਹਰਾ ਦੇਣਾ ਸੀ। ਇਕ ਫਕੀਰ ਆ ਗਿਆ। ਆ ਕੇ ਕਹਿਣ ਲੱਗਿਆ, "ਮਾਲਣ! ਮੈਨੂੰ ਫੁੱਲ ਦੇਹ, ਨਹੀਂ ਤਾਂ ਮੈਂ ਭਸਮ ਕਰ ਦਊਂ ਤੈਨੂੰ।"

ਉਸ ਵੇਲੇ ਬੜੀ ਸਸ਼ੋਪੰਜ ਵਿਚ ਪੈ ਗਈ ਕਿ ਅੱਗੇ ਇਕ ਗੁਰਸਿਖ ਨੂੰ ਪਾਣੀ ਨਹੀਂ ਪਿਲਾਇਆ ਉਸ ਦਾ ਫਲ ਭੁਗਤਦੇ ਫਿਰਦੇ ਹਾਂ ਤੇ ਜੇ ਫਕੀਰ ਨੂੰ ਦੇ ਦਿੱਤੇ ਤਾਂ ਮਾਤਾ ਜੀ ਨੂੰ ਅਸੀਂ ਕੀ ਦੇਵਾਂਗੇ। ਉਹ ਗਸ਼ ਖਾ ਕੇ ਗਿਰ ਗਈ, ਰਾਹ ਨਾ ਲੱਭਿਆ ਕੋਈ। ਜਦੋਂ ਹੋਸ਼ ਆਈ ਤਾਂ ਮਹਾਰਾਜ ਨੇ ਅੰਦਰ ਸੋਝੀ ਦੇ ਦਿੱਤੀ।

ਉਹ ਕਹਿਣ ਲੱਗੀ, "ਫਕੀਰ ਸਾਂਈ! ਇਹ ਬਾਗ ਮੇਰਾ ਨਹੀਂ। ਮੈਂ ਤਾਂ ਇਕ ਗਰੀਬ ਜਿਹੀ ਸੇਵਕ ਹਾਂ ਇਥੇ, ਅਸੀਂ ਤਾਂ ਮਜ਼ਦੂਰ ਹਾਂ, ਮਾਲਕ ਤੋਂ ਤੂੰ ਲੈ ਸਕਦਾ ਹੈਂ। ਸਾਡਾ ਹੱਕ ਨਹੀਂ ਹੈ ਤੈਨੂੰ ਅਸੀਂ ਫੁੱਲ ਦੇ ਦੇਈਏ।"

ਕਹਿੰਦਾ, "ਚੰਗਾ! ਇੰਨੇ ਨੂੰ ਸੋਹਣਾ ਬਾਹਰੋਂ ਆਏ, ਸਾਰੀ ਗੱਲ ਹੋਈ। ਸ਼ੁਕਰ ਕਰਿਆ ਕਿ ਹੁਣ ਸ਼ਰਾਪ ਤਾਂ ਨਹੀਂ ਮਿਲਿਆ ਸਾਨੂੰ। ਰਾਤ ਨੂੰ ਐਸਾ ਹੋਇਆ ਕਿ ਪਹਿਰੇ ਦਿੱਤੇ ਰਾਤ ਭਰ। ਲੇਕਿਨ ਜਿਸ ਵਕਤ ਆਪ ਨੂੰ ਨੀਂਦ ਆਈ, ਉਹ ਫਕੀਰ ਰੋਡਾ ਜਲਾਲੀ ਜਿਸ ਦਾ ਨਾਂ ਸੀ, ਉਹ ਆਇਆ, ਆ ਕੇ ਸਾਰੇ ਹੀ ਫੁੱਲ ਫਲ ਤੋੜ ਕੇ ਸਭ ਬੂਟੇ ਤੋੜ ਕੇ ਪਰ੍ਹੇ ਮਾਰੇ, ਪਰਾਲੀਆਂ ਲਾਹ ਦਿੱਤੀਆਂ, ਟੋਕਰੀ ਭਰ ਲਈ ਫੁੱਲਾਂ ਦੀ। ਸਵੇਰੇ ਜਦੋਂ ਭੇਟਾ ਦੇ ਰਹੇ ਸੀ ਇਸ ਨੇ ਵੀ ਫੁੱਲਾਂ ਦੀ ਭੇਟਾ ਦਿੱਤੀ। ਏਧਰ ਜਦੋਂ ਇਨ੍ਹਾਂ ਨੇ ਉਠ ਕੇ ਦੇਖਿਆ ਕਿ ਮਾਤਾ ਜੀ ਨੂੰ ਕੀ ਦੇਵਾਂਗੇ, ਦੋਏ ਗਸ਼ ਖਾ ਕੇ ਗਿਰ ਗਏ। ਇਕ ਕਿਆਰੀ ਵਿਚ ਭਾਈ ਪਿਆ ਹੈ ਉਸ ਦਾ ਸਿਰ ਵੱਟ ਨਾਲ ਲਗਿਆ ਹੋਇਆ ਹੈ, ਦੂਜੀ ਕਿਆਰੀ ਵਿਚ ਬੀਬੀ ਪਈ ਹੈ ਉਸ ਦਾ ਸਿਰ ਵੀ ਵੱਟ ਦੇ ਉਤੇ ਗਿਰਿਆ ਪਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ ਪ੍ਰਾਣ ਪੰਖੇਰੂ ਉਡ ਗਏ ਇਨ੍ਹਾਂ ਦੇ, ਉਧਰ ਜਿਸ ਵਕਤ ਗੁਰੂ ਦਸਮੇਸ਼ ਪਿਤਾ ਜੀ ਨੂੰ ਇਸ ਨੇ ਫੁੱਲ ਭੇਂਟ ਕਰੇ। ਮਹਾਰਾਜ ਕਹਿੰਦੇ, "ਇਹ ਕੀ ਲੈ ਕੇ ਆਇਆ ਏਂ?"

ਕਹਿੰਦਾ, "ਮਹਾਰਾਜ! ਤਾਜ਼ੇ ਫੁੱਲ ਲੈ ਕੇ ਆਇਆ ਹਾਂ ਕਰੁੱਤੇ।"

ਮਹਾਰਾਜ ਕਹਿੰਦੇ, "ਓ ਪ੍ਰੇਮੀਆ! ਤੂੰ ਬੜਾ ਮਾੜਾ ਕੰਮ ਕਰਿਆ। ਤੂੰ ਤਾਂ ਦੋ ਦਿਲ ਤੋੜ ਦਿੱਤੇ, ਫੁੱਲ ਨਹੀਂ ਲਿਆਇਆ ਤੂੰ, ਦੋ ਦਿਲ ਤੋੜ ਕੇ ਲਿਆਇਆ ਹੈ, ਐਡਾ ਮਾੜਾ ਕੰਮ ਤੇਰਾ।"

ਉਸੇ ਤਰ੍ਹਾਂ ਮਹਾਰਾਜ ਜੀ ਤਖਤ ਤੋਂ ਉਠੇ, ਸੰਗਤਾਂ ਬੈਠੀਆਂ ਹਨ ਸਾਰੀਆਂ, ਜੋੜਾ ਪਾਉਣ ਦੀ ਵੀ ਫੁਰਸਤ ਨਹੀਂ ਕਰੀ, ਇਸੇ ਤਰ੍ਹਾਂ ਗੁਰੂ ਕੇ ਬਾਗ ਵੱਲ ਨੂੰ ਦੌੜੇ ਤੁਰੇ ਆਉਂਦੇ ਨੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਣ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ -2, 4.***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਅੰਗ - 403***

ਉਧਰੋਂ ਮਾਤਾ ਜੀ ਵੀ ਆ ਜਾਂਦੇ ਨੇ ਤੇ ਗੁਰੂ ਮਹਾਰਾਜ ਜੀ ਨੇ ਆਉਂਦੀ ਸਾਰ ਦੋਹਾਂ ਦੇ ਸੀਸ ਚੁੱਕੇ। ਇਕ ਦਾ ਇਕ ਪੱਟ ਤੇ ਤੇ ਦੂਜਾ ਦੂਜੇ ਪੱਟ ਤੇ ਰੱਖ ਕੇ ਆਪ ਉਨ੍ਹਾਂ ਦੇ ਸੀਸ ਵਿਚ ਆਪਣੇ ਪਵਿੱਤਰ ਹੱਥ ਨਾਲ ਪਿਆਰ ਦੇ ਰਹੇ ਨੇ। ਕਹਿੰਦੇ, "ਬੇਟਿਓ! ਮੈਂ ਆ ਗਿਆ, ਦਰਸ਼ਨ ਕਰੋ।" ਉਥੇ ਦਰਸ਼ਨ ਕਰਨ ਵਾਲਾ ਤਾਂ ਕੋਈ ਨਹੀਂ ਸੀ। ਉਸ ਵੇਲੇ ਆਪ ਬਾਰ-ਬਾਰ ਕਹਿੰਦੇ ਨੇ ਕਿ ਬੇਟਿਓ ਦਰਸ਼ਨ ਕਰੋ, ਠਾਕੁਰ ਆ ਗਿਆ ਦਰਸ਼ਨ ਦੇਣ। ਮਾਤਾ ਜੀ ਵੀ

(ਬਾਕੀ ਪੰਨਾ 45 ਤੇ)

(ਪੰਨਾ 40 ਦੀ ਬਾਕੀ)

ਆ ਗਏ, ਹੈਰਾਨ ਹੋ ਗਏ। ਹੌਲੀ ਹੌਲੀ ਮਹਾਰਾਜ ਜੀ ਨੇ ਕਿਰਪਾ ਕਰੀ, ਸੁਰਤ ਨੇ ਮੋੜਾ ਖਾਧਾ, ਹੈਰਾਨ ਹੋ ਗਏ ਕਿ ਹੈਂ! ਗੁਰੂ ਮਹਾਰਾਜ! ਥੋੜ੍ਹੀ ਦੇਰ ਬਾਅਦ ਸੁਰਤ ਹੋਰ ਮਜਬੂਤ ਹੋਈ। ਕੀ ਦੇਖਦੇ ਨੇ ਕਿ ਭੁੰਜੇ ਹੀ ਬੈਠੇ ਨੇ ਮਹਾਰਾਜ, ਕਿਆਰੀ ਵਿੱਚ ਬੈਠੇ ਨੇ, ਥਾਂ ਗਿੱਲਾ ਹੈ, ਗਿੱਲੇ ਥਾਉਂ ਹੀ ਬੈਠੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਕ ਦਮ ਉਠੇ, ਉਠ ਕੇ ਕਹਿਣ ਲੱਗੇ, "ਮਹਾਰਾਜ ਸੱਚੇ ਪਾਤਸ਼ਾਹ! ਮਾਤਾ ਜੀ, ਤੁਸੀਂ ਭੁੰਜੇ ਹੀ ਬੈਠੇ ਓ।"

ਕੱਪੜਾ ਲਿਆਉਣ ਦੀ ਕੋਸ਼ਿਸ਼ ਕਰਦੇ ਨੇ। ਮਹਾਰਾਜ ਕਹਿੰਦੇ ਕੋਈ ਨਾ ਕੱਪੜਾ ਨਹੀਂ ਲਿਆਉਣਾ। ਗੁਰੂ ਮਹਾਰਾਜ ਵੀ ਉਸ ਛੋਟੀ ਜਿਹੀ ਕੁਟੀਆ ਵਿਚ ਆ ਗਏ, ਮਾਤਾ ਜੀ ਵੀ ਆ ਗਏ, ਇਹ ਵੀ ਬੈਠ ਗਏ। ਉਸ ਵੇਲੇ ਦਾ ਜੋ ਨਜ਼ਾਰਾ ਹੈ ਜਿਨ੍ਹਾਂ ਨੇ ਦੇਖਿਆ ਹੈ, ਜਿਨ੍ਹਾਂ ਨੇ ਮਾਣਿਆ ਹੈ ਓਹੀ ਸਮਝ ਸਕਦੇ ਨੇ। ਸੋ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਹ ਮਾਇਆ ਦੇ ਮੰਡਲ ਵਿਚੋਂ ਉਠ ਕੇ ਆਤਮ ਮੰਡਲ ਵਿਚ ਪਹੁੰਚ ਚੁਕੇ ਨੇ, ਉਥੇ ਗੁਰੂ ਦੇ ਸਿੱਖ ਦਾ ਜਿਹੜਾ ਬਚਨ ਹੈ ਉਹ ਲਾਗੂ ਨਹੀਂ ਸੀ ਹੁੰਦਾ। ਦੂਸਰਾ ਕਹਿੰਦੇ ਸਾਡਾ ਗੁਰਸਿਖ ਉਸ ਦੀ ਆਤਮਾ ਸਾਹਮਣੇ ਅਰਦਾਸ ਕਰ ਰਹੀ ਹੈ ਪਾਤਸ਼ਾਹ! ਦਰਸ਼ਨ ਦਿਓ, ਦਰਸ਼ਨ ਦਿਓ। ਸੋ ਮੈਂ ਬੇਨਤੀ ਕਰੀ ਸੀ ਕਿ ਸਿੱਖ ਦੀ ਪ੍ਰਤਪਾਲਣਾ ਗੁਰੂ ਕਰਦਾ ਹੈ। ਉਸ ਦਾ ਹਰ ਥਾਂ ਤੇ ਧਿਆਨ ਦਿੰਦਾ ਹੈ -

*ਰੋਗਨ ਤੇ ਅਰ ਸੋਗਨ ਤੇ,*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਕੀ ਕੇ ਪਟ ਬੀਚ ਬਚਾਵੈ॥*

*ਤ੍ਵਪ੍ਰਸਾਦਿ ਸ੍ਵਯੇ (ਅਕਾਲ ਉਸਤਤਿ ਵਿਚੋਂ)*

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥* *ਅੰਗ - 286*

ਪ੍ਰਤਿਪਾਲਣਾ ਕਰਦਾ ਹੈ, ਆਪਣੇ ਸਿੱਖ ਨੂੰ ਧਿਆਨ ਵਿਚ ਰਖਦਾ ਹੈ। ਜਦੋਂ ਜੁੜ ਗਏ ਅਸੀਂ ਗੁਰੂ ਨਾਲ ਸਚਮੁਚ ਫੇਰ ਸਾਡਾ ਰਿਸ਼ਤਾ ਇਸੇ ਤਰ੍ਹਾਂ ਦਾ ਹੋ ਜਾਂਦਾ ਹੈ। ਗੁਰੂ ਹਰ ਵਕਤ ਰਾਖੀ ਕਰਦਾ ਹੈ, ਆਪਣੇ ਸਿੱਖ ਨੂੰ ਚੜ੍ਹਦੀ ਕਲਾ ਵਿੱਚ ਲਿਜਾਂਦਾ ਹੈ। ਮਹਾਰਾਜ ਨੇ ਸਾਨੂੰ ਜੰਗਲਾਂ ਵਿਚ ਨਠਾਉਣ ਦਾ ਯਤਨ ਨਹੀਂ ਕਰਿਆ। ਇਹ ਵੀ ਨਹੀਂ ਕਿਹਾ, ਤੁਸੀਂ ਗਰੀਬ ਹੋਵੋ, ਮਹਾਰਾਜ ਕਹਿੰਦੇ, ਕਮਾਓ! ਮਿਹਨਤ ਕਰੋ, ਜੀਅ ਭਰ ਕੇ ਪਰ ਕਰੋ ਤੁਸੀਂ ਹੱਕ ਦੀ ਕਮਾਈ। ਕਮਾਈ ਵੀ ਕਰੋ ਤੇ ਉਸ ਪਰਮੇਸ਼ਰ ਨੂੰ ਵੀ ਯਾਦ ਰੱਖੋ, ਉਸ ਨੂੰ ਨਾ ਭੁੱਲੋ ਤੇ ਦਾਤੇ ਨੂੰ ਯਾਦ ਰਖੋ, ਦਾਤ ਦੇ ਵਿੱਚ ਨਾ ਪਰਚੋ। ਸੋ ਇਸ ਤਰ੍ਹਾਂ ਸਾਧ ਸੰਗਤ ਜੀ!

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*

*ਭਾਈ ਗੁਰਦਾਸ ਜੀ ਦੀ ਵਾਰ 34/1*

ਉਸ ਦੇ ਸਾਰੇ ਕੌਤਕ ਨਿਰਾਲੇ ਨੇ ਸਤਿਗੁਰੂ ਦੇ। ਸੋ ਐਸਾ ਜੋ ਸਤਿਗੁਰੂ ਹੈ ਇਹ ਪੂਰਾ ਗੁਰੂ ਹੋਇਆ ਕਰਦਾ ਹੈ। ਜਿਸ ਦੇ ਵਿੱਚ ਇਹ ਸਤਿਆ ਹੁੰਦੀ ਹੈ ਕਿ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕ ਤਾ ਕਾ ਦਾਸੁ॥*

*ਅੰਗ - 1291*

ਸੋ ਸਿਖ ਦਾ ਤੇ ਗੁਰੂ ਦਾ ਜੋ ਰਿਸ਼ਤਾ ਹੈ ਉਸ ਦੇ ਬਾਰੇ ਆਪਾਂ ਵਿਚਾਰ ਕਰੀ ਹੈ। ਇਹ ਐਨਾ ਕੱਚਾ ਨਹੀਂ, ਡੋਲਦਾ ਹੈ ਹਮੇਸ਼ਾ, ਸਿੱਖ ਹੈ ਤੇ ਬਖਸ਼ਦਾ ਹਮੇਸ਼ਾ ਗੁਰੂ ਹੈ, ਕਿੱਡਾ ਹੀ ਅਉਗੁਣ ਕਿਉ ਨਾ ਕਰ ਲਏ ਫੇਰ ਚਲਿਆ ਜਾਹ ਸ਼ਰਨ ਵਿਚ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥*

*ਅੰਗ - 544*

ਭੁੱਲਾਂ ਸਾਡੇ ਤੋਂ ਹੁੰਦੀਆਂ ਨੇ, ਗੁਰੂ ਹਮੇਸ਼ਾ ਬਖਸ਼ਿਸ਼ ਦੀ ਨਿਗ੍ਹਾ ਰੱਖਦਾ ਹੈ। ਜਦੋਂ ਸਿੱਖ ਆ ਗਿਆ ਸੱਚੇ ਦਿਲ ਨਾਲ ਇਸ ਨੇ ਪ੍ਰਾਸ਼ਚਿਤ ਕਰ ਲਿਆ, ਮੁੜ ਕੇ ਬਖਸ਼ ਦਿੰਦਾ ਹੈ। ਸੋ ਸਾਧ ਸੰਗਤ ਜੀ! ਇਹ ਜਿਹੜਾ ਕਲਜੁਗ ਦਾ ਸਮਾਂ ਲੰਘ ਰਿਹਾ ਹੈ ਇਸ ਦੇ ਵਿਚ ਸਮਰੱਥ ਗੁਰੂ ਪਾਰ ਲੰਘਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਇਸ ਕਰਕੇ ਆਪ ਜੋ 5 ਦਿਨ ਬਾਕੀ ਰਹਿ ਗਏ ਨੇ ਇਨ੍ਹਾਂ ਵਿਚ ਇਸੇ ਤਰ੍ਹਾਂ ਦੀਆਂ ਵਿਚਾਰਾਂ ਹੋਣਗੀਆਂ, ਬਹੁਤ ਕਿਸਮ ਦੀਆਂ ਹੋਣਗੀਆਂ। ਸੋ ਆਪ ਸਮੇਂ ਸਿਰ ਆਓ, ਸਮੇਂ ਸਿਰ ਵਾਹਿਗੁਰੂ ਸਾਨੂੰ ਵੀ ਲਿਆਵੇ ਤੇ ਰਲ ਮਿਲ ਕੇ ਆਪਾਂ ਸਤਿਸੰਗ ਕਰੀਏ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

# ਅਨੰਦਮਈ ਜੀਵਨ ਜਾਂਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ ਪੰਨਾ -40 )*

## ਅਧਿਆਇ ਗਿਆਰ੍ਹਾਂ
## ਮਾਤਾ ਪਿਤਾ ਤੇ ਆਤਮ-ਮਾਰਗ

ਜੇ ਕਿਤੇ ਸੰਸਾਰ ਵਿਚ ਸ਼ਾਂਤਮਈ ਕ੍ਰਾਂਤੀ ਆਏਗੀ ਤਾਂ ਉਹ ਪਰਿਵਾਰ ਰਾਹੀਂ ਹੀ ਆਏਗੀ। ਜਦੋਂ ਮਨੁੱਖ ਜੀਵਨ ਨੂੰ ਪੂਰੀ ਤਰ੍ਹਾਂ ਨਾਲ ਸਮਝ ਲਵੇਗਾ ਤਾਂ ਉਹ ਗਲੀਆਂ ਵਿਚ ਕ੍ਰਾਂਤੀ ਨਹੀਂ ਕਰੇਗਾ, ਤੋੜ ਭੰਨ ਨਹੀਂ ਕਰੇਗਾ। ਵਾਸਤਵ ਵਿਚ ਕ੍ਰਾਂਤੀ ਘਰੋਂ ਹੀ ਸ਼ੁਰੂ ਹੋਵੇਗਾ।

ਚੰਗਾ ਘਰ ਕਿਵੇਂ ਬਣੇ? ਸੋਹਣੇ ਰਿਸ਼ਟ ਪੁਸ਼ਟ ਬੱਚੇ ਕਿਵੇਂ ਹੋਣ? ਬੱਚਿਆਂ ਲਈ ਚੰਗਾ ਠੀਕ ਸਹੀ ਅਨੁਸਾਸ਼ਨ ਕਿਵੇਂ ਪੈਦਾ ਕੀਤਾ ਜਾਵੇ? ਜੇ ਇਨ੍ਹਾਂ ਗੱਲਾਂ ਦਾ ਪਤਾ ਲਗ ਜਾਵੇ, ਇਹ ਸਮਝ ਆ ਜਾਣ ਤਾਂ ਸੰਸਾਰ ਬਦਲਿਆ ਜਾ ਸਕਦਾ ਹੈ। ਸਭਿਅਤਾ ਬਦਲੀ ਜਾ ਸਕਦੀ ਹੈ। ਨਵੀਂ ਸਭਿਅਤਾ ਬਣਾਈ ਜਾ ਸਕਦੀ ਹੈ। ਮਨ, ਵਸਤੂ ਅਤੇ ਸ਼ਕਤੀ ਤੇ ਕਾਫੀ ਖੋਜ ਕੀਤੀ ਜਾ ਚੁੱਕੀ ਹੈ। ਜੇ ਅੱਜ ਅਸੀਂ ਇਹ ਫੈਸਲਾ ਕਰ ਲਈਏ ਕਿ ਸਾਨੂੰ ਚੰਗਾ ਤੇ ਸਾਫ ਸੁਥਰਾ ਸਮਾਜ ਚਾਹੀਦਾ ਹੈ, ਅਸੀਂ ਸਮਾਜ ਨੂੰ ਬਦਲਣਾ ਚਾਹੁੰਦੇ ਹਾਂ। ਅਸੀਂ ਸਾਰੇ ਸਮਾਜ ਨੂੰ ਤੀਹ ਚਾਲੀ ਸਾਲਾਂ ਵਿਚ ਬਦਲ ਸਕਦੇ ਹਾਂ ਪਰ ਇਸ ਤਰ੍ਹਾਂ ਕਰਨ ਲਈ ਸਾਨੂੰ ਆਪਣੇ ਆਪ ਨੂੰ ਬਦਲਣਾ ਪਵੇਗਾ, ਆਪਣੀਆਂ ਆਦਤਾਂ ਨੂੰ ਬਦਲਣਾ ਪਵੇਗਾ ਤਾਂ ਜੋ ਸਾਡੇ ਬੱਚੇ ਰਿਸ਼ਟ ਪੁਸ਼ਟ ਹੋਣ, ਬੱਚੇ ਸ਼ੁਰੂ ਤੋਂ ਹੀ ਪਿਆਰ ਵਿਚ ਰਹਿਣਾ ਸਿਖਣ, ਰਲ ਮਿਲ ਕੇ ਰਹਿਣਾ ਸਿਖਣ, ਇਸ ਤਰ੍ਹਾਂ ਹੋ ਸਕਦਾ ਹੈ, ਕੀਤਾ ਜਾ ਸਕਦਾ ਹੈ।

ਸਾਰੇ ਸੰਸਾਰ ਵਿਚ ਮਨੁਖ ਸੁਆਰਥੀ ਰਿਹਾ ਹੈ, ਨਿਰਦਈ ਰਿਹਾ ਹੈ, ਇਹ ਬੜੇ ਹੀ ਖੇਦ ਦੀ ਗੱਲ ਹੈ ਕਿ ਮਨੁੱਖ ਨੇ ਔਰਤ ਨੂੰ ਪੂਰੇ ਅਧਿਕਾਰ ਤੇ ਅਵਸਰ ਨਹੀਂ ਦਿਤੇ। ਔਰਤ ਸਮਾਜ ਦੀ ਕਰਤਾ ਹੈ, ਤੁਸੀਂ ਦੇਖੋਗੇ ਔਰਤ ਸਮਾਜ ਦਾ ਨਿਰਮਾਣ ਕਰਤਾ ਹੈ। ਜਦੋਂ ਉਹ ਜਨਣੀ ਬਣਦੀ ਹੈ, ਉਸ ਨੂੰ ਛੱਤ ਚਾਹੀਦੀ ਹੈ, ਘਰ ਚਾਹੀਦਾ ਹੈ। ਔਰਤ ਮਰਦ ਤੋਂ ਹਰ ਤਰ੍ਹਾਂ ਨਾਲ ਉਤਮ ਹੈ। ਮੈਂ ਉਨ੍ਹਾਂ ਔਰਤਾਂ ਦੀ ਗੱਲ ਨਹੀਂ ਕਰ ਰਿਹਾ ਜਿਹੜੀਆਂ ਸੁਆਰਥੀ ਹਨ ਜਿਹੜੀਆਂ ਗੈਰਜ਼ਿਮੇਵਾਰ ਹਨ। ਮੈਂ ਉਨ੍ਹਾਂ ਔਰਤਾਂ ਦੀ ਗੱਲ ਕਰ ਰਿਹਾ ਹਾਂ, ਆਮ ਔਰਤਾਂ ਦੀ ਜਿਹੜੀਆਂ ਸਿਆਣੀਆਂ ਹਨ, ਸਮਝਦੀਆਂ ਹਨ। ਬਹੁਤ ਦੇਰ ਤੋਂ ਔਰਤਾਂ ਨੂੰ ਵਰਤਿਆ ਗਿਆ ਹੈ, ਉਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ ਹੈ। ਜੇ ਕੋਈ ਚੀਜ਼ ਜਾਂ ਕੁਝ ਕੀਤਿਆਂ ਸੰਸਾਰ ਦੀ ਦਸ਼ਾ ਬਦਲ ਸਕਦੀ ਹੈ ਤਾਂ ਉਹ ਹੈ ਔਰਤ, ਔਰਤ ਹੀ ਸੰਸਾਰ ਨੂੰ ਬਦਲ ਸਕਦੀ ਹੈ। ਜਿਸ ਦਿਨ ਔਰਤ ਨੇ ਇਹ ਸਮਝ ਲਿਆ ਉਹ ਕੀ ਹੈ? ਉਸ ਦੇ ਅੰਦਰ ਕਿੰਨੀਆਂ ਸ਼ਕਤੀਆਂ ਹਨ, ਉਸ ਦਿਨ ਉਹ ਸੰਸਾਰ ਨੂੰ ਬਦਲ ਦੇਵੇਗੀ ਤੇ ਸੰਸਾਰ ਨੂੰ ਬਦਲਣ ਲਈ ਉਸ ਨੂੰ ਬਹੁਤ ਸਮਾਂ ਵੀ ਨਹੀਂ ਲੱਗੇਗਾ।

ਸੰਸਾਰ ਵਿਚ ਔਰਤ ਵਰਤੀ ਜਾ ਰਹੀ ਹੈ, ਉਸ ਦਾ ਸ਼ੋਸ਼ਣ ਹੋ ਰਿਹਾ ਹੈ। ਔਰਤ ਦਾ ਸਤਿਕਾਰ ਹੋਣਾ ਚਾਹੀਦਾ ਹੈ, ਉਸ ਨੂੰ ਪਿਆਰ ਮਿਲਣਾ ਚਾਹੀਦਾ ਹੈ, ਆਦਰ ਭਾਓ ਮਿਲਣਾ ਚਾਹੀਦਾ ਹੈ। ਮੈਨੂੰ ਲਗਦਾ ਹੈ ਉਹ ਸਮਾਂ ਆ ਗਿਆ ਹੈ ਜਦੋਂ ਸਾਨੂੰ ਇਸ ਗੱਲ ਦੀ ਸਮਝ ਆ ਰਹੀ ਹੈ ਕਿ ਔਰਤ ਸਤਿਕਾਰੀ ਜਾਣੀ ਚਾਹੀਦੀ ਹੈ, ਆਦਮੀ ਤੇ ਔਰਤ ਇਕੋ ਜਿਹੇ ਹਨ, ਬਰਾਬਰ ਹਨ।

ਭਾਵੇਂ ਤੁਸੀਂ ਆਦਮੀ ਹੋ, ਭਾਵੇਂ ਔਰਤ ਜੇ ਤੁਸੀਂ ਅਧਿਆਤਮ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਜ਼ਿੰਮੇਵਾਰੀਆਂ ਤੋਂ ਨਹੀਂ ਡਰਨਾ ਚਾਹੀਦਾ। ਅੱਜ ਦੇ ਮਨੁੱਖ ਜ਼ਿੰਮੇਵਾਰੀ ਸ਼ਬਦ ਤੋਂ ਹੀ ਡਰਦੇ ਹਨ। ਜ਼ਿੰਮੇਵਾਰੀ ਕੋਈ ਬੁਰੀ ਗੱਲ ਨਹੀਂ। ਜ਼ਿੰਮੇਵਾਰੀ ਨਾਲ ਤੁਸੀਂ ਚੰਗੇ ਤੋਂ ਚੰਗਾ ਕਰਨ ਦੀ ਕੋਸ਼ਿਸ਼ ਕਰਦੇ ਹੋ। ਜ਼ਿੰਮੇਵਾਰੀ ਸ਼ਬਦ ਦਾ ਅਰਥ ਹੈ ਕੰਮ ਕਰਨ ਦੀ ਯੋਗਤਾ। ਜਦੋਂ ਤੁਸੀਂ ਕੰਮ ਕਰਦੇ ਹੋ ਕਿਸੇ ਚੀਜ਼ ਦਾ ਉਤਰ ਦਿੰਦੇ ਹੋ, ਤੁਸੀਂ ਵੱਧ ਤੋਂ ਵੱਧ ਚੰਗਾ ਕਰਦੇ ਹੋ. ਇਕ ਅਧਿਆਪਕ ਨੂੰ, ਮਾਤਾ ਪਿਤਾ ਨੂੰ ਆਪਣਾ ਚੰਗੇ।– ਚੰਗੇ ਹੁਨਰੀ ਵਤੀਰੇ ਵਾਲੇ ਗੁਣ ਬੱਚਿਆਂ ਨੂੰ ਦੇਣੇ ਚਾਹੀਦੇ ਹਨ। ਇਹ ਤੁਹਾਨੂੰ ਸੁਭਾਵਿਕ ਹੀ ਬੱਚਿਆਂ ਨਾਲ ਕਰਨਾ ਚਾਹੀਦਾ ਹੈ, ਕਦੀ ਵੀ ਬੱਚਿਆਂ ਨੂੰ ਦੇਣ ਤੋਂ ਨਾ ਘਬਰਾਓ।

ਕੁਦਰਤ ਵਲੋਂ ਹੀ ਬੱਚੇ ਬੜੇ ਸੁਆਰਥੀ ਹੁੰਦੇ ਹਨ ਉਨ੍ਹਾਂ ਨੂੰ ਲੋੜਾਂ ਦਾ ਪਤਾ ਹੀ ਨਹੀਂ ਹੁੰਦਾ ਵਿਸ਼ੇਸ਼ ਤੌਰ ਤੇ ਦੂਸਰਿਆਂ ਦੀਆਂ ਲੋੜਾਂ ਦਾ ਪਰ ਜੇ ਉਨ੍ਹਾਂ ਨੂੰ ਬਚਪਨ ਤੋਂ ਹੀ ਦੇਣਾ ਸਿਖਾਇਆ ਜਾਵੇ। ਫੇਰ ਦੇਣਾ ਵੰਡਣਾ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ ਉਨ੍ਹਾਂ ਦਾ ਸ਼ੁਭਾਅ ਬਣ ਜਾਂਦਾ ਹੈ, ਫੇਰ ਉਹ ਦੇਣ ਵਿਚ ਅਨੰਦ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਨਾਲ ਬੱਚੇ ਦਾ ਵਿਕਾਸ ਸਾਧਾਰਣ ਚਲਦਾ ਰਹਿੰਦਾ ਹੈ। ਮਾਂ ਬੱਚੇ ਦੀ ਸਭ ਤੋਂ ਪਹਿਲੀ ਗੁਰੂ ਹੁੰਦੀ ਹੈ। ਜੇ ਮਾਂ ਬੱਚੇ ਨੂੰ ਠੀਕ ਗਿਆਨ ਨਾ ਦੇਵੇ, ਉਸ ਦਾ ਪਾਲਨ ਪੋਸ਼ਣ ਠੀਕ ਢੰਗ ਨਾਲ ਨਾ ਕਰੇ, ਫੇਰ ਬੱਚਾ ਠੀਕ ਤਰ੍ਹਾਂ ਨਾਲ ਨਹੀਂ ਸਿਖਦਾ, ਉਸ ਦਾ ਵਿਕਾਸ ਠੀਕ

ਨਹੀਂ ਹੁੰਦਾ। ਉਹ ਠੀਕ ਤਰ੍ਹਾਂ ਨਾਲ ਸਿਆਣਾ ਸੋਝੀ ਵਾਲਾ ਨਹੀਂ ਬਣਦਾ। ਜੇ ਮਾਂ ਹੀ ਬੱਚੇ ਨੂੰ ਪਿਆਰ ਨਾਲ ਨਿਸੁਆਰਥੀ ਹੋ ਕੇ ਨਹੀਂ ਦਿੰਦੀ ਤਾਂ ਬੱਚਾ ਵੀ ਸੁਆਰਥੀ ਬਣ ਜਾਂਦਾ ਹੈ, ਉਸ ਨੂੰ ਜੀਵਨ ਜਾਚ ਹੀ ਨਹੀਂ ਆਉਂਦੀ।

ਜਿਹੜੇ ਜ਼ਿਮੇਵਾਰੀ ਨਹੀਂ ਸਮਝਦੇ, ਗੈਰ ਜ਼ਿੰਮੇਵਾਰ ਹੁੰਦੇ ਹਨ, ਉਹ ਹੀ ਵਾਸਤਵ ਵਿਚ ਸੁਆਰਥੀ ਹੁੰਦੇ ਹਨ। ਸੁਆਰਥੀ ਲੋਕ ਹੀ ਵਧੇਰੇ ਗੈਰ ਜ਼ਿੰਮੇਵਾਰ ਹੁੰਦੇ ਹਨ। ਜਿੰਨੇ ਵਧੇਰੇ ਤੁਸੀਂ ਨਿਰਸੁਆਰਥੀ ਬਣੋਗੇ, ਓਨੇ ਹੀ ਵਧੇਰੇ ਤੁਸੀਂ ਆਪਣੇ ਆਪ ਨੂੰ ਸੁਤੰਤਰ ਮਹਿਸੂਸ ਕਰੋਗੇ। ਅੱਜ ਦੇ ਸਮੇਂ ਵਿਚ ਤੁਸੀਂ ਕੇਵਲ ਆਪਣੇ ਲਈ ਹੀ ਜੀਣਾ ਸਿਖਦੇ ਹੋ। ਜੋ ਕੁਝ ਤੁਹਾਡੇ ਕੋਲ ਹੈ ਉਹ ਵੀ ਤੁਸੀਂ ਆਪਣੇ ਲਈ ਹੀ ਵਰਤਣਾ ਚਾਹੁੰਦੇ ਹੋ ਜਾਂ ਆਪਣੇ ਆਪ ਲਈ ਹੀ ਚੀਜ਼ਾਂ ਇਕੱਠੀਆਂ ਕਰਨਾ ਚਾਹੁੰਦੇ ਹੋ। ਇਹ ਜੀਉਣ ਦਾ ਇਕ ਤਰੀਕਾ ਹੈ ਪਰ ਜੇ ਤੁਸੀਂ ਇਹ ਸਮਝ ਲਵੋ ਕਿ ਤੁਸੀਂ ਦੂਸਰਿਆਂ ਲਈ ਹੋ, ਤੁਸੀਂ ਦੂਸਰਿਆਂ ਦੇ ਕੰਮ ਆਉਣਾ ਚਾਹੁੰਦੇ ਹੋ। ਦੂਸਰਿਆਂ ਦੀ ਸੇਵਾ ਕਰਨਾ ਚਾਹੁੰਦੇ ਹੋ ਉਹ ਜੀਉਣ ਦਾ ਬਿਲਕੁਲ ਇਕ ਵਖਰਾ ਤਰੀਕਾ ਹੈ। ਪਹਿਲੇ ਵਾਲਾ ਸਿਧਾਂਤ ਤੁਹਾਡੀ ਸਖਸ਼ੀਅਤ ਨੂੰ ਤੰਗ ਕਰਦਾ ਹੈ, ਛੋਟਾ ਕਰਦਾ ਹੈ, ਦੂਸਰਾ ਸਿਧਾਂਤ ਤੁਹਾਡੀ ਸਖਸ਼ੀਅਤ ਨੂੰ ਵਿਸਤਾਰ ਕਰਦਾ ਹੈ, ਵਿਸ਼ਾਲ ਕਰਦਾ ਹੈ। ਬੱਸ ਇਹ ਹੀ ਠੀਕ ਤਰੀਕਾ ਹੈ।

ਜਦੋਂ ਤੁਸੀਂ ਸੁਆਰਥੀ ਬਣਦੇ ਹੋ, ਤੁਸੀਂ ਆਪਣੇ ਆਲੇ ਦੁਆਲੇ ਹੱਦਾਂ ਖੜ੍ਹੀਆਂ ਕਰ ਲੈਂਦੇ ਹੋ। ਕੰਧਾਂ ਖੜ੍ਹੀਆਂ ਕਰ ਲੈਂਦੇ ਹੋ, ਤੁਸੀਂ ਆਪਣੀ ਕਲਪਨਾ ਦੇ ਇਕ ਕਿਲੇ ਵਿਚ ਰਹਿਣ ਲਗ ਪੈਂਦੇ ਹੋ। ਜਦੋਂ ਤੁਸੀਂ ਨਿਰਸੁਆਰਤੀ ਹੁੰਦੇ ਹੋ, ਤੁਸੀਂ ਆਪਣੇ ਵਿਅਕਤੀਤ੍ਵ ਦਾ ਵਿਸਤਾਰ ਕਰਦੇ ਹੋ ਕਿਉਂਕਿ ਫੇਰ ਤੁਸੀਂ ਕੇਵਲ ਆਪਣੇ ਆਪ ਬਾਰੇ ਹੀ ਨਹੀਂ ਸੋਚਦੇ। ਬਹੁਤ ਸਾਰੇ ਲੋਕੀ ਦੂਸਰਿਆਂ ਨਾਲ ਠਾਕ ਗੱਲਬਾਤ ਨਹੀਂ ਕਰ ਸਕਦੇ, ਉਹ ਦੂਸਰਿਆਂ ਤੇ ਵਿਸ਼ਵਾਸ਼ ਹੀ ਨਹੀਂ ਕਰਦੇ। ਉਨ੍ਹਾਂ ਨੂੰ ਵਿਸ਼ਵਾਸ਼ ਕਰਨਾ ਸਿਖਾਇਆ ਹੀ ਨਹੀਂ ਗਿਆ। ਉਨ੍ਹਾਂ ਨੂੰ ਦੇਣਾ ਸਿਖਾਇਆ ਹੀ ਨਹੀਂ ਗਿਆ। ਇਸ ਕਰਕੇ ਹੀ ਇਕ ਕਵੀ ਨੇ ਕਿਹਾ ਹੈ, ਮੈਨੂੰ ਜੀਵਨ ਦੇ ਪਹਿਲੇ ਸੱਤ ਸਾਲ ਦੇ ਦਿਓ, ਬਾਕੀ ਸਾਰੇ ਤੁਸੀਂ ਲੈ ਲਵੋ। ਸਭ ਤੋਂ ਸ੍ਰੇਸ਼ਟ, ਸਭ ਤੋਂ ਜ਼ਰੂਰੀ ਅਹਿਮ ਜੀਵਨ ਹੈ ਬਚਪਨ। ਜੇ ਬਚਪਨ ਵਿਚ ਚੰਗੇ ਸੰਸਕਾਰ, ਚੰਗੇ ਬੀਜ ਪੈ ਜਾਣ, ਫੇਰ ਮਨੁੱਖੀ ਜੀਵਨ ਠੀਕ ਢੰਗ ਨਾਲ ਠੀਕ ਦਿਸ਼ਾ ਵਿਚ ਵਿਕਸਿਤ ਹੁੰਦਾ ਹੈ।

ਵੱਡੇ ਤਾਂ ਸਾਰੇ ਹੀ ਹੁੰਦੇ ਹਨ ਪਰ ਆਮ ਤੌਰ ਤੇ ਤੁਸੀਂ ਸੁਆਰਥੀ ਤੇ ਅਨੁਸਾਸ਼ਨ ਰਹਿਤ ਵੱਡੇ ਹੁੰਦੇ ਹੋ। ਜੇ ਤੁਹਾਡੀ ਦੇਖਭਾਲ ਠੀਕ ਤਰੀਕੇ ਸਿਰ ਕੀਤੀ ਜਾਵੇ ਫੇਰ ਤੁਸੀਂ ਦੇਣਾ ਸਿੱਖ ਲੈਂਦੇ ਹੋ। ਇਕ ਅਧਿਆਪਕ ਨੇ ਕਿਹਾ ਹੈ, ਬੱਚਾ ਜਨਮ ਤੋਂ ਪਹਿਲਾਂ 22 ਵਾਰੀ ਸਿਖਿਆ ਲੈ ਚੁੱਕਾ ਹੁੰਦਾ ਹੈ, ਇਸ ਤੋਂ ਭਾਵ ਇਹ ਹੈ ਕਿ ਬੱਚੇ ਦੀ ਸਿਖਿਆ ਮਾਂ ਦੇ ਨਾਲ ਨਾਲ ਹੁੰਦੀ ਰਹਿੰਦੀ ਹੈ।

ਜਦੋਂ ਬੱਚਾ ਮਾਂ ਦੇ ਪੇਟ ਵਿਚ ਹੋਵੇ, ਮਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਚੰਗੇ ਭਾਵ ਆਪਣੇ ਅੰਦਰ ਬੱਚੇ ਨੂੰ ਦੇਵੇ, ਚੰਗੇ ਵਿਚਾਰ ਦੇਵੇ ਸ਼ੁਧ ਜੀਵਨ ਜੀਵੇ। ਸਾਡੇ ਸਮਾਜ ਵਿਚ ਵਧੇਰੇ ਨਫਰਤ ਕਿਉਂ ਹੈ, ਵਧੇਰੇ ਵੱਡਾ ਛੋਟਾ ਪਨ, ਇਕ ਦੂਸਰੇ ਨਾਲ ਵੈਰ ਵਿਰੋਧ ਕਿਉਂ ਹੈ? ਸਭ ਤੋਂ ਵੱਡਾ ਕਾਰਣ ਹੈ ਕਿ ਬੱਚਿਆਂ ਨੂੰ ਠੀਕ ਤਰ੍ਹਾਂ ਵੱਡੇ ਹੀ ਨਹੀਂ ਕੀਤਾ ਜਾਂਦਾ, ਉਨ੍ਹਾਂ ਨੂੰ ਜੀਵਨ ਵਿਚ ਦੇਣਾ ਹੀ ਨਹੀਂ ਸਿਖਾਇਆ ਜਾਂਦਾ। ਤੁਹਾਨੂੰ ਤਾਂ ਇਹ ਸਿਖਾਇਆ ਜਾਂਦਾ ਹੈ ਕਿ ਕਿਵੇਂ ਚੀਜ਼ਾਂ ਨੂੰ ਕਿਵੇਂ ਆਲੇ ਦੁਆਲੇ ਦਾ ਨਰੀਖਣ ਕਰਨਾ ਹੈ, ਕਿਵੇਂ ਦੂਸਰਿਆਂ ਦੀਆਂ ਕਦਰਾਂ ਕੀਮਤਾਂ ਨੂੰ ਸਵੀਕਾਰ ਕਰਨਾ ਹੈ ਇਹ ਦੱਸਿਆ ਜਾਂਦਾ ਹੈ ਕੀ ਮਾੜਾ ਹੈ ਕੀ ਚੰਗਾ ਹੈ?

ਅੱਜ ਦੇ ਸੰਸਾਰ ਵਿਚ ਇਹ ਬਿਲਕੁਲ ਹੀ ਨਹੀਂ ਦੱਸਿਆ ਜਾਂਦਾ ਕਿ ਮਨੁੱਖ ਦੀਆਂ ਕੀ ਜ਼ਿੰਮੇਵਾਰੀਆਂ ਹਨ, ਬਚਪਨ ਵਿਚ ਇਨ੍ਹਾਂ ਬਾਰੇ ਕੋਈ ਗਿਆਨ ਨਹੀਂ ਦਿਤਾ ਜਾਂਦਾ। ਇਹੋ ਹੀ ਕਾਰਣ ਹੈ ਕਿ ਤੁਸੀਂ ਵੱਡੇ ਹੋ ਕੇ ਗੈਰ ਜ਼ਿੰਮੇਵਾਰ ਬਣੇ ਰਹਿੰਦੇ ਹੋ ਤੇ ਸੁਆਰਥੀ ਬਣ ਜਾਂਦੇ ਹੋ। ਮਾਤਾ ਪਿਤਾ ਨੂੰ, ਅਧਿਆਪਕਾਂ ਨੂੰ ਇਹ ਦਸਣਾ ਚਾਹੀਦਾ ਹੈ ਇਹ ਸਿਖਾਣਾ ਚਾਹੀਦਾ ਹੈ ਕਿ ਨਿਰਸੁਆਰਥੀ ਕਿਵੇਂ ਬਣਨਾ ਹੈ। ਤੁਹਾਡਾ ਪਹਿਲਾ ਗੁਰੂ ਕੋਈ ਯੋਗਾ ਦਾ ਗੁਰੂ ਨਹੀਂ ਸੀ ਪਹਿਲਾ ਗੁਰੂ ਤਾਂ ਤੁਹਾਡੀ ਮਾਂ ਹੀ ਸੀ। ਜੇ ਮਾਂ ਚੰਗੀ ਗੁਰੂ ਨਹੀਂ ਸੀ, ਚੰਗੀ ਅਧਿਆਪਕ ਨਹੀਂ ਸੀ ਫੇਰ ਤਾਂ ਬਾਕੀ ਦੇ ਜੀਵਨ ਵਿਚ ਰੱਬ ਹੀ ਰਾਖਾ ਹੈ। ਫੇਰ ਜੀਵਨ ਵਿਚ ਕੁਝ ਕਰਨਾ, ਕੁਝ ਪ੍ਰਾਪਤੀ ਕਰਨੀ, ਬਹੁਤ ਹੀ ਕਠਿਨ ਕੰਮ ਹੈ। ਫੇਰ ਤੁਸੀਂ ਜੀਵਨ ਭਰ ਕਿਸੇ ਤੇ ਵਿਸ਼ਵਾਸ਼ ਹੀ ਨਹੀਂ ਕਰਦੇ।

ਬਚਪਨ ਵਿਚ ਤੁਸੀਂ ਨਕਲ ਕਰਕੇ ਸਿਖਦੇ ਹੋ, ਦੂਸਰੇ ਨੂੰ ਦੇਖ ਕੇ ਸਿਖਦੇ ਹੋ, ਪੁਸਤਕਾਂ ਪੜ੍ਹ ਕੇ ਤੁਸੀਂ ਉਸ ਅਵਸਥਾ ਤੇ ਨਹੀਂ ਸਿਖਦੇ। ਸ਼ਬਦਾਂ ਰਾਹੀਂ ਸਿਖਦੇ ਹੋ, ਸਭਿਆਚਾਰ ਫਿਲੌਸਫੀ ਰਾਹੀਂ ਪੁਜਦੇ ਹੋ। ਦੂਸਰੇ ਕੀ ਕਰਦੇ ਹਨ? ਤੁਸੀਂ ਦੇਖਦੇ ਹੋ, ਦੇਖ ਕੇ ਸਿਖਦੇ ਹੋ। ਜੇ ਮਾਤਾ ਪਿਤਾ ਦੋਨੋਂ ਹੀ ਇਕ ਚੰਗੀਆਂ ਵਧੀਆ ਮਿਸਾਲਾਂ ਹੋਣ, ਫੇਰ ਬੱਚਾ ਬਹੁਤ ਹੀ ਖੁਸ਼ ਰਹਿੰਦਾ ਹੈ, ਆਪਣੇ ਆਪ ਨੂੰ ਬਹੁਤ ਹੀ ਸੁਰਖਿਅਤ ਮਹਿਸੂਸ ਕਰਦਾ ਹੈ, ਇਸ ਤਰ੍ਹਾਂ ਉਹ ਬੱਚਾ ਬਿਨਾਂ ਕਿਸੇ ਭੈ, ਬਿਨਾਂ ਕਿਸੇ ਸੁਆਰਥ ਦੇ ਵੱਡਾ ਹੁੰਦਾ ਹੈ। ਅੱਜ ਦਾ ਸਮਾਜ ਅਜੇ ਵੀ ਬਹੁਤ ਹੀ ਪੁਰਾਤਨ ਢੰਗ ਦਾ ਹੈ। ਅੱਜੇ ਇਸ ਸਮਾਜ ਨੇ ਬੱਚਿਆਂ ਨੂੰ ਦੇਣਾ ਨਹੀਂ ਸਿਖਿਆ। ਮਨੁੱਖ ਵੱਡੇ ਹੋ ਰਹੇ ਹਨ, ਬੱਚੇ ਵੱਡੇ ਹੋ ਰਹੇ ਹਨ ਪਰ ਉਹ ਸੁਆਰਥੀ ਬਣ ਰਹੇ ਹਨ ਤੇ ਜਾਹਲ ਬਣ ਰਹੇ ਹਨ।

ਜਦੋਂ ਤੁਸੀਂ ਕੁਝ ਦਿੰਦੇ ਹੋ, ਤੁਹਾਨੂੰ ਕੁਰਬਾਨੀ ਕਰਨੀ ਪੈਂਦੀ ਹੈ। ਉਹ ਕੁਰਬਾਨੀ ਉਚੀ ਕੁਰਬਾਨੀ ਹੁੰਦੀ ਹੈ ਉਹ

ਕੁਰਬਾਨੀ ਬਹੁਤ ਕਠਿਨ ਹੁੰਦੀ ਹੈ। ਕੇਵਲ ਸੋਚ ਲੈਣਾ ਕਿ ਮੈਂ ਦੇਣਾ ਹੈ ਜਾਂ ਵੈਸੇ ਹੀ ਦੇ ਦੇਣਾ ਹੋਰ ਗੱਲ ਹੈ। ਜਿਹੜੇ ਮਾਤਾ ਪਿਤਾ ਬਣਨਾ ਚਾਹੁੰਦੇ ਹਨ, ਜਿਹੜੇ ਮਾਤਾ ਪਿਤਾ ਹਨ ਉਨ੍ਹਾਂ ਨੂੰ ਸੁਆਰਥ ਛੱਡਣਾ ਚਾਹੀਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਉਹ ਗਿਆਨ ਦੇਣ ਜਿਹੜਾ ਉਨ੍ਹਾਂ ਦੀ ਸਹਾਇਤਾ ਕਰੇ ਜਿਹੜਾ ਉਨ੍ਹਾਂ ਲਈ ਲਾਭਕਾਰੀ ਹੋਵੇ, ਸਰੇਸ਼ਟ ਹੋਵੇ ਤਾਂ ਜੋ ਵੱਡੇ ਹੋ ਕੇ ਉਹ ਆਪਣੇ ਬੱਚਿਆਂ ਨੂੰ ਵੀ ਉਹ ਹੀ ਦੇ ਸਕਣ।

ਜਦੋਂ ਠੀਕ ਸਮਾਂ ਆਉਂਦਾ ਹੈ, ਫੇਰ ਇਸ ਤੋਂ ਅੱਗੇ ਦੀ ਸਿਖਿਆ ਮਿਲਦੀ ਹੈ, ਉਹ ਹੈ ਆਪਣੇ ਆਸ ਪਾਸ ਆਪਣੇ ਵਾਤਾਵਰਣ ਤੋਂ ਸਿਖਿਆ ਮਿਲਦੀ ਹੈ, ਤੁਸੀਂ ਦੂਸਰਿਆਂ ਤੋਂ ਸਿਖਿਆ ਲੈਂਦੇ ਹੋ, ਤੁਹਾਡੇ ਆਸ ਪਾਸ ਕਿਵੇਂ ਤੁਹਾਡੇ ਨਾਲ ਸਾਰੇ ਵਿਵਹਾਰ ਕਰਦੇ ਹਨ, ਉਹ ਕਿਵੇਂ ਮਹਿਸੂਸ ਕਰਦੇ ਹਨ? ਤੁਸੀਂ ਦੂਸਰਿਆਂ ਲਈ ਕਿਵੇਂ ਹਮਦਰਦੀ ਕਰਦੇ ਹੋ, ਜੇ ਕੋਈ ਦੁਖੀ ਹੋ ਕੇ ਰੋਂਦਾ ਹੈ ਤਾਂ ਤੁਸੀਂ ਵੀ ਰੋਂਦੇ ਹੋ। ਜੇ ਤੁਹਾਨੂੰ ਸਿਖਾਇਆ ਨਾ ਗਿਆ ਹੋਵੇ ਤਾਂ ਤੁਸੀਂ ਦੂਸਰੇ ਨੂੰ ਰੋਂਦਾ ਦੇਖ ਕੇ ਗੁੱਸੇ ਹੋ ਸਕਦੇ ਹੋ, ਤੁਸੀਂ ਉਸ ਨੂੰ ਨਫਰਤ ਕਰ ਸਕਦੇ ਹੋ ਪਰ ਇਸ ਤਰ੍ਹਾਂ ਕਰਨਾ ਕੁਦਰਤ ਤੋਂ ਮੂੰਹ ਮੋੜਨਾ ਹੈ, ਇਹੋ ਜਿਹਾ ਵਿਹਾਰ ਕੋਈ ਠੀਕ ਵਿਹਾਰ ਨਹੀਂ ਹੈ। ਜੇ ਬੱਚੇ ਨੂੰ ਚੰਗੇ ਸੁਚੱਜੇ ਵਾਤਾਵਰਣ ਵਿਚ ਪਾਲਿਆ ਹੀ ਨਹੀਂ ਗਿਆ। ਉਹ ਬੱਚਾ ਚੰਗਾ ਸ੍ਰੇਸ਼ਟ ਨਾਗਰਿਕ ਕਿਵੇਂ ਬਣ ਸਕਦਾ ਹੈ, ਉਹ ਦੂਸਰਿਆਂ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ?

ਇਤਿਹਾਸਕ ਪੱਖੋਂ ਦੇਖਿਆ ਜਾਵੇ ਤਾਂ ਪੁਰਸ਼ ਬੱਚੇ ਦਾ ਸਭ ਤੋਂ ਪਹਿਲਾ ਗੁਰੂ ਨਹੀਂ ਹੈ, ਮਾਂ ਸਭ ਤੋਂ ਪਹਿਲੀ ਗੁਰੂ ਹੈ। ਪਿਤਾ ਦਾ ਪ੍ਰਭਾਵ ਤਾਂ ਬਾਅਦ ਵਿਚ ਆਉਂਦਾ ਹੈ। ਜੇ ਪਹਿਲਾਂ ਚੰਗੀ ਸਿਖਿਆ ਨਾ ਦਿਤੀ ਜਾਵੇ ਤਾਂ ਬਾਅਦ ਵਿਚ ਸਾਰਾ ਕੰਮ ਅਧਿਆਪਕ ਗੁਰੂ ਨੂੰ ਹੀ ਕਰਨਾ ਪੈਂਦਾ ਹੈ। ਗੁਰੂ ਨੂੰ ਹੀ ਫੇਰ ਸਾਰੇ ਨਖੇਦੀ ਦੇ ਵਿਚਾਰਾਂ ਨੂੰ ਠੀਕ ਕਰਨਾ ਪੈਂਦਾ ਹੈ, ਸਾਰੀਆਂ ਆਦਤਾਂ ਬਦਲਣੀਆਂ ਪੈਂਦੀਆਂ ਹਨ। ਜੇ ਮਾਤਾ ਨੇ ਆਪਣੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਿਭਾਈ ਹੋਵੇ, ਪਿਤਾ ਨੇ ਆਪਣੀ ਡਿਊਟੀ ਠੀਕ ਤਰ੍ਹਾਂ ਕੀਤੀ ਹੋਵੇ, ਫੇਰ ਗੁਰੂ ਦਾ ਕੰਮ, ਅਚਾਰੀਆਂ ਦਾ ਕੰਮ ਬਹੁਤ ਸੌਖਾ ਹੋ ਜਾਂਦਾ ਹੈ। ਪਰ ਜੇ ਮਾਤਾ ਪਿਤਾ ਨੇ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਾ ਕੀਤਾ ਹੋਵੇ ਫੇਰ ਬੱਚੇ ਲਈ ਬਦਲਣਾ ਬੜਾ ਔਖਾ ਹੋ ਜਾਂਦਾ ਹੈ, ਉਸ ਦਾ ਵਿਕਾਸ ਬਹੁਤ ਔਖਾ ਹੋ ਜਾਂਦਾ ਹੈ। ਜਦੋਂ ਅਧਿਆਪਕ ਕਹਿੰਦਾ ਹੈ ਮੇਰੇ ਕੋਲ ਆ ਪਰ ਸ਼ਿਸ਼ ਤਾਂ ਉਸ ਤੋਂ ਉਲਟ ਚਲਦਾ ਹੈ। ਉਹ ਤਾਂ ਢੀਠ ਹੋ ਚੁੱਕਾ ਹੈ, ਉਸ ਦੇ ਅੰਦਰ ਸਾਰੀ ਨਖੇਦੀ ਭਰੀ ਪਈ ਹੈ। ਤੁਸੀਂ ਚੀਜ਼ ਨੂੰ ਗੱਲਾਂ ਨੂੰ ਉਸ ਤਰ੍ਹਾਂ ਮੰਨਣ ਨੂੰ ਤਿਆਰ ਹੀ ਨਹੀਂ। ਤੁਸੀਂ ਤਾਂ ਉਹ ਮੰਨਣ ਨੂੰ ਤਿਆਰ ਹੋ ਜਾਂ ਉਦੋਂ ਗੱਲਾਂ ਮੰਨਣ ਨੂੰ ਤਿਆਰ ਹੋ ਜਦੋਂ ਉਹ ਤੁਹਾਡੇ ਅਨੁਸਾਰ ਹੋਣ। ਇਹ ਹੀ ਇਕ ਸਭ ਤੋਂ ਗੰਭੀਰ ਸਮੱਸਿਆ ਹੈ ਕਿ ਤੁਸੀਂ ਸਭ ਕੁਝ ਆਪਣੇ ਹੀ ਅਨੁਸਾਰ ਚਾਹੁੰਦੇ ਹੋ। ਬੱਚੇ ਦੀ ਸਿਖਿਆ ਦਾ ਸਭ ਤੋਂ ਅਹਿਮ ਗੱਲ, ਸਭ ਤੋਂ ਜ਼ਰੂਰੀ ਗੱਲ ਹੈ 'ਜਾਣ ਦਿਓ' ਹੋ ਗਿਆ। ਇਹ ਸਭ ਤੋਂ ਵੱਧ ਜ਼ਰੂਰੀ ਹੈ। ਵਡਭਾਗੇ ਹਨ ਜਿਨ੍ਹਾਂ ਨੂੰ ਇਹ ਸਿਖਿਆ ਮਿਲੀ ਹੈ। ਬੱਚੇ ਦੀ ਸਿਖਿਆ ਕੇਵਲ ਸਾਧਾਰਣ ਨਹੀਂ, ਕੇਵਲ ਸਰੀਰਕ ਨਹੀਂ ਹੋਣੀ ਚਾਹੀਦੀ, ਮਾਤਾ ਪਿਤਾ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਬੱਚੇ ਦੀ ਸਖਸ਼ੀਅਤ ਕਿਵੇਂ ਵਿਕਸਿਤ ਹੋ ਰਹੀ ਹੈ ਕਿਵੇਂ ਵਧ ਫੁਲ ਰਹੀ ਹੈ।

ਜ਼ਿੰਮੇਵਾਰੀ ਔਰਤ ਦੀ ਹੈ, ਔਰਤ ਹੀ ਸੰਸਾਰ ਦੀ ਨਿਰਮਾਤਾ ਹੈ, ਮਰਦ ਨਹੀਂ। ਆਦਮੀ ਤਾਂ ਸਦਾ ਹੀ ਗੈਰਜ਼ਿੰਮੇਵਾਰ ਰਿਹਾ ਹੈ ਪਰ ਅੱਜ ਦੇ ਸੰਸਾਰ ਵਿਚ ਤਾਂ ਔਰਤ ਵੀ ਗੈਰ ਜ਼ਿੰਮੇਵਾਰ ਹੋ ਗਈ ਹੈ, ਇਹੋ ਹੀ ਕਾਰਣ ਹੈ ਕਿ ਸਮਾਜ ਵਿਚ ਹਫੜਾਦਫੜੀ ਪੈ ਗਈ।

ਅੱਜ ਦੇ ਸੰਸਾਰ ਵਿਚ ਸਾਡੇ ਕੋਲ ਸਾਧਨਾ ਦੀ ਕਮੀ ਨਹੀਂ, ਅਨੇਕਾਂ ਸਾਧਨ ਹਨ, ਲੋੜ ਤੋਂ ਵੱਧ ਅਵਸਰ ਹਨ, ਪਰ ਘਾਟ ਇਸ ਗੱਲ ਦੀ ਹੈ ਕਿ ਸਾਨੂੰ ਪਤਾ ਹੀ ਨਹੀਂ ਅਸੀਂ ਇਨ੍ਹਾਂ ਸਾਧਨਾਂ ਦੀ, ਇਨ੍ਹਾਂ ਅਵਸਰਾਂ ਦੀ ਵਰਤੋਂ ਕਿਵੇਂ ਕਰੀਏ। ਅਸੀਂ ਬਾਹਰ ਦੇ ਸੰਸਾਰ ਦੀਆਂ ਬਹੁਤ ਸਾਰੀਆਂ ਗਲੀਆਂ, ਬਹੁਤ ਸਾਰੇ ਰਾਹ ਲੱਭੇ ਹਨ। ਬਹੁਤ ਸਾਰੇ ਰਾਹ ਬਦਲੇ ਹਨ ਪਰ ਅਸੀਂ ਇਹ ਨਹੀਂ ਜਾਣਦੇ ਕਿਹੜਾ ਰਾਹ ਕਦੋਂ ਵਰਤਣਾ ਹੈ ਤੇ ਕਿਵੇਂ ਵਰਤਣਾ ਹੈ। ਇਹ ਸਾਡੇ ਜੀਵਨ ਦੀ ਬਹੁਤ ਵੱਡੀ ਸਮੱਸਿਆ ਹੈ। ਬਚਪਨ ਵਿਚ ਮਾਤਾ ਪਿਤਾ ਨੂੰ, ਤੁਹਾਨੂੰ ਸਿੱਧੇ ਚਲਣਾ, ਆਰਾਮ ਨਾਲ ਚਲਣਾ ਸੰਤੁਲਨ ਰੱਖ ਕੇ ਚਲਣਾ ਸਿਖਾਉਣਾ ਚਾਹੀਦਾ ਹੈ। ਮਾਤਾ ਪਿਤਾ ਨੂੰ ਸਿਖਾਉਣਾ ਚਾਹੀਦਾਹੈ ਕਿਵੇਂ ਮਿੱਠਾ ਬੋਲਣਾ ਹੈ, ਦੂਸਰਿਆਂ ਨਾਲ ਗੱਲਬਾਤ ਕਿਵੇਂ ਕਰਨੀ ਹੈ। ਜਦੋਂ ਤੁਸੀਂ ਇਹ ਸਾਰੀਆਂ ਗੱਲਾਂ ਸਿੱਖ ਲੈਂਦੇ ਹੋ ਉਸ ਤੋਂ ਪਿਛੋਂ ਹੀ ਅਚਾਰੀਆ ਤੁਹਾਨੂੰ ਜੀਵਨ ਦੇ ਅਗਲੇ ਪ੍ਰਸ਼ਨਾਂ ਦੇ ਉਤਰ ਸਮਝਾ ਸਕਦਾ ਹੈ ਜਿਵੇਂ ਕਿ ਜੀਵਨ ਮਨੋਰਥ ਕੀ ਹੈ? ਅਸੀਂ ਸੰਸਾਰ ਵਿਚ ਕਿਉਂ ਆਏ ਹਾਂ, ਸਾਨੂੰ ਜੀਵਨ ਕਿਵੇਂ ਜੀਣਾ ਚਾਹੀਦਾ ਹੈ?

ਬਹੁਤ ਸਾਲ ਪਹਿਲਾਂ ਜਦੋਂ ਮੈਂ ਰੂਸ ਗਿਆ ਸੀ ਮੈਂ ਰੂਸੀਆਂ ਨੂੰ ਕੁਝ ਫਿਲੋਸਫੀ ਦੇ ਪ੍ਰਸ਼ਨ ਪੁਛੇ ਜਿਵੇਂ ਕਿ ਤੁਸੀਂ ਖਾਂਦੇ ਕਿਉਂ ਹੋ? ਤੁਸੀਂ ਚੰਗਾ ਖਾਣਾ ਕਿਉਂ ਖਾਣਾ ਚਾਹੁੰਦੇ ਹੋ, ਚੰਗਾ ਜੀਵਨ ਕਿਉਂ ਜੀਣਾ ਚਾਹੁੰਦੇ ਹਾਂ। ਪਰ ਉਨ੍ਹਾਂ ਵਿਚੋਂ ਕੋਈ ਵੀ ਮੈਨੂੰ ਠੀਕ ਉਤਰ ਜਿਹੜਾ ਅਧਿਆਤਮਕ ਪੱਖੋਂ ਠੀਕ ਢੁਕਵਾਂ ਹੋਵੇ, ਕੋਈ ਨਹੀਂ ਦੇ ਸਕਿਆ। ਜੀਵਨ ਦਾ ਕੋਈ ਮਨੋਰਥ ਹੋਣਾ ਚਾਹੀਦਾ ਹੈ, ਜੀਵਨ ਦੀਆਂ ਆਪਣੀ ਰੋਜ਼ਾਨਾ ਜ਼ਰੂਰਤਾਂ ਪੂਰੀਆਂ ਕਰਨ ਉਪਰੰਤ ਤੁਸੀਂ ਉਚੀਆਂ ਉਡਾਰੀਆਂ ਮਾਰ ਸਕੋ। ਜੇ ਜੀਵਨ ਬਹੁਤ ਔਖਾ ਹੋਵੇ, ਰੋਜ਼ਾਨਾ ਜੀਵਨ ਵਿਚ ਵਧੇਰੇ ਔਕੜਾਂ ਹੋਣ ਤਾਂ ਜੀਵਨ ਵਿਚ ਉਚੀ ਉਡਾਰੀ ਮਾਰਨੀ ਔਖੀ ਹੋ ਜਾਂਦੀ ਹੈ। ਬਾਹਰ ਦੇ ਸੰਸਾਰ ਦੀਆਂ ਸਾਰੀਆਂ ਚੀਜ਼ਾਂ, ਚੰਗੇ ਪੈਸੇ, ਚੰਗਾ

ਸੋਹਣਾ ਘਰ, ਚੰਗੀ ਗੱਡੀ, ਹੋਰ ਸੋਹਣੀਆਂ ਚੀਜ਼ਾਂ ਉਹ ਜੀਵਨ ਨੂੰ ਸੁਖਦਾਈ ਬਣਾਉਂਦੀਆਂ ਹਨ, ਪਰ ਇਹ ਸਾਰੀਆਂ ਚੀਜ਼ਾਂ ਇਕ ਸਾਧਨ ਹਨ, ਇਨ੍ਹਾਂ ਨੂੰ ਇਕ ਸਾਧਨ ਹੀ ਸਮਝਣਾ ਚਾਹੀਦਾ ਹੈ, ਸਾਧਨ ਹੀ ਵਰਤਣਾ ਚਾਹੀਦਾ ਹੈ, ਜੇ ਇਨ੍ਹਾਂ ਨੂੰ ਸਾਧਨ ਵਜੋਂ ਨਾ ਵਰਤਿਆ ਜਾਵੇ, ਇਨ੍ਹਾਂ ਨੂੰ ਦਾਤਾਂ ਮੰਨ ਕੇ ਇਨ੍ਹਾਂ ਵਿਚ ਹੀ ਉਲਝ ਜਾਣ ਤਾਂ ਔਕੜਾਂ ਆ ਸਕਦੀਆਂ ਹਨ। ਜਿਹੜੀਆਂ ਚੀਜ਼ਾਂ ਸਾਧਨ ਹਨ ਉਹ ਹੀ ਤੁਹਾਡੇ ਲਈ ਸਮੱਸਿਆ ਬਣ ਸਕਦੀਆਂ ਹਨ। ਪਰਿਵਾਰ ਵਿਚ ਚੰਗਾ ਪਤੀ, ਚੰਗੀ ਪਤਨੀ ਇਹ ਤੁਹਾਡੇ ਚੰਗੇ ਜੀਵਨ ਦੇ ਸਾਧਨ ਹਨ, ਤੁਹਾਡੇ ਜੀਵਨ ਨੂੰ ਆਰਾਮ ਦੇਹ ਬਣਾਉਂਦੇ ਹਨ। ਤੁਹਾਡੇ ਸੁਖ ਦੇ ਸਾਧਨ ਹਨ ਪਰ ਇਹ ਸਬੰਧ ਤੁਹਾਡੇ ਲਈ ਸਮਸਿਆ ਸਾਧਨ ਨਹੀਂ, ਤੁਹਾਡੀ ਸਮੱਸਿਆ ਤੇ ਸਾਧਨਾ ਦੀ ਵਰਤੋਂ ਹਨ।

ਬੱਚੇ ਦੇ ਵਿਕਾਸ ਲਈ ਮਾਤਾ ਪਿਤਾ ਦੇ ਅੰਦਰ ਸ਼ਕਤੀ ਹੋਣੀ ਚਾਹੀਦੀ ਹੈ। ਉਹ ਸ਼ਕਤੀ ਹੈ ਦਇਆ, ਕ੍ਰਿਪਾ ਦਰਦ। ਸੰਸਾਰ ਵਿਚ ਕੋਈ ਇਸ ਤਰ੍ਹਾਂ ਦਾ ਪਿਆਰ ਨਹੀਂ ਕਰ ਸਕਦਾ ਜਿਵੇਂ ਮੇਰੇ ਗੁਰੂਦੇਵ ਨੇ ਮੈਨੂੰ ਕੀਤਾ ਹੈ। ਲੱਖਾਂ ਪਿਤਾ ਕਰੋੜਾਂ ਮਾਤਾ ਮੈਨੂੰ ਉਸ ਤਰ੍ਹਾਂ ਦਾ ਪਿਆਰ ਨਹੀਂ ਦੇ ਸਕਦੇ ਸੀ ਜਿਹੜਾ ਮੇਰੇ ਗੁਰੂਦੇਵ ਨੇ ਮੈਨੂੰ ਦਿਤਾ। ਇਹੋ ਹੀ ਕਾਰਣ ਸੀ ਮੈਨੂੰ ਕਦੀ ਵੀ ਮਾਤਾ ਪਿਤਾ ਦੀ ਯਾਦ ਨਹੀਂ ਆਈ। ਅੱਜ ਵੀ ਮੈਨੂੰ ਕਦੀ ਮਾਤਾ ਪਿਤਾ ਦੀ ਯਾਦ ਨਹੀਂ ਆਈ ਕਿਉਂਕਿ ਮੈਨੂੰ ਗੁਰੂਦੇਵ ਨੇ ਐਨਾ ਪਿਆਰ ਕੀਤਾ ਕਿ ਮੈਂ ਪਿਆਰ ਨਾਲ ਪੂਰਾ ਭਰ ਗਿਆ।

ਤੁਸੀਂ ਦੱਸ ਸਕਦੇ ਹੋ ਕਿ ਕੋਈ ਬਨਾਵਟੀ ਗੱਲ ਕਰ ਰਿਹਾ ਹੈ ਕਿ ਸੱਚਾ ਹੈ? ਤੁਸੀਂ ਉਨ੍ਹਾਂ ਦੇ ਪਿਆਰ ਤੋਂ ਦੇਖ ਸਕਦੇ ਹੋ। ਬਹੁਤ ਵਾਰੀ ਤਾਂ ਸਾਨੂੰ ਪਤਾ ਹੀ ਨਹੀਂ ਪਿਆਰ ਸ਼ਬਦ ਦੇ ਅਰਥ ਕੀ ਹਨ। ਅਸਲੀ ਪਿਆਰ ਤਾਂ ਉਹ ਹੈ ਜਦੋਂ ਤੁਸੀਂ ਦੂਸਰੇ ਲਈ ਕੁਝ ਕਰਦੇ ਹੋ। ਉਸ ਨੂੰ ਪਿਆਰ ਕਰਦੇ ਰਹੋ ਪਰ ਕਿਸੇ ਪ੍ਰਕਾਰ ਦੀ ਕੋਈ ਆਸ ਨਾ ਰੱਖੋ, ਉਹ ਹੀ ਇਕ ਮਾਤਰ ਪਿਆਰ ਹੈ, ਪਰ ਇਹੋ ਜਿਹਾ ਪਿਆਰ ਕਰਨਾ ਸਿੱਖੀਏ ਕਿੱਥੋਂ? ਅਸੀਂ ਤਾਂ ਦੂਸਰਿਆਂ ਨੂੰ ਦੇਖ ਕੇ ਹੀ ਸਿਖਦੇ ਹਾਂ, ਜੋ ਉਹ ਕਹਿੰਦੇ ਹਨ ਉਸ ਤੋਂ ਅਸੀਂ ਨਹੀਂ ਸਿਖਦੇ। ਇਕ ਵਾਰੀ ਦੀ ਗੱਲ ਹੈ ਇਕ ਪਿਤਾ ਕਿਸੇ ਵੈਸ਼ਿਆਂ ਕੋਲ ਜਾਂਦਾ ਸੀ, ਉਸ ਦਾ ਪੁੱਤਰ ਵੀ ਉਸ ਵੈਸ਼ਿਆ ਕੋਲ ਜਾਂਦਾ ਸੀ ਪਰ ਦੋਨਾਂ ਨੂੰ ਹੀ ਇਕ ਦੂਜੇ ਦਾ ਪਤਾ ਨਹੀਂ ਸੀ। ਇਕ ਦਿਨ ਦੋਨੋਂ ਹੀ ਉਥੇ ਮਿਲ ਗਏ। ਪਿਤਾ ਨੇ ਪੁਛਿਆ ਤੂੰ ਏਥੇ ਕੀ ਕਰ ਰਿਹਾ ਹੈਂ? ਪੁਤਰ ਨੇ ਉਤਰ ਦਿਤਾ, ਜੋ ਤੁਸੀਂ ਕਰ ਰਹੇ ਹੋ। ਪਿਤਾ ਕਹਿਣ ਲੱਗਿਆ ਜੋ ਮੈਂ ਕਰ ਰਿਹਾ ਹਾਂ ਤੂੰ ਉਹ ਨਾ ਕਰ, ਜੋ ਮੈਂ ਕਹਿੰਦਾ ਹਾਂ ਤੂੰ ਉਹ ਕਰ।

ਇਹ ਹੀ ਇਕ ਵੱਡੀ ਸਮੱਸਿਆ ਹੈ, ਤੁਸੀਂ ਬੱਚਿਆਂ ਤੋਂ ਵਿਦਿਆਰਥੀਆਂ ਤੋਂ ਉਹ ਆਸ ਰਖਦੇ ਹੋ ਜਿਵੇਂ ਤੁਸੀਂ ਕਹਿੰਦੇ ਹੋ, ਪਰ ਬੱਚੇ ਉਹ ਕਰਦੇ ਹਨ ਜੋ ਤੁਸੀਂ ਕਰਦੇ ਹੋ। ਤੁਸੀਂ ਬੱਚਿਆਂ ਲਈ ਚੰਗਾ ਸੋਚਦੇ ਹੋ। ਤੁਸੀਂ ਨਹੀਂ ਚਾਹੁੰਦੇ ਕਿ ਬੱਚੇ ਤੁਹਾਡੀਆਂ ਬੁਰੀਆਂ ਆਦਤਾਂ ਸਿਖਣ। ਤੁਸੀਂ ਆਪਣੀਆਂ ਬੁਰੀਆਂ ਆਦਤਾਂ ਜਾਣਦੇ ਹੋ, ਤੁਹਾਡੀਆਂ ਬੁਰੀਆਂ ਆਦਤਾਂ ਹੀ ਤੁਹਾਡੇ ਲਈ ਅਸੁਆਰਥ ਹੁੰਦੀਆਂ ਹਨ। ਤੁਸੀਂ ਭਾਵੇਂ ਆਪਣੇ ਆਪ ਨੂੰ ਤਾਂ ਇਹ ਗੱਲਾਂ ਮੰਨਣੀਆਂ ਨਾ ਚਾਹੋ ਪਰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਤੁਹਾਡੀਆਂ ਬੁਰੀਆਂ ਆਦਤਾਂ ਕਿਹੜੀਆਂ ਹਨ। ਤੁਹਾਡਾ ਅਹੰਕਾਰ, ਹਉਮੈ, ਮੈਂ ਭਾਵਨਾ, ਈਗੋ, ਸੁਆਰਥ, ਵਾਸਤਵ ਵਿਚ ਸੁਆਰਥ ਹੀ ਬਾਕੀ ਸਭ ਕੁਝ ਦੀ ਜੜ੍ਹ ਹੈ।

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਦੋਂ ਦੇਣਾ ਹੈ ਤੇ ਕਿਵੇਂ ਦੇਣਾ ਹੈ ਪਰ ਸਭ ਤੋਂ ਪਹਿਲਾਂ ਤਾਂ ਤੁਹਾਡੇ ਅੰਦਰ ਦੇਣ ਦੀ ਇੱਛਾ ਹੋਣੀ ਚਾਹੀਦੀ ਹੈ, ਦੇਣ ਦਾ ਉਤਸ਼ਾਹ ਹੋਣਾ ਚਾਹੀਦਾ ਹੈ, ਉਤਸ਼ਾਹ ਪੈਦਾ ਕਰਨ ਲਈ ਮਾਤਾ ਪਿਤਾ ਨੂੰ ਹਮਦਰਦੀ, ਦਇਆ ਹੋਣੀ ਚਾਹੀਦੀ ਹੈ। ਦਯਾ ਤੋਂ ਭਾਵ ਹੈ ਤੁਹਾਨੂੰ ਆਪਣੇ ਬੱਚਿਆਂ ਨੂੰ ਪਿਆਰ ਕਰਨਾ ਚਾਹੀਦਾ ਹੈ, ਪਿਆਰ ਹੋਣਾ ਚਾਹੀਦਾ ਹੈ, ਤੁਸੀਂ ਚਾਹੁੰਦੇ ਹੋ ਕਿ ਬੱਚਿਆਂ ਦਾ ਵਿਕਾਸ ਹੋਵੇ, ਉਹ ਸਿਖਣ, ਸਮਝਣ ਤੇ ਅਭਿਆਸ ਕਰਨ। ਇਹ ਵਿਚਾਰ ਮਾਤਾ ਪਿਤਾ ਵਿਚ ਹੋਣੇ ਚਾਹੀਦੇ ਹਨ।

ਬਹੁਤ ਵਾਰੀ ਗਿਆਨ ਤੁਹਾਡੇ ਅੰਦਰ ਹੁੰਦਾ ਹੈ ਕਿ ਤੁਹਾਡੇ ਵਿਚ ਦਇਆ ਹੋਵੇ, ਸਾਰੀਆਂ ਹੀ ਚੰਗੀਆਂ ਗੱਲਾਂ ਸੰਸਕਾਰ ਤੁਹਾਡੇ ਅੰਦਰ ਆ ਜਾਂਦੇ ਹਨ ਜੇ ਤੁਹਾਡੇ ਅੰਦਰ ਦਇਆ ਹੈ। ਤੁਸੀਂ ਸੁਆਰਥੀ ਹੋ ਤਾਂ ਕੇਵਲ ਨਖੇਦੀ ਹੀ ਤੁਹਾਡੇ ਅੰਦਰ ਆਏਗੀ। ਜਦੋਂ ਤੁਸੀਂ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹੋ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦਇਆ ਹੀ ਸਿਖਾਓ। ਉਨ੍ਹਾਂ ਨੂੰ ਪਿਆਰ ਕਰੋ। ਉਨ੍ਹਾਂ ਤੇ ਦਇਆ ਕਰੋ। ਤੁਸੀਂ ਪਿਆਰ ਤੇ ਦਇਆ ਨਾਲ ਕੀ ਨਹੀਂ ਕਰ ਸਕਦੇ ਪਰ ਜੇ ਤੁਹਾਡੇ ਅੰਦਰ ਪਿਆਰ ਤੇ ਦਇਆ ਨਹੀਂ ਤਾਂ ਤੁਸੀਂ ਬੰਜਰ ਭੂਮੀ ਵਿਚ ਬੀਜ ਬੀਜ ਰਹੇ ਹੋ, ਗਿਆਨ ਦੇਣ ਦਾ ਸਿਖਿਆ ਦੇਣ ਦਾ, ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਬਿਨਾਂ ਪਿਆਰ ਤੇ ਦਯਾ ਦੇ ਸਿਖਿਆ ਦਿਤੀ ਨੂੰ ਕੋਈ ਫਲ ਨਹੀਂ ਲਗਣਾ। ਸਭ ਤੋਂ ਪਹਿਲਾਂ ਮਾਤਾ ਪਿਤਾ ਨੂੰ ਦਯਾ ਤੇ ਪਿਆਰ ਹੀ ਰਖਣਾ ਚਾਹੀਦਾ ਹੈ।

ਇਸੇ ਕਾਰਣ ਯੋਗ ਅਹਿੰਸਾ ਦਸਦਾ ਹੈ। ਜੇ ਤੁਸੀਂ ਅਹਿੰਸਾ ਦਾ ਅਭਿਆਸ ਕਰਨਾ ਚਾਹੁੰਦੇ ਹੋ ਸਭ ਤੋਂ ਪਹਿਲਾਂ ਤੁਹਾਨੂੰ ਅਹਿੰਸਾ ਦੇ ਅਰਥ ਪਤਾ ਹੋਣੇ ਚਾਹੀਦੇ ਹਨ। ਸੱਭ ਤੋਂ ਪਹਿਲਾਂ ਪਿਆਰ ਹੈ, ਸੱਚ ਪਿਛੋਂ ਆਉਂਦਾ ਹੈ। ਪਹਿਲਾਂ ਤੁਹਾਨੂੰ ਅਹਿੰਸਾ ਨੂੰ ਸਮਝਣਾ ਪਵੇਗਾ। ਤੁਸੀਂ ਸੱਚ ਦਾ ਅਭਿਆਸ ਨਹੀਂ ਕਰ ਸਕਦੇ ਜੇ ਤੁਸੀਂ ਅਹਿੰਸਾ ਨੂੰ ਨਹੀਂ ਸਮਝਦੇ। ਪਿਆਰ ਤੇ ਅਹਿੰਸਾ ਨੂੰ ਵਿਕਸਿਤ ਕਰਨ ਲਈ ਤੁਹਾਡਾ ਆਲਾ ਦੁਆਲਾ ਹੀ ਤੁਹਾਡਾ ਖੇਤਰ ਹੈ, ਤੁਹਾਡਾ ਪਰਿਵਾਰ, ਤੁਹਾਡੇ ਮਿਤਰ, ਤੁਹਾਡੇ ਕੰਮ ਕਰਨ ਵਾਲੇ ਸਾਥੀ, ਤੁਹਾਡੇ ਗੁਆਂਢੀ।

ਤੁਹਾਡਾ ਨਿਸ਼ਾਨਾ ਹੈ ਸੱਚ ਤੇ ਪਿਆਰ ਦਾ ਅਭਿਆਸ ਕਰਨਾ, ਸੱਚ ਬੋਲਣਾ। ਤੁਹਾਡੇ ਮਾਤਾ ਪਿਤਾ ਨੇ ਤੁਹਾਨੂੰ ਦੱਸਿਆ ਸੱਚ ਬੋਲਣਾ ਤੇ ਪਿਆਰ ਕਰਨਾ, ਪਰ ਮਾਤਾ ਪਿਤਾ ਇਹ ਨਹੀਂ ਦਸਦੇ ਇਹ ਸਭ ਕਿਵੇਂ ਕਰਨਾ ਹੈ। ਤੁਹਾਨੂੰ ਮਿਸਾਲ ਦੀ ਲੋੜ ਹੈ। ਸੰਸਾਰ ਦੇ ਸਾਰੇ ਗ੍ਰੰਥ ਇਹੋ ਹੀ ਕਹਿੰਦੇ ਹਨ ਪਿਆਰ ਕਰੋ, ਸੱਚ ਬੋਲੋ ਪਰ ਕਿਵੇਂ ਅਸੀਂ ਦੂਸਰਿਆਂ ਨੂੰ ਪਿਆਰ ਕਰੀਏ?

ਯੋਗਾ ਵਿਗਿਆਨ ਵਿਚ ਇਹ ਦੱਸਿਆ ਗਿਆ ਹੈ ਕਿ ਜੇ ਤੁਸੀਂ ਪਿਆਰ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਅਹਿੰਸਾ ਸਿੱਖੋ, ਚਾਹੇ ਤੁਸੀਂ ਪਤੀ ਨੂੰ ਪਿਆਰ ਕਰਨਾ ਸਿਖਣਾ ਚਾਹੁੰਦੇ ਹੋ, ਚਾਹੇ ਬੱਚਿਆਂ ਨੂੰ, ਭਾਵੇਂ ਆਪਣੇ ਮਿੱਤਰਾਂ ਨੂੰ, ਸਭ ਤੋਂ ਪਹਿਲਾਂ ਬੋਲਣ ਵਿਚ, ਕਰਮ ਵਿਚ ਮਨ ਵਿਚ ਅਹਿੰਸਾ ਪੈਦਾ ਕਰੋ। ਜੇ ਤੁਸੀਂ ਕਿਸੇ ਨੂੰ ਦੁਖੀ ਨਹੀਂ ਕਰਦੇ, ਕਿਸੇ ਦਾ ਦਿਲ ਨਹੀਂ ਦੁਖਾਉਂਦੇ ਕਿਸੇ ਨੂੰ ਮਾਰਦੇ ਨਹੀਂ, ਤੁਸੀਂ ਆਪਣੇ ਆਪ ਹੀ ਦੂਸਰੇ ਨੂੰ ਪਿਆਰ ਕਰਨ ਲਗ ਜਾਓਗੇ। ਅਹਿੰਸਾ ਦਾ ਇਹ ਸਿਧਾਂਤ ਜਦੋਂ ਤੁਸੀਂ ਜੀਵਨ ਵਿਚ ਉਤਾਰ ਲੈਂਦੇ ਹੋ ਫੇਰ ਤੁਸੀਂ ਪਿਆਰ ਹੀ ਕਰ ਰਹੇ ਹੋ, ਸੱਚ ਹੀ ਬੋਲ ਰਹੇ ਹੋ।

ਮਾਤਾ ਪਿਤਾ ਹੁੰਦੇ ਹੋਏ ਇਸ ਤੋਂ ਭਾਵ ਹੈ ਤੁਹਾਡੇ ਅੰਦਰ ਕੋਈ ਸੁਆਰਥ ਨਹੀਂ ਹੈ, ਤੁਸੀਂ ਬੱਚਿਆਂ ਤੋਂ ਇਹ ਆਸ ਨਹੀਂ ਰਖਦੇ ਕਿ ਕੱਲ੍ਹ ਨੂੰ ਬੱਚੇ ਵੱਡੇ ਹੋ ਕੇ ਤੁਹਾਡੇ ਲਈ ਕੁਝ ਕਰਨਗੇ। ਸਿਖਿਆ ਦੇਣ ਲਈ ਤੁਹਾਨੂੰ ਬੱਚਿਆਂ ਨੂੰ ਤਿਆਰ ਕਰਨਾ ਪਵੇਗਾ। ਸਿਖਿਆ ਲਈ ਬੱਚਿਆਂ ਨੂੰ ਤਿਆਰ ਕਰਨਾ ਵਧੇਰੇ ਔਖਾ ਹੈ। ਸਿਖਿਆ ਦੇਣੀ ਆਸਾਨ ਹੈ। ਜਦੋਂ ਤੁਸੀਂ ਬੱਚਿਆਂ ਨੂੰ ਤਿਆਰ ਕਰਨਾ ਸਿੱਖ ਜਾਂਦੇ ਹੋ, ਉਦੋਂ ਤੁਸੀਂ ਉਨ੍ਹਾਂ ਨੂੰ ਮੁਢਲੀਆਂ ਗੱਲਾਂ ਸਿਖਾ ਦਿੰਦੇ ਹੋ। ਬੱਚਿਆਂ ਦੀ ਚੰਗੀ ਸਿਖਿਆ ਦੀ ਨੀਂਹ ਰੱਖਣੀ ਬਹੁਤ ਹੀ ਅਵਸ਼ਕ ਹੈ। ਜੇ ਨੀਂਹ ਪੱਕੀ ਨਹੀਂ ਹੋਵੇਗੀ, ਚੰਗੀ ਪੱਕੀ ਉਸਾਰੀ ਨਹੀਂ ਹੋ ਸਕਦੀ। ਜੇ ਰੇਤੇ ਤੇ ਕਿਲਾ ਉਸਾਰਿਆ ਜਾਵੇ ਉਹ ਨਹੀਂ ਟਿਕ ਸਕਦਾ, ਨੀਂਹ ਭਾਵੇਂ ਬਹੁਤ ਹੀ ਪਰਾਰੰਭਕ ਲੱਗੇ ਪਰ ਇਹ ਸਭ ਤੋਂ ਜ਼ਰੂਰੀ ਹੈ। ਇਸ ਨੀਂਹ ਦਾ ਸਭ ਤੋਂ ਪਹਿਲਾ ਪੱਥਰ ਹੈ ਦਇਆ।

ਸਾਰੀਆਂ ਮਹਾਨ ਹਸਤੀਆਂ ਵਿਚ ਮਹਾਂਪੁਰਸ਼ਾਂ ਦਾ ਸਿਧਾਂਤ ਇਕ ਗੁਣ ਸੀ, ਉਹ ਭਾਵੇਂ ਕਿਸੇ ਵੀ ਪਰਪਾਟੀ ਦੇ ਸੀ ਉਹ ਹੈ ਨਿਰਸੁਆਰਥੀ, ਕੋਈ ਵੀ ਸੰਸਾਰ ਦਾ ਮਹਾਂਪੁਰਖ ਸੁਆਰਥੀ ਨਹੀਂ ਸੀ, ਈਸਾ ਜੀ, ਬੁੱਧ, ਕ੍ਰਿਸ਼ਨ ਜੀ ਮਹਾਰਾਜ, ਇਹ ਸਾਰੇ ਗਿਆਨ ਦਾ ਸਰੋਤ ਸੀ ਪਰ ਇਹ ਆਪਣੇ ਆਪ ਵਿਚ ਹੀ ਰਹੇ। ਤੁਹਾਡਾ ਬਾਹਰੀ ਸਰੀਰ ਤਾਂ ਇਸ ਤਰ੍ਹਾਂ ਹੀ ਰਹਿੰਦਾ ਹੈ ਇਸ ਤਰ੍ਹਾਂ ਹੀ ਰਹਿਣਾ ਹੈ ਪਰ ਤੁਹਾਡਾ ਅੰਦਰ ਤਾਂ ਵਿਕਸਿਤ ਹੁੰਦਾ ਚਲਾ ਜਾਂਦਾ ਹੈ, ਉਸ ਦਾ ਵਿਸਤਾਰ ਹੁੰਦਾ ਚਲਾ ਜਾਂਦਾ ਹੈ ਤੇ ਜਾ ਕੇ ਵਿਸ਼ਵ ਚੇਤਨਾ ਨਾਲ ਜਾ ਮਿਲਦਾ ਹੈ। ਪਿਆਰ ਦੀ ਉਹ ਜੁਆਲਾ ਜੰਗਲ ਦੀ ਅੱਗ ਬਣ ਕੇ ਤੁਹਾਡੇ ਅੰਦਰ ਸੁਆਰਥ ਦੇ ਬੀਜਾਂ ਦਾ ਨਾਸ਼ ਕਰ ਦਿੰਦੀ ਹੈ, ਉਨ੍ਹਾਂ ਨੂੰ ਮੁੜ ਕੇ ਸੁਆਹ ਕਰ ਦਿੰਦੀ ਹੈ। ਸੁਆਰਥ ਦੀ ਤਾਂ ਲੋੜ ਹੀ ਨਹੀਂ। ਜਦੋਂ ਤੁਸੀਂ ਪਿਆਰ ਕਰਨਾ ਸਿੱਖ ਲੈਂਦੇ ਹੋ। ਸੱਚ ਸਹਿਜੇ ਹੀ ਤੁਹਾਡੇ ਅੰਦਰ ਆ ਵਸਦਾ ਹੈ। ਪਿਆਰ ਨੂੰ ਕੇਵਲ ਬਾਹਰ ਦਾ ਪ੍ਰਗਟਾਵਾ ਨਾ ਬਣਾਓ। ਮੈਂ ਤਾਂ ਉਸ ਪਿਆਰ ਦੀ ਗੱਲ ਕਰ ਰਿਹਾ ਹਾਂ ਜਿਹੜਾ ਪੂਰੀ ਤਰ੍ਹਾਂ ਨਾਲ ਨਿਰਸੁਆਰਥੀ ਹੈ। ਇਹੋ ਜਿਹੇ ਪਿਆਰ ਵਿਚ ਤੁਸੀਂ ਕੇਵਲ ਦੇਣਾ ਹੀ ਲੋਚਦੇ ਹੋ, ਦੇ ਕੇ ਹੀ ਪੂਰਨ ਖੁਸ਼ੀ ਅਨੰਦ ਮਹਿਸੂਸ ਕਰਦੇ ਹੋ, ਇਹ ਵੀ ਮਹਿਸੂਸ ਕਰਦੇ ਹੋ ਕਿ ਇਹ ਹੀ ਤੁਹਾਡਾ ਕਰਤੱਵ ਹੈ, ਮਨੁੱਖਾ ਜਨਮ ਦਾ ਇਹ ਹੀ ਮਨੋਰਥ ਹੈ। ਤੁਹਾਨੂੰ ਦੇਣਾ ਹੀ ਸਿਖਣਾ ਪਵੇਗਾ। ਸੱਚਾ ਪਿਆਰ ਦੇਣਾ ਹੈ, ਦਇਆ ਉਸ ਦੀ ਪਹਿਲੀ ਪੌੜੀ ਹੈ।

ਜਦੋਂ ਤੁਸੀਂ ਬੱਚਿਆਂ ਨੂੰ ਸਿਖਿਆ ਦੇਣ ਲਈ ਆਪ ਸਿੱਖ ਰਹੇ ਹੋ ਤੁਹਾਡਾ ਟੀਚਾ, ਤੁਹਾਡਾ ਮੰਤਵ ਇਕ ਹੋਰ ਵੀ ਹੋਣਾ ਚਾਹੀਦਾ ਹੈ, ਉਹ ਹੈ ਕਿ ਤੁਹਾਡੇ ਅੰਦਰ ਬੱਚਿਆਂ ਤੋਂ ਸਿੱਖਣ ਦਾ ਉਤਸ਼ਾਹ ਹੋਣਾ ਚਾਹੀਦਾ ਹੈ। ਬੱਚੇ ਵੀ ਮਾਤਾ ਪਿਤਾ ਨੂੰ ਬਹੁਤ ਕੁਝ ਸਿਖਾਉਂਦੇ ਹਨ, ਤੁਸੀਂ ਬੱਚਿਆਂ ਤੋਂ ਬਹੁਤ ਕੁਝ ਸਿੱਖ ਸਕਦੇ ਹੋ, ਪਰ ਹੁੰਦਾ ਇਹ ਹੈ ਕਿ ਮਾਤਾ ਪਿਤਾ ਦੀ ਕੋਈ ਇੱਛਾ ਹੀ ਨਹੀਂ ਹੁੰਦੀ ਕਿ ਉਹ ਬੱਚਿਆਂ ਤੋਂ ਸਿੱਖਣ ਦਾ ਉਤਸ਼ਾਹ ਹੋਣਾ ਚਾਹੀਦਾ ਹੈ। ਸਿੱਖਣ ਦੇ ਬੂਹੇ ਕਦੀ ਬੰਦ ਨਾ ਕਰੋ। ਸਦਾ ਹੀ ਸਿੱਖਣ ਲਈ ਤਤਪਰ ਰਹੋ। ਗਿਆਨ ਦੇ ਭੰਡਾਰ ਦਾ ਕੋਈ ਅੰਤ ਨਹੀਂ। ਕਦੀ ਭੁੱਲ ਕੇ ਵੀ ਇਹ ਨਾ ਸੋਚੋ ਕਿ ਮੈਨੂੰ ਸਭ ਕੁਝ ਆਉਂਦਾ ਹੈ ਮੈਂ ਸਭ ਕੁਝ ਜਾਣਦਾ ਹਾਂ। ਹਮੇਸ਼ਾ ਇਹ ਹੀ ਸੋਚੋ ਕਿ ਤੁਸੀਂ ਅਜੇ ਹੋਰ ਸਿਖਣਾ ਹੈ, ਤੁਹਾਡੇ ਸਿੱਖਣ ਲਈ ਅਜੇ ਬੜਾ ਕੁਝ ਹੈ, ਗਿਆਨ ਦਾ ਕੋਈ ਅੰਤ ਨਹੀਂ। ਇਸ ਤਰ੍ਹਾਂ ਦੇ ਪਿਆਰ ਨਾਲ ਹੀ ਬੱਚਿਆਂ ਨੂੰ ਸਿਖਿਆ ਦਿਓ, ਹਰ ਇਕ ਬੱਚੇ ਨੂੰ ਵੱਖ-ਵੱਖ ਜਾਣੋ, ਸੁਣੋ ਤੇ ਪਿਆਰ ਕਰੋ।

ਆਪਣੇ ਅਭਿਆਸ ਲਈ ਸਮਾਂ ਵੱਖ ਰੱਖੋ। ਸਮਾਂ ਨਿਸ਼ਚਿਤ ਕਰਕੇ ਹੀ ਤੁਸੀਂ ਆਦਤ ਬਣਾ ਸਕਦੇ ਹੋ ਤੇ ਬੱਚਿਆਂ ਨੂੰ ਸਿਖਾ ਸਕਦੇ ਹੋ। ਜੇ ਤੁਸੀਂ ਦੁਪਹਿਰ ਨੂੰ ਇਕ ਵਜੇ ਪ੍ਰਸ਼ਾਦਾ ਛਕਦੇ ਹੋ ਤੁਹਾਨੂੰ ਇਕ ਵਜੇ ਭੁੱਖ ਲੱਗੇਗੀ। ਤੁਸੀਂ ਕਿਥੇ ਵੀ ਹੋਵੋ ਕੁਝ ਵੀ ਕਿਉਂ ਨਾ ਕਰ ਰਹੇ ਹੋਵੋ, ਘੜੀ ਹੋਵੇ ਨਾ ਹੋਵੇ ਭੁੱਖ ਲੱਗੇਗੀ। ਜੇ ਤੁਸੀਂ ਸਵੇਰੇ ਪੰਜ ਵਜੇ ਸੈਰ ਕਰਨ ਦੀ ਆਦਤ ਬਣਾ ਲਈ ਹੈ। ਤੁਹਾਡੀ ਨੀਂਦ ਪੰਜ ਵਜੇ ਖੁਲ੍ਹੇਗੀ ਹੀ ਕਸਰਤ ਕਰਨ ਲਈ ਆਦਤ ਬਨਾਉਣੀ ਅਵਸ਼ਕ ਹੈ। ਸ੍ਵਾਸਾਂ ਦਾ ਵਿਯਾਮ ਕਰਨਾ ਜ਼ਰੂਰੀ ਹੈ। ਪ੍ਰਸ਼ਾਦਾ ਸਮੇਂ ਸਿਰ ਛਕਣਾ ਤੇ ਸਮੇਂ ਸਿਰ ਸੌਣਾ ਬਹੁਤ ਹੀ ਜ਼ਰੂਰੀ ਹੈ। ਇਹ ਚਾਰ ਚੀਜ਼ਾਂ ਤੁਹਾਨੂੰ ਜ਼ਰੂਰ ਨਿਰਧਾਰਿਤ ਸਮੇਂ ਕਰਨੀਆਂ ਚਾਹੀਦੀਆਂ ਹਨ। ਤੁਸੀਂ ਜੀਵਨ ਦਾ ਅਨੰਦ ਵਧੇਰੇ ਮਾਣ ਸਕੋਗੇ।

ਵਾਸਤਵ ਵਿਚ ਤੁਹਾਡੀਆਂ ਚਾਰੋਂ ਹੀ ਭੁੱਖਾਂ ਤੁਹਾਡੇ

ਕਾਬੂ ਵਿਚ ਹੋਣੀਆਂ ਚਾਹੀਦੀਆਂ ਹਨ। ਜਦੋਂ ਤੁਸੀਂ ਆਪਣੀਆਂ ਲੋੜਾਂ ਨੂੰ ਨਿਯਮਬੱਧ ਕਰ ਲੈਂਦੇ ਹੋ ਉਹ ਹੀ ਮਾਨਵਤਾ ਦਾ ਵਿਕਾਸ ਹੈ। ਜਦੋਂ ਤੁਸੀਂ ਵਿਆਹ ਕਰਾਉਂਦੇ ਹੋ, ਤੁਹਾਡਾ ਪਤੀ ਹੈ ਪਤਨੀ ਹੈ। ਤੁਸੀਂ ਇਕ ਦੂਸਰੇ ਦੇ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰਦੇ ਹੋ। ਤੁਸੀਂ ਕੋਸ਼ਿਸ਼ ਕਰਦੇ ਹੋ ਇਕ ਦੂਸਰੇ ਨਾਲ ਮਿਲ ਕੇ ਚੱਲੋ ਇਕ ਦੂਸਰੇ ਦੇ ਅਨੁਕੂਲ ਤੁਹਾਡਾ ਵਿਹਾਰ ਹੋਵੇ। ਤੁਸੀਂ ਇਕ ਦੂਸਰੇ ਨਾਲ ਬੈਠਦੇ ਹੋ, ਗੱਲਾਂ ਕਰਦੇ ਹੋ, ਮਖੌਲ ਕਰਦੇ ਹੋ, ਇਕੱਠੇ ਬਾਹਰ ਜਾਂਦੇ ਹੋ। ਪਿਆਰ ਮਨ ਦਾ ਸੁਭਾਅ ਹੈ, ਪਿਆਰ ਮਨ ਵਿਚ ਪੈਦਾ ਹੁੰਦਾ ਹੈ, ਸਰੀਰ ਤਾਂ ਉਸ ਮਨ ਦਾ ਪ੍ਰਗਟਾਵਾ ਹੈ। ਇਕ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ, ਜਾਨਣਾ ਚਾਹੀਦਾ ਹੈ, ਆਪਣੇ ਸਾਥੀ ਨੂੰ ਪੂਰੀ ਤਰ੍ਹਾਂ ਜਾਣ ਲੈਣਾ, ਸਮਝ ਲੈਣਾ ਹੀ ਉਸ ਦੇ ਮਨ ਵਿਚ ਤੁਹਾਡੀ ਥਾਂ ਤੁਹਾਡਾ ਪਿਆਰ ਪੈਦਾ ਕਰ ਸਕਦਾ ਹੈ।

ਤੁਹਾਨੂੰ ਆਪਣਾ ਖਾਣਾ ਪੀਣਾ ਵੀ ਕ੍ਰਮਬੱਧ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਵੀ ਇਹ ਸਿਖਾਉਣਾ ਚਾਹੀਦਾ ਹੈ, ਜੇ ਤੁਸੀਂ ਸਮੇਂ ਸਿਰ ਖਾਂਦੇ ਹੋ, ਸਰੀਰ ਲਈ ਠੀਕ ਰਹਿੰਦਾ ਹੈ, ਤੁਹਾਡੀ ਨੀਂਦ ਸੌਣਾ ਵੀ ਨਿਯਮਬੱਧ ਹੋਣਾ ਚਾਹੀਦਾ ਹੈ। ਯੋਗੀ ਨੀਂਦ ਤੇ ਪੂਰਾ ਕਾਬੂ ਰਖਦੇ ਹਨ ਉਹ ਦੋ ਘੰਟੇ ਦੀ ਨੀਂਦ ਨਾਲ ਹੀ ਗੁਜ਼ਾਰਾ ਕਰ ਲੈਂਦੇ ਹਨ ਬਾਅਦ ਵਿਚ ਫੇਰ ਕੋਈ ਨੀਂਦ ਨਹੀਂ ਲੈਂਦੇ। ਇਸ ਨੂੰ ਅਨੀਂਦ ਵਿਚ ਨੀਂਦ ਕਹਿੰਦੇ ਹਨ।

ਚੰਗੀ ਜੀਵਨ ਜਾਚ ਵਿਚ, ਸੁਅਸਥ ਜੀਵਨ ਵਿਚ ਤੁਹਾਨੂੰ ਕਸਰਤ ਕਰਨੀ ਚਾਹੀਦੀ ਹੈ, ਮੈਡੀਟੇਸ਼ਨ ਕਰਨੀ ਚਾਹੀਦੀ ਹੈ ਤੇ ਪ੍ਰਾਣਾਯਾਮ ਕਰਨਾ ਚਾਹੀਦਾ ਹੈ। ਤੁਹਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਤੁਸੀਂ ਪੈਦਾ ਹੋਏ ਸੀ ਜੇ ਪੈਦਾ ਹੋਏ ਸੀ ਤਾਂ ਮਰਨਾ ਵੀ ਹੈ। ਮੌਤ ਦੀ ਚਿੰਤਾ ਕਰਨਾ ਮੌਤ ਤੋਂ ਡਰਨਾ ਕੋਈ ਠੀਕ ਗੱਲ ਨਹੀਂ ਹੈ। ਕਦੀ ਨਾ ਕਦੀ ਮੌਤ ਤਾਂ ਆਉਣੀ ਹੀ ਹੈ। ਹਰ ਇਕ ਚੀਜ਼ ਚਲਾਏਮਾਨ ਹੈ, ਨਾਸ਼ਵਰ ਹੈ, ਕੇਵਲ ਤੁਹਾਡਾ ਸਰੀਰ ਹੀ ਖਤਮ ਹੋਵੇਗਾ, ਤੁਹਾਨੂੰ ਕੋਈ ਚਿੰਤਾ ਦੀ ਲੋੜ ਨਹੀਂ, ਤੁਹਾਨੂੰ ਆਪਣੇ ਆਪ ਨੂੰ ਇਹ ਯਾਦ ਕਰਾਉਣਾ ਪਵੇਗਾ ਕਿ ਸਰੀਰ ਨਾਸ਼ਵਰ ਹੈ, ਤੁਹਾਨੂੰ ਇਹ ਸਿਖਾਇਆ ਨਹੀਂ ਗਿਆ। ਤੁਹਾਨੂੰ ਮੌਤ ਦਾ ਡਰ ਹੀ ਸਿਖਾਇਆ ਗਿਆ ਹੈ। ਤੁਹਾਨੂੰ ਦੱਸਿਆ ਗਿਆ ਹੈ ਇਥੇ ਨਾ ਜਾਓ, ਐਕਸੀਡੈਂਟ ਹੋ ਜਾਵੇਗਾ। ਇਥੇ ਨਾ ਜਾਓ ਕੋਈ ਮਾਰ ਦੇਵੇਗਾ। ਇਹੋ ਜਿਹੀਆਂ ਸਾਰੀਆਂ ਨਖੇਦੀ ਵਾਲੀਆਂ ਗੱਲਾਂ ਤੁਹਾਡੇ ਦਿਮਾਗ ਵਿਚ ਜਮ੍ਹਾਂ ਹਨ ਜਿਸ ਕਰਕੇ ਤੁਸੀਂ ਡਰਦੇ ਰਹਿੰਦੇ ਹੋ। ਬਹੁਤ ਸਾਰੇ ਤੁਹਾਡੇ ਡਰ ਕਾਲਪਨਿਕ ਹੀ ਹੁੰਦੇ ਹਨ। ਜੀਵਨ ਵਿਚ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਦਾ ਵਿਸ਼ਲੇਸ਼ਨ ਕਰਦੇ ਹੋ ਪਰ ਤੁਸੀਂ ਕਦੇ ਆਪਣੇ ਡਰ ਦਾ ਆਪਣੇ ਭੈ ਦਾ ਵਿਸ਼ਲੇਸ਼ਨ ਨਹੀਂ ਕਰਦੇ।

ਜਦੋਂ ਤੁਸੀਂ ਆਪਣੇ ਗੁਰੂ ਕੋਲ ਜਾਂਦੇ ਹੋ ਤੁਸੀਂ ਆਪਣੇ ਭੈ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ, ਤੁਸੀਂ ਆਪਣੇ ਭੈ ਵਿਸਤਾਰ ਨਾਲ ਗੁਰੂ ਨੂੰ ਦਸਦੇ ਹੋ, ਗੁਰੂ ਤੁਹਾਨੂੰ ਸ਼ਕਤੀ ਦਿੰਦਾ ਹੈ, ਗੁਰੂ ਤੁਹਾਨੂੰ ਉਤਸ਼ਾਹ ਦਿੰਦਾ ਹੈ ਪਰ ਤੁਸੀਂ ਦੇਖਣਾ ਹੈ ਕਿ ਬੱਚੇ ਚੰਗੇ ਬਨਣ, ਤਰੱਕੀ ਕਰਨ, ਨਿਰਭੈ ਰਹਿਣ ਤੇ ਖੁਸ਼ ਰਹਿਣ। ਜੇ ਤੁਸੀਂ ਪੰਜ ਦਿਨ ਜੀਓ ਪਰ ਖੁਸ਼ ਹੋ ਕੇ ਰਹੋ, ਨਿਰਭੈ ਹੋ ਕੇ ਰਹੋ। ਉਹ ਦਿਨ ਕਿੰਨੇ ਸੋਹਣੇ ਹੋਣਗੇ, ਕਮਾਲ ਹੋਵੇਗੀ। ਜੇ ਤੁਸੀਂ ਪੰਜ ਸੌ ਸਾਲ ਜੀਓ ਪਰ ਦੁਖੀ ਰਹਿ ਕੇ ਜੀਓ ਉਸ ਦਾ ਕੋਈ ਲਾਭ ਨਹੀਂ। ਜੇ ਬਹੁਤ ਦੇਰ ਜੀਉਣਾ ਚਾਹੁੰਦੇ ਹੋ, ਖੁਸ਼ ਰਹਿਣਾ ਸਿੱਖੋ। ਲੰਮੀ ਉਮਰ ਦੀ ਲੋਚਾ ਰੱਖਣੀ, ਕੁਝ ਕਰਨਾ ਨਹੀਂ, ਜੀਵਨ ਦਾ ਉਦੇਸ਼ ਨਹੀਂ ਉਸ ਚੀਜ਼ ਦਾ ਕੋਈ ਲਾਭ ਨਹੀਂ ਹੈ। ਕਦੀ ਵੀ ਹਿੰਮਤ ਛੱਡ ਕੇ ਇਹ ਨਾ ਕਹੋ 'ਵਾਹਿਗੁਰੂ ਮੈਨੂੰ ਚੁੱਕ ਲੈ' ਇਹ ਤੁਸੀਂ ਉਦੋਂ ਹੀ ਕਹਿੰਦੇ ਹੋ ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਕੁਝ ਨਹੀਂ ਕਰ ਰਹੇ। ਤੁਹਾਡੇ ਜੀਵਨ ਦਾ ਕੋਈ ਲਾਭ ਨਹੀਂ, ਤੁਹਾਡੇ ਅੰਦਰ ਸਭ ਕੁਝ ਹੈ, ਤੁਸੀਂ ਸਭ ਕੁਝ ਕਰ ਸਕਦੇ ਹੋ। ਜਿੰਨੇ ਤੁਸੀਂ ਨਿਸੁਆਰਥੀ ਹੋਵੋਗੇ ਓਨੀ ਤੁਹਾਡੀ ਅੰਦਰ ਦੀ ਸ਼ਕਤੀ ਹੋਵੇਗੀ। ਜਦੋਂ ਤੁਹਾਡੇ ਅੰਦਰ ਸ਼ਕਤੀ ਹੋਵੇਗੀ ਤੁਹਾਨੂੰ ਕੋਈ ਪੀੜਾ ਨਹੀਂ ਸੱਤਾ ਸਕਦੀ। ਸਰੀਰ ਵਿਚ ਦਰਦ ਹੋ ਸਕਦੀ ਹੈ। ਪੀੜ ਹੋ ਸਕਦੀ ਹੈ ਪਰ ਤੁਹਾਨੂੰ ਨਹੀਂ ਹੋਵੇਗੀ। ਇਕ ਸਮਾਂ ਇਹੋ ਜਿਹਾ ਆਏਗਾ ਜਦੋਂ ਤੁਹਾਡੇ ਤੇ ਕੋਈ ਅਸਰ ਨਹੀਂ ਪਵੇਗਾ ਤੇ ਤੁਹਾਡਾ ਸਰੀਰ ਰੂਪੀ ਕਪੜਾ ਤੁਹਾਡੇ ਤੋਂ ਵੱਖ ਹੋ ਜਾਵੇਗਾ।

ਹੌਲੀ-ਹੌਲੀ ਆਪਣੇ ਅੰਦਰ ਜਾਓ, ਅੰਦਰ ਜਾਣ ਨਾਲ ਤੁਹਾਨੂੰ ਸਤਿ ਦਾ ਪਤਾ ਲੱਗੇਗਾ। ਬਾਹਰਮੁਖੀ ਕੇਵਲ ਬਾਹਰ ਦੀ ਹੀ ਜਾਣਦਾ ਹੈ, ਸਾਰਾ ਜੀਵਨ ਬਾਹਰਮੁਖੀ ਰਹਿ ਕੇ ਹੀ ਨਾ ਬਿਤਾ ਦਿਓ। ਹੌਲੀ-ਹੌਲੀ ਤੁਸੀਂ ਤਰੱਕੀ ਕਰੋਗੇ, ਪਹਿਲਾਂ ਤੁਸੀਂ ਭਾਵੇਂ 20% ਹੀ ਅੰਤਰਮੁਖੀ ਹੋਵੋਗੇ ਭਾਵ 20% ਸਮੇਂ ਲਈ ਤੁਸੀਂ ਅੰਤਰਮੁਖੀ ਹੋ। ਹੌਲੀ-ਹੌਲੀ ਤੁਸੀਂ 50% ਸਮੇਂ ਲਈ ਅੰਤਰਮੁਖੀ ਹੋ ਜਾਓਗੇ। 50% ਬਾਹਰਮੁਖੀ ਇਹ ਬਹੁਤ ਹੀ ਵਧੀਆ ਅਵਸਥਾ ਹੈ ਭਾਵ ਤੁਸੀਂ ਅੱਧੇ ਇਥੇ ਤੇ ਅੱਧੇ ਉਥੇ ਹੋ। ਏਸ ਤੋਂ ਪਹਿਲਾਂ ਕਿ ਤੁਸੀਂ ਸਰੀਰ ਛੱਡੋ, ਸਾਰਾ ਪਿਆਰ ਅੰਦਰ ਕਰੋ, ਫੇਰ ਤੁਸੀਂ ਆਪਣੇ ਆਪ ਨੂੰ ਇਥੇ ਛੱਡ ਜਾਓ, ਇਸ ਤਰ੍ਹਾਂ ਕਰਨ ਨਾਲ ਤੁਸੀਂ ਤਰੱਕੀ ਕਰੋਗੇ।

ਮੈਂ ਮਾਤਾ ਪਿਤਾ ਨੂੰ ਅਹਿੰਸਾ ਦਾ ਅਭਿਆਸ ਕਰਨ ਲਈ ਉਤਸ਼ਾਹ ਦਿੰਦਾ ਹਾਂ। ਇਸ ਤਰ੍ਹਾਂ ਕਰਨ ਲਈ ਸ਼ਕਤੀ ਚਾਹੀਦੀ ਹੈ। ਪਿਆਰ ਤੁਹਾਡੇ ਅੰਦਰ ਦੀ ਸ਼ਕਤੀ ਹੈ। ਪਿਆਰ ਹੀ ਕੇਵਲ ਇਕ ਮਾਤਰ ਸੱਚੀ ਸ਼ਕਤੀ ਹੈ। ਸਾਧੂ ਜੰਗਲਾਂ ਵਿਚ ਰਹਿੰਦੇ ਹਨ, ਇਨ੍ਹਾਂ ਕੋਲ ਕੋਈ ਹਥਿਆਰ ਨਹੀਂ ਹੁੰਦੇ, ਕੁਝ ਵੀ ਆਪਣੀ ਰੱਖਿਆ ਲਈ ਨਹੀਂ ਹੁੰਦਾ ਪਰ ਉਹ ਫੇਰ ਵੀ ਸੁਰਖਿਅਤ ਹੁੰਦੇ ਹਨ ਕਿਉਂਕਿ ਉਹ ਅਹਿੰਸਕ ਹੁੰਦੇ ਹਨ, ਇਥੋਂ ਤਕ ਕਿ ਸੱਪ ਸ਼ੇਰ ਵੀ ਉਨ੍ਹਾਂ ਕੋਲ ਆ ਕੇ ਕੁਝ ਨਹੀਂ ਕਹਿੰਦੇ।

ਮੈਂ ਰਿਸ਼ੀਕੇਸ਼ ਦੇ ਨੇੜੇ ਇਕ ਸਵਾਮੀ ਜੀ ਨੂੰ ਦੇਖਿਆ। ਉਥੇ ਜੰਗਲ ਵਿਚ ਇਕ ਮੰਦਰ ਹੈ, ਚੰਦ ਕਲੀ। ਇਥੇ ਇਕ ਸਵਾਮੀ ਜੀ ਕੁਟੀਆ ਵਿਚ ਰਹਿੰਦੇ ਸੀ। ਸਾਰਾ ਜੰਗਲ ਸ਼ੇਰਾਂ ਨਾਲ ਭਰਿਆ ਪਿਆ ਸੀ।

ਇਕ ਦਿਨ ਰਾਤ ਨੂੰ ਗਿਆਰ੍ਹਾਂ ਵਜੇ ਮੈਂ ਉਨ੍ਹਾਂ ਨੂੰ ਮਿਲਣ ਗਿਆ। ਉਹ ਕਹਿਣ ਲੱਗੇ, "ਤੂੰ ਇਸ ਸਮੇਂ ਇਕੱਲਾ ਕਿਵੇਂ ਆਇਆ ਹੈਂ, ਇਥੇ ਆਉਣਾ ਖਤਰੇ ਤੋਂ ਖਾਲੀ ਨਹੀਂ, ਤੂੰ ਚਲਾ ਜਾਹ।"

ਤੁਸੀਂ ਕਹਿ ਰਹੇ ਹੋ ਕਿ ਜਾਣਾ ਖਤਰੇ ਤੋਂ ਖਾਲੀ ਨਹੀਂ ਤੇ ਤੁਸੀਂ ਮੈਨੂੰ ਇਕੱਲਾ ਭੇਜ ਰਹੇ ਹੋ ਉਸੇ ਖਤਰੇ ਵਿਚ।

ਬੜੀ ਮੁਸ਼ਕਲ ਨਾਲ ਉਨ੍ਹਾਂ ਨੇ ਮੈਨੂੰ ਬੈਠਣ ਦੀ ਆਗਿਆ ਦਿਤੀ। ਉਹ ਧੂਣੀ ਉਤੇ ਵੱਡੀ ਸਾਰੀ ਰੋਟੀ ਬਣਾ ਰਹੇ ਸੀ। ਰੋਟੀ ਫੁੱਲ ਰਹੀ ਸੀ। ਮੈਂ ਪੁਛਿਆ ਇਹ ਵੱਡੀ ਸਾਰੀ ਰੋਟੀ ਕੀ ਹੈ? ਇਹ ਤਾਂ ਕੋਈ ਵੀਹ ਲੋਕ ਖਾ ਸਕਦੇ ਹਨ।

ਉਹ ਕਹਿਣ ਲੱਗੇ, "ਮੇਰੇ ਬੱਚੇ ਬਹੁਤ ਖਾਂਦੇ ਹਨ।"

ਮੈਂ ਬੜਾ ਹੈਰਾਨ ਹੋਇਆ ਤੇ ਪੁਛਿਆ, ਤੁਹਾਡੇ ਬੱਚੇ ਕਿਥੇ ਹਨ, ਮੈਂ ਪੁਛਿਆ ਕੀ ਉਹ ਸ਼ਾਦੀ ਸ਼ੁਦਾ ਹਨ? ਪਰ ਮੈਂ ਦੇਖਿਆ ਆਸ ਪਾਸ ਕੋਈ ਝੌਂਪੜੀ ਨਹੀਂ ਸੀ ਉਹ ਕਹਿਣ ਲੱਗੇ, "ਹਾਂ।"

ਇਕ ਦਮ ਮੈਨੂੰ ਸ਼ੇਰ ਦੀ ਦਹਾੜ ਸੁਣੀ, ਉਹ ਕਹਿਣ ਲੱਗੇ, "ਮੇਰਾ ਇਕ ਬੱਚਾ ਹੁਣ ਆਇਆ ਹੈ। ਸ਼ੇਰ ਆਇਆ ਉਨ੍ਹਾਂ ਦੇ ਕੋਲ ਬੈਠ ਗਿਆ, ਮੈਂ ਸ਼ੇਰ ਨੂੰ ਨਹੀਂ ਦੇਖਿਆ ਪਰ ਮੇਰਾ ਸਰੀਰ ਠੰਢਾ ਹੋ ਗਿਆ। ਮੈਂ ਕਿਹਾ ਹੁਣ ਬੱਸ ਖਤਰਾ ਸਮਝੋ। ਸਵਾਮੀ ਜੀ ਕਹਿਣ ਲੱਗੇ, ਹੁਣ ਤੂੰ ਚੁੱਪ ਰਹੀਂ। ਉਨ੍ਹਾਂ ਅੱਧੀ ਰੋਟੀ ਤੋੜ ਕੇ ਉਸ ਨੂੰ ਦਿਤੀ ਤੇ ਪੁਛਿਆ, ਦੂਸਰਾ ਬੱਚਾ ਕਿਥੇ ਹੈ? ਫੇਰ ਇਕ ਸੇਰ ਤੇ ਉਸ ਦਾ ਸਾਥੀ ਆਏ ਤੇ ਬੈਠ ਗਏ ਤੇ ਉਨ੍ਹਾਂ ਵਲ ਦੇਖਣ ਲਗ ਪਏ। ਸਵਾਮੀ ਜੀ ਨੇ ਉਨ੍ਹਾਂ ਨੂੰ ਵੱਡੇ-ਵੱਡੇ ਦੋ ਟੁਕੜੇ ਰੋਟੀ ਦੇ ਦਿਤੇ। ਫੇਰ ਉਨ੍ਹਾਂ ਨੇ ਤਾੜੀ ਵਜਾਈ ਤੇ ਕਿਹਾ, ਹੁਣ ਤੁਸੀਂ ਜਾਓ ਤੇ ਸ਼ੇਰ ਚਲੇ ਗਏ। ਸਵਾਮੀ ਜੀ ਕਹਿਣ ਲੱਗੇ, ਮੈਂ ਇਨ੍ਹਾਂ ਨੂੰ ਸਿਖਾਇਆ ਹੋਇਆ ਹੈ, ਮੈਂ ਇਥੇ ਇਕੱਲਾ ਰਹਿੰਦਾ ਹਾਂ। ਕਦੀ ਜਦੋਂ ਮੈਨੂੰ ਇਕੱਲਾਪਨ ਲਗਦਾ ਹੈ, ਮੈਂ ਜਾਨਵਰਾਂ ਨਾਲ ਗੱਲਾਂ ਕਰਦਾ ਹਾਂ। ਇਸ ਤਰ੍ਹਾਂ ਕਰਨਾ ਸੰਭਵ ਹੈ। ਮੈਂ ਉਹ ਵੀ ਲੋਕ ਦੇਖੇ ਹਨ ਜਿਹੜੇ ਪਾਗਲ ਹਾਥੀਆਂ ਨਾਲ ਰਹੇ ਤੇ ਉਨ੍ਹਾਂ ਨੂੰ ਪਿਆਰ ਕੀਤਾ।

ਤੁਸੀਂ ਦੂਸਰਿਆਂ ਨੂੰ ਕਿੰਨਾ ਪਿਆਰ ਕਰਦੇ ਹੋ, ਇਹ ਦੱਸਣ ਦਾ ਤਰੀਕਾ ਹੈ। ਆਰਾਮ ਨਾਲ ਬੈਠੋ, ਬੈਠ ਕੇ ਆਪਣੇ ਭੈ ਦਾ ਵਿਸ਼ਲੇਸ਼ਨ ਕਰੋ। ਆਪਣੇ ਅੰਦਰ ਦੇਖੋ ਤੁਹਾਡੇ ਅੰਦਰ ਕਿੰਨਾ ਡਰ ਭਰਿਆ ਪਿਆ ਹੈ। ਜਿੰਨਾਂ ਤੁਹਾਡੇ ਅੰਦਰ ਡਰ ਹੋਵੇਗਾ ਓਨਾ ਹੀ ਘੱਟ ਪਿਆਰ ਤੁਹਾਡੇ ਅੰਦਰ ਹੋਵੇਗਾ। ਜੇ ਤੁਹਾਡੇ ਅੰਦਰ ਡਰ ਘੱਟ ਹੋਵੇਗਾ ਤਾਂ ਪਿਆਰ ਵਧੇਰੇ ਹੋਵੇਗਾ। ਜੇ ਤੁਹਾਡੇ ਅੰਦਰ ਕੋਈ ਡਰ ਭੈ ਨਹੀਂ ਹੋਵੇਗਾ ਤੁਸੀਂ ਵਧੇਰੇ ਪਿਆਰ ਕਰ ਸਕੋਗੇ। ਤੁਹਾਡਾ ਡਰ ਤੁਹਾਨੂੰ ਦੱਸੇਗਾ ਤੁਸੀਂ ਕਿੰਨਾ ਪਿਆਰ ਕਰ ਸਕਦੇ ਹੋ। ਪਿਆਰ ਵਿਚ ਰਹਿਣਾ ਸਿੱਖੋ, ਡਰ ਵਿਚ ਨਹੀਂ। ਸਦਾ ਖ਼ੁਸ਼ ਰਹੋ, ਦਇਆਵਾਨ ਰਹੋ, ਦੇਂਦੇ ਰਹੋ, ਪ੍ਰਮਾਤਮਾ ਤੇ ਭਰੋਸਾ ਰੱਖੋ, ਜੋ ਚਾਹੀਦਾ ਹੈ ਜਿਸ ਚੀਜ਼ ਦੀ ਲੋੜ ਹੈ, ਪ੍ਰਮਾਤਮਾ ਦੇਵੇਗਾ।

ਵਾਸਤਵ ਵਿਚ ਤੁਹਾਡਾ ਕੁਝ ਵੀ ਨਹੀਂ, ਤੁਸੀਂ ਤਾਂ ਚੀਜ਼ਾਂ ਨਾਲ ਤੇ ਬੰਦਿਆਂ ਨਾਲ ਮੋਹ ਪਾ ਲੈਂਦੇ ਹੋ ਤੇ ਫੇਰ ਸੋਚਦੇ ਹੋ ਕਿ ਉਹ ਤੁਹਾਡੇ ਹਨ, ਪਰ ਉਹ ਕਦੀ ਵੀ ਤੁਹਾਡੇ ਨਹੀਂ ਹੁੰਦੇ। ਚੀਜ਼ਾਂ ਵਰਤਣ ਲਈ ਹਨ ਪਰ ਉਹ ਤੁਹਾਡੀਆਂ ਨਹੀਂ। ਉਨ੍ਹਾਂ ਨਾਲ ਮੋਹ ਨਾ ਪਾਓ, ਚੀਜ਼ਾਂ ਤੋਂ ਤੁਹਾਨੂੰ ਸਦਾ ਨਿਰਾਸ਼ਾ ਹੀ ਮਿਲੇਗੀ। ਚੀਜ਼ਾਂ ਦਾ ਮੋਹ ਤੁਹਾਨੂੰ ਸੰਤਾਪ ਹੀ ਦੇਵੇਗਾ, ਜਦੋਂ ਤਕ ਜੋ ਹੈ ਉਸ ਦਾ ਅਨੰਦ ਮਾਣੋ ਪਰ ਜਦੋਂ ਉਹ ਨਾ ਰਹਿਣ ਤਾਂ ਉਦਾਸ ਨਾ ਹੋਵੋ, ਜੀਵਨ ਵਿਚ ਤੁਹਾਡੀ ਸੋਚ ਵਿਚ ਇਹ ਹੀ ਹੋਣਾ ਚਾਹੀਦਾ ਹੈ।

ਜੇ ਤੁਸੀਂ ਦੋ ਗੱਲਾਂ ਯਾਦ ਰੱਖੋਗੇ, ਤੁਸੀਂ ਕਦੀ ਉਦਾਸ ਨਹੀਂ ਹੋਵੋਗੇ। ਉਹ ਹੈ 'ਮੌਤ ਤੇ ਪ੍ਰਮਾਤਮਾ'। ਮੌਤ ਨੂੰ ਯਾਦ ਕਰਕੇ ਤੁਹਾਨੂੰ ਇਹ ਯਾਦ ਆਏਗਾ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਤੁਸੀਂ ਇਕ ਸਫਰ ਤੇ ਹੋ। ਬਹੁਤ ਸਾਰੇ ਲੰਘ ਗਏ, ਤੁਸੀਂ ਵੀ ਲੰਘ ਜਾਣਾ ਹੈ। ਪ੍ਰਮਾਤਮਾ ਨੂੰ ਚੇਤੇ ਕਰਕੇ ਤੁਹਾਨੂੰ ਸ਼ਕਤੀ ਮਿਲੇਗੀ। ਪ੍ਰਮਾਤਮਾ ਤੁਹਾਡੇ ਅੰਦਰ ਹੈ, ਜਿਥੇ ਵੀ ਤੁਸੀਂ ਤੁਰਦੇ ਹੋ ਉਹ ਤੁਹਾਡੇ ਨਾਲ ਤੁਰਦਾ ਹੈ। ਪ੍ਰਮਾਤਮਾ ਤੁਹਾਡੇ ਨਾਲ ਹੈ, ਤੁਹਾਡੇ ਅੰਦਰ ਹੈ, ਤੁਹਾਡੇ ਅੰਦਰ ਸ਼ਕਤੀ ਹੈ। ਮੌਤ ਨੂੰ ਚੇਤੇ ਰੱਖਣ ਨਾਲ ਇਹ ਚੇਤੇ ਰਹਿੰਦਾ ਹੈ ਕਿ ਇਹ ਸਰੀਰ ਛੱਡਣਾ ਹੈ, ਇਹ ਨਾਸ਼ਵਾਨ ਹੈ। ਇਸ ਨਾਲ ਮੋਹ ਨਹੀਂ ਰਖਣਾ। ਇਸ ਸੰਸਾਰ ਨਾਲ ਮੋਹ ਨਹੀਂ ਰੱਖਣਾ। ਤੁਸੀਂ ਸੰਸਾਰ ਵਿਚ ਆਪਣੀ ਡਿਊਟੀ ਕਰਨੀ ਹੈ, ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ।

ਤੁਹਾਨੂੰ ਆਮ ਤੌਰ ਤੇ ਬੜੀ ਹੈਰਾਨੀ ਹੁੰਦੀ ਹੈ ਕਿ ਤੁਹਾਨੂੰ ਕਿਵੇਂ ਪਤਾ ਲੱਗੇ। ਤੁਹਾਡੀਆਂ ਜ਼ਿੰਮੇਵਾਰੀਆਂ ਕੀ ਹਨ, ਕਿਹੜੀਆਂ ਹਨ? ਤੁਸੀਂ ਜਿਥੇ ਵੀ ਹੋ ਉਥੇ ਜੋ ਵੀ ਕਰ ਰਹੇ ਹੋ ਉਸ ਨੂੰ ਧਿਆਨ ਦਿਓ। ਜਿਥੇ ਤੁਸੀਂ ਹੋ ਉਥੇ ਜੋ ਹੋ ਰਿਹਾ ਹੈ, ਧਿਆਨ ਦਿਓ, ਉਹ ਹੀ ਤੁਹਾਡੀ ਡਿਊਟੀ ਹੈ। ਜੋ ਤੁਹਾਡੇ ਸਾਮ੍ਹਣੇ ਆ ਜਾਏ, ਉਹ ਹੀ ਤੁਹਾਡੀ ਡਿਊਟੀ ਹੈ, ਇਸ ਗੱਲ ਨੂੰ ਸਮਝ ਲੈਣਾ ਬਹੁਤ ਹੀ ਜ਼ਰੂਰੀ ਹੈ। ਮਾਤਾ ਪਿਤਾ ਵੀ ਸਮਝਣ, ਅਧਿਆਪਕ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝ ਲਵੇ, ਬੱਚੇ ਵੀ, ਵਿਦਿਆਰਥੀ ਵੀ ਚੰਗੀ ਤਰ੍ਹਾਂ ਸਮਝ ਲੈਣ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਤਮਵਾਦ

**ਅਧਿਆਤਮਵਾਦ ਦਾ ਕੋਈ ਅੰਤ ਨਹੀਂ। ਇਹ ਅਨੰਤ ਹੈ, ਇਸ ਦੀ ਕੋਈ ਸੀਮਾ ਨਹੀਂ। ਇਸ ਵਿਚ ਕਿੰਨੀ ਖੁਲ੍ਹ ਹੈ, ਕਿੰਨੀ ਸੁਤੰਤਰਤਾ ਹੈ, ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਅਧਿਆਤਮਵਾਦ ਤੋਂ ਭਾਵ ਹੈ, ਉਹ ਸਭ ਕੁਝ ਜੋ ਸਾਡੀ ਸੱਚੀ ਸਹਾਇਤਾ ਕਰਦਾ ਹੈ, ਜਿਹੜਾ ਸਾਡੇ ਵਿਚਾਰਾਂ ਨੂੰ ਅਨੁਸਾਸ਼ਨ ਵਿਚ ਲਿਆਉਂਦਾ ਹੈ, ਕਾਬੂ ਵਿਚ ਰਖਦਾ ਹੈ, ਸਾਡੀ ਬਾਣੀ ਨੂੰ ਸੰਜਮ ਵਿਚ ਰਖਦਾ ਹੈ ਤੇ ਸਾਡੇ ਕਾਰਜ ਵਿਚ ਕਰਮ ਕਰਨ ਵਿਚ ਸਹਿਜ ਸੰਜਮ ਦਿੰਦਾ ਹੈ। ਜਿਹੜਾ ਸਾਨੂੰ ਚੇਤਨਤਾ ਦੇ ਬਿੰਦੂ ਤੇ ਲੈ ਜਾਂਦਾ ਹੈ ਤੇ ਸਾਡੀਆਂ ਅੰਤਰ ਦੀਆਂ ਪਰਤਾਂ ਖੋਲ੍ਹ ਦਿੰਦਾ ਹੈ।**

**ਕਮਲ ਫੁੱਲ ਦੀ ਉਦਾਹਰਣ ਦੇਖੋ। ਕਮਲ ਫੁੱਲ ਚਿੱਕੜ ਵਿਚ ਉਗਦਾ ਹੈ ਪਰ ਉਸ ਤੋਂ ਉਤੇ ਰਹਿੰਦਾ ਹੈ। ਤੁਸੀਂ ਵੀ ਸਿੱਖੋ। ਸੰਸਾਰ ਵਿਚ ਵਿਚਰੋ ਪਰ ਆਪਣੇ ਆਪ ਨੂੰ ਉਪਰ ਰੱਖੋ, ਪਰ੍ਹੇ ਰੱਖੋ। ਤੁਸੀਂ ਸੰਸਾਰ ਵਿਚ ਰਹਿ ਕੇ ਵੀ ਰੂਹਾਨੀ ਹੋ ਸਕਦੇ ਹੋ। ਸੰਸਾਰ ਤਿਆਗਣ ਦੀ ਕੋਈ ਜ਼ਰੂਰਤ ਨਹੀਂ, ਲੋੜ ਹੈ ਮੋਹ ਤੋਂ ਮੁਕਤ ਹੋਣ ਦੀ, ਕਰਨੀ, ਕਥਨੀ ਤੇ ਵਿਚਾਰਾਂ ਵਿਚ ਕਿਸੇ ਚੀਜ਼ ਨਾਲ ਵੀ ਮੋਹ ਨਾ ਹੋਵੇ, ਲਗਾਓ ਨਾ ਹੋਵੇ।**

**ਮੋਹ ਤੋਂ ਮੁਕਤ ਹੋ ਕੇ ਪਿਆਰ ਦਾ ਅਹਿਸਾਸ ਹੁੰਦਾ ਹੈ। ਜਿਸ ਨੇ ਸੰਸਾਰ ਵਿਚ ਪ੍ਰਭੂ ਪ੍ਰਾਪਤੀ ਕਰ ਲਈ, ਉਹ ਮੋਹ ਤੋਂ ਮੁਕਤ ਹੋ ਗਿਆ, ਸਭ ਦਿਖਾਵਿਆਂ ਤੋਂ ਮੁਕਤ ਹੋ ਗਿਆ, ਉਹ ਹੀ ਸਾਰਿਆਂ ਨੂੰ ਸੱਚਾ ਪ੍ਰੇਮ ਕਰ ਸਕਦਾ ਹੈ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'**

**ਮੋਹ ਤੋਂ ਮੁਕਤ ਹੋ ਕੇ ਹੀ ਪੂਰਨ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਜਦੋਂ ਤੁਸੀਂ ਪੂਰੀ ਤਰ੍ਹਾਂ ਮੋਹ ਤੋਂ ਮੁਕਤ ਹੋ ਜਾਂਦੇ ਹੋ ਤਾਂ ਮਹਿਸੂਸ ਕਰਦੇ ਹੋ ਕਿਵੇਂ ਤੁਸੀਂ ਅਨੰਤ ਨਾਲ ਅੰਦਰੋਂ ਜੁੜੇ ਹੋਏ ਹੋ, ਕਿੰਨਾ ਗੂੜ੍ਹਾ ਤੁਹਾਡਾ ਉਸ ਵਿਸ਼ਵ ਨਾਲ ਸਬੰਧ ਹੈ। ਜਦੋਂ ਮੈਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਮੇਰੇ ਤੋਂ ਉਪਰ ਕੋਈ ਹੈ, ਹਉਮੈ, ਮੈਂ ਨਹੀਂ, ਤੂੰ ਹੈਂ, ਆਤਮਾ ਹੈ, ਪ੍ਰਮਾਤਮਾ ਹੈ ਉਦੋਂ ਹੀ ਰੂਹਾਨੀਅਤ ਦੀ ਕਿਰਨ ਫੁੱਟਦੀ ਹੈ।**

**ਆਪਾ ਮਾਰ ਕੇ ਹੀ, ਮਿਟਾ ਕੇ ਹੀ ਹਉਮੈ ਖਤਮ ਕਰਕੇ ਹੀ ਅਧਿਆਤਮਵਾਦ ਸ਼ੁਰੂ ਹੁੰਦਾ ਹੈ।**

**ਰੂਹਾਨੀ ਹੋਣ ਤੋਂ ਭਾਵ ਹੈ ਸਤਿ ਨੂੰ ਜਾਣ ਲੈਣਾ, ਪ੍ਰਮਾਤਮਾ ਨੂੰ ਜਾਣ ਲੈਣਾ, ਉਸ ਦੀ ਵਿਸ਼ਾਲਤਾ ਤੋਂ ਜਾਣੂੰ ਹੋ ਜਾਣਾ, ਸਤਿ ਅਟੱਲ ਹੈ, ਅਮਰ ਹੈ।**

## ਅਧਿਆਇ ੧੭
## ਅਮਰੀਕਾ ਨੂੰ ਅਲਵਿਦਾ

ਸਵਾਮੀ ਜੀ ਐਨ ਨਾਲ ਪਿਛੇ ਖੜ੍ਹੇ ਹਨ। ਉਨ੍ਹਾਂ ਦੇ ਆਸ ਪਾਸ ਕਾਲਾ ਰੱਸਾ ਲਿਪਟਿਆ ਹੋਇਆ ਹੈ, ਮੈਨੂੰ ਜਾਪਦਾ ਹੈ ਕਿ ਉਹ ਕਿਸੇ ਹੋਰ ਸੰਸਾਰ ਵਿਚ ਹਨ, ਮੈਨੂੰ ਸਵਾਮੀ ਜੀ ਦੀ ਸਿਹਤ ਦੀ ਚਿੰਤਾ ਲਗ ਜਾਂਦੀ ਹੈ। ਐਨ ਨੇ ਮੈਨੂੰ ਆਪਣੀਆਂ ਦੋ ਨਿਜੀ ਡਾਇਰੀਆਂ ਦਿਤੀਆਂ। ਇਨ੍ਹਾਂ ਡਾਇਰੀਆਂ ਵਿਚ ਸਵਾਮੀ ਜੀ ਦਾ ਪੂਰਾ ਸਾਥ ਉਸ ਦੇ ਬਾਰੇ ਤੇ ਆਪਣੇ ਪੁੱਤਰ ਬਾਰੇ ਪੂਰੇ ਵਿਸਤਾਰ ਨਾਲ ਲਿਖਿਆ ਹੋਇਆ ਸੀ।

ਸਵਾਮੀ ਜੀ ਦੀ ਸਿਹਤ ਠੀਕ ਨਹੀਂ ਸੀ, ਇਹ ਗੱਲ ਮੈਨੂੰ ਆਪਣੇ ਸੁਪਨੇ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਗਈ ਸੀ, ਭਾਵੇਂ ਮੈਨੂੰ ਇਸ ਬਾਰੇ ਪਤਾ ਸੀ ਫੇਰ ਵੀ ਮੈਂ ਉਦਾਸ ਹੋ ਗਿਆ। ਜਦੋਂ ਦਾ ਮੈਂ ਸਵਾਮੀ ਜੀ ਨੂੰ ਮਿਲਿਆ ਸੀ ਮੈਂ ਉਦੋਂ ਤੋਂ ਹੀ ਸਵਾਮੀ ਜੀ ਨਾਲ ਬੜੀ ਖੁਲ੍ਹੀ ਗੱਲਬਾਤ ਕਰਦਾ ਰਿਹਾ ਹਾਂ ਤੇ ਸਾਡੀ ਗੱਲਬਾਤ ਦਾ ਸਿਲਸਿਲਾ ਸਦਾ ਹੀ ਇਕੋ ਪੱਧਰ ਤੇ ਰਿਹਾ ਹੈ। ਮੈਂ ਸਦਾ ਹੀ ਇਕੋ ਪੱਧਰ ਤੇ ਰਿਹਾ ਹੈ, ਮੈਂ ਸਦਾ ਹੀ ਇਹ ਦੇਖਦਾ ਰਿਹਾ ਹਾਂ ਕਿ ਕਿਵੇਂ ਸਵਾਮੀ ਜੀ ਦੀ ਸਿਹਤ ਉਨ੍ਹਾਂ ਦੇ ਕੰਮ ਨਾਲ ਮੇਲ ਰਖਦੀ ਰਹੀ ਹੈ। ਜੇ ਉਨ੍ਹਾਂ ਦਾ ਕੰਮ ਵੱਧ ਹੈ ਤਾਂ ਸਿਹਤ ਵੀ ਠੀਕ ਹੈ, ਹੁਣ ਉਨ੍ਹਾਂ ਦਾ ਕੰਮ ਖਤਮ ਹੋ ਰਿਹਾ ਸੀ ਤੇ ਉਨ੍ਹਾਂ ਦੀ ਸਿਹਤ ਵੀ ਖਰਾਬ ਹੋ ਰਹੀ ਸੀ। ਜਦੋਂ ਵੀ ਮੈਂ ਪੁਛਦਾ, ਸਵਾਮੀ ਜੀ! ਮੈਂ ਕੁਛ ਕਰ ਸਕਦਾ ਹਾਂ? ਸਵਾਮੀ ਜੀ ਮੈਨੂੰ ਇਹ ਹੀ ਉਤਰ ਦਿੰਦੇ, ਮੈਨੂੰ ਜਿੰਨੀ ਦੇਰ ਇਥੇ ਰਹਿਣਾ ਚਾਹੀਦਾ ਸੀ ਮੈਂ ਉਸ ਤੋਂ ਕਿਤੇ ਵੱਧ ਰਹਿ ਲਿਆ ਹੈ।

ਬਹੁਤ ਸਾਲ ਪਹਿਲੇ ਸਵਾਮੀ ਜੀ ਨੇ ਸਾਨੂੰ ਦੱਸਿਆ ਸੀ ਕਿ ਜਦੋਂ ਉਹ ਤਿੱਬਤ ਵਿਚ ਫਿਰ ਰਹੇ ਸੀ ਤੇ ਇਕ ਵਾਰੀ ਬਰਫ ਦੇ ਤੁਫ਼ਾਨ ਵਿਚ ਘਿਰ ਗਏ ਸੀ, ਉਨ੍ਹਾਂ ਨੂੰ ਆਲੇ ਦੁਆਲੇ ਤੋਂ ਕੋਈ ਵੀ ਸ਼ਰਨ ਜਾਂ ਆਸਰਾ ਨਹੀਂ ਸੀ ਮਿਲਿਆ, ਪਿੰਡ ਵਾਲਿਆਂ ਨੇ ਬਰਫ ਪਟਕੇ ਉਨ੍ਹਾਂ ਦੇ ਸਰੀਰ ਨੂੰ ਕੱਢਿਆ ਸੀ। ਸਵਾਮੀ ਜੀ ਪੂਰੀ ਤਰ੍ਹਾਂ ਹੀ ਬਰਫ ਵਿਚ ਬਰਫ ਹੋ ਚੁੱਕੇ ਸੀ, ਪਿੰਡ ਵਾਲਿਆਂ ਨੇ ਗੱਡਾ ਖੋਦ ਕੇ ਆਸੇ ਪਾਸੇ ਕੋਲਾ ਜਲਾ ਕੇ ਇਕ ਮਹੀਨੇ ਤੋਂ ਵੀ ਵੱਧ

ਸਵਾਮੀ ਜੀ ਨੂੰ ਉਥੇ ਰੱਖਿਆ ਤਾਂ ਜੋ ਉਨ੍ਹਾਂ ਦਾ ਸਰੀਰ ਮੁੜ ਕੇ ਗਰਮੀ ਪਕੜ ਕੇ ਠੀਕ ਹੋ ਸਕੇ, ਸਰੀਰ ਤਾਂ ਠੀਕ ਹੋ ਗਿਆ ਪਰ ਸਵਾਮੀ ਜੀ ਦੇ ਦੰਦ ਤੇ ਜਬਾੜਾ ਨਹੀਂ ਠੀਕ ਹੋਇਆ। ਦਿੱਲੀ ਦੇ ਇਕ ਦੰਦਾਂ ਦੇ ਡਾਕਟਰ ਨੇ ਥੋੜ੍ਹਾ ਬਹੁਤ ਠੀਕ ਕਰ ਦਿਤਾ ਸੀ ਪਰ ਇਹ ਦੱਸ ਦਿਤਾ ਸੀ ਕਿ ਸਵਾਮੀ ਜੀ ਨੂੰ ਜਬਾੜੇ ਦਾ ਔਪਰੇਸ਼ਨ ਹੀ ਕਰਾਉਣਾ ਪਵੇਗਾ। ਸੋ ਸੰਨ ਅੱਸੀ ਦੇ ਸ਼ੁਰੂ ਵਿਚ ਇਹ ਸੱਚ ਹੋ ਗਿਆ। ਸਵਾਮੀ ਜੀ ਨੇ ਗੁਰੂਦੇਵ ਨਾਲ ਵਾਦਾ ਕੀਤਾ ਸੀ ਕਿ ਉਹ ਕਦੀ ਵੀ ਬੇਹੋਸ਼ ਨਹੀਂ ਹੋਣਗੇ, ਕਦੀ ਵੀ ਐਨਸਥੀਜ਼ਿਆ ਦੀ ਦਵਾਈ ਨਹੀਂ ਲੈਣਗੇ ਜਾਂ ਹੋਰ ਵੀ ਕੋਈ ਇਹੋ ਜਿਹੀ ਚੀਜ਼ ਨਹੀਂ ਲੈਣਗੇ, ਜਿਸ ਨਾਲ ਉਨ੍ਹਾਂ ਦੀ ਹੋਸ਼ ਖਤਮ ਹੋ ਜਾਵੇ। ਸੋ ਸਵਾਮੀ ਜੀ ਨੇ ਯੋਗਾ ਦੇ ਬਲ ਨਾਲ ਹੀ ਬਿਨਾਂ ਐਨਸਥੀਜ਼ਿਆ ਲਏ ਪੂਰਾ ਔਪਰੇਸ਼ਨ ਕਰਾਇਆ, ਪਰ ਅਸੀਂ ਉਨ੍ਹਾਂ ਦਾ ਦਰਦ ਉਨ੍ਹਾਂ ਦੇ ਚਿਹਰੇ ਤੇ ਦੇਖ ਰਹੇ ਸੀ। ਅਸੀਂ ਇਹ ਵੀ ਦੇਖਿਆ, ਸਵਾਮੀ ਜੀ ਕਿਵੇਂ ਕੰਮ ਕਾਰ ਵਿਚ ਹੌਲੀ ਹੋ ਗਏ ਸੀ।

ਥੋੜ੍ਹੇ ਜਿਹੇ ਸ਼ਰਧਾਲੂ ਇਸ ਸਮੇਂ ਸਵਾਮੀ ਜੀ ਨਾਲ ਵੱਧ ਸਮਾਂ ਲਗਾਉਂਦੇ ਰਹੇ। ਬਰਫ਼ ਲਿਆਉਣੀ, ਚਾਹ ਬਣਾਉਣੀ। ਸਵਾਮੀ ਜੀ ਨੂੰ ਉਨ੍ਹਾਂ ਦੀ ਡਾਕ ਪੜ੍ਹ ਕੇ ਸੁਣਾਉਣੀ, ਵਿਚ ਵਿਚ ਸਮਾਂ ਬਿਤਾਉਣ ਲਈ ਤਾਸ਼ ਖੇਡਣੀ, ਇਸ ਲਈ ਸੰਸਕ੍ਰਿਤੀ ਤੇ ਥਰੀਸਾ ਨਾਲ ਹੁੰਦੀਆਂ, ਇਹ ਹਰ ਸਮੇਂ ਆਪਣਾ ਸਮਾਂ ਸਵਾਮੀ ਜੀ ਲਈ ਇਕ ਦੂਸਰੇ ਨਾਲ ਤਹਿ ਕਰਦੀਆਂ ਰਹਿੰਦੀਆਂ। ਉਸ ਸਮੇਂ ਵਿਚ ਹੀ ਇਹ ਤਾਸ਼ ਲਈ ਸਮਾਂ ਕੱਢ ਲੈਂਦੀਆਂ। ਤਾਸ਼ ਖੇਡਣ ਲਈ ਚੌਥਾ ਸੱਜਣ ਜਿਹੜਾ ਵੀ ਆ ਜਾਂਦਾ ਉਸ ਨੂੰ ਹੀ ਬਿਠਾ ਲਿਆ ਜਾਂਦਾ। ਮੈਨੂੰ ਇਹ ਦਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਬਹੁਤ ਵਾਰੀ ਮੈਂ ਵੀ ਹੁੰਦਾ ਸੀ।

ਸਵਾਮੀ ਜੀ ਤਾਂ ਜੋ ਵੀ ਕਰਦੇ ਸੀ ਉਹ ਹਰ ਪੱਖੋਂ ਹੀ ਬਹੁਤ ਉਚ ਕੋਟੀ ਦਾ ਵਧੀਆ ਹੁੰਦਾ ਸੀ। ਏਸੇ ਤਰ੍ਹਾਂ ਜਦੋਂ ਸਵਾਮੀ ਜੀ ਖੇਡਦੇ ਸੀ ਉਹ ਬਹੁਤ ਹੀ ਵਧੀਆ ਖੇਡਦੇ ਸੀ। ਸੰਸਕ੍ਰਿਤੀ ਵੀ ਬਹੁਤ ਚੰਗਾ ਖੇਡਦੀ ਸੀ। ਕੋਈ ਇਕ ਹਫਤਾ ਠੀਕ ਠਾਕ ਖੇਡਣ ਤੋਂ ਬਾਅਦ, ਜਿੱਤਣ ਹਾਰਨ ਤੋਂ ਬਾਅਦ ਸਵਾਮੀ ਜੀ ਨੇ ਫੈਸਲਾ ਕੀਤਾ, ਥੋੜ੍ਹੀ ਦਿਲ ਲਗੀ ਕੀਤੀ ਜਾਵੇ, ਥੋੜ੍ਹਾ ਰੋਂਦ ਮਾਰਿਆ ਜਾਵੇ। ਉਨ੍ਹਾਂ ਨੇ ਥਰੀਸਾ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਆੜੀ ਬਣੇ ਤੇ ਉਨ੍ਹਾਂ ਨੇ ਆਪਸ ਵਿਚ ਇਸ਼ਾਰੇ ਬਣਾ ਲਏ ਤਾਂ ਜੋ ਥਰੀਸਾ ਨੂੰ ਸਵਾਮੀ ਜੀ ਦਸ ਸਕਣ ਕਿ ਕਦੋਂ ਕਿਹੜਾ ਪਤਾ ਸਿਟਣਾ ਹੈ। ਹੋਇਆ ਉਹ ਹੀ ਜੋ ਹੋਣਾ ਸੀ। ਸਵਾਮੀ ਜੀ ਅਤੇ ਥਰੀਸਾ ਸਾਰੀਆਂ ਹੀ ਬਾਜ਼ੀਆਂ ਜਿੱਤੀ ਜਾਣ। ਸੰਸਕ੍ਰਿਤੀ ਤੇ ਮੈਂ ਅਸੀਂ ਬੜੇ ਦੁਖੀ ਹੋਏ ਕਿ ਇਹ ਕੀ ਹੋ ਰਿਹਾ ਹੈ, ਸਾਨੂੰ ਸ਼ੱਕ ਪਿਆ ਕਿ ਕੁਝ ਗੜ ਬੜ ਹੈ। ਆਖਰਕਾਰ ਦਬੀ ਜ਼ੁਬਾਨ ਨਾਲ ਅਸੀਂ ਉਨ੍ਹਾਂ ਨੂੰ ਕਹਿ ਹੀ ਦਿਤਾ, ਤੁਸੀਂ ਰੋਂਦ ਖੇਡਦੇ ਹੋ, ਤੁਸੀਂ ਚੀਟਿੰਗ ਕਰਦੇ ਹੋ।

ਕੀ ਕਿਹਾ? ਸਵਾਮੀ ਜੀ ਕਹਿਣ ਲੱਗੇ, ਬੜੀ ਭੋਲੀ ਜਿਹੀ ਸ਼ਕਲ ਬਣਾ ਕੇ ਤੇ ਹਲਕੀ ਜਿਹੀ ਮੁਸਕਰਾਹਟ ਚਿਹਰੇ ਤੇ ਲਿਆ ਕੇ, ਅਸੀਂ ਕੀ ਕੀਤਾ? ਇਹ ਕਹਿ ਕੇ ਉਹ ਬਰਫ ਦੀ ਡਲੀ ਮੂੰਹ ਦੇ ਦੂਸਰੇ ਪਾਸੇ ਲੈ ਜਾਂਦੇ ਤੇ ਪੱਤੇ ਇਕੱਠੇ ਕਰਕੇ ਦੂਸਰੇ ਨੂੰ ਫੜਾਂਦੇ ਕਹਿੰਦੇ ਚਲੋ ਅਗਲੀ ਬਾਜ਼ੀ ਖੇਡੀਏ।

ਤਕਰੀਬਨ ਉਸ ਸਮੇਂ ਦੀ ਹੀ ਗੱਲ ਹੈ ਕਿ ਕਾਫੀ ਸਾਰੇ ਲੋਕ ਸੰਸਥਾ ਵਿਚ ਪਹਿਲੀ ਵਾਰੀ ਆਏ, ਇਹ ਲੋਕ ਸਵਾਮੀ ਜੀ ਦੀ ਸੇਵਾ ਵਿਚ ਆਏ, ਜੋ ਵੀ ਸੇਵਾ ਸਵਾਮੀ ਜੀ ਦੇਣ ਇਹ ਉਹ ਹੀ ਕਰਨ ਨੂੰ ਤਿਆਰ ਸੀ। ਇਕ ਮੁਟਿਆਰ ਆਈ ਉਸ ਦਾ ਨਾਂ ਸਵਾਮੀ ਜੀ ਨੇ ਕੰਮਲ ਰੱਖਿਆ ਜੋ ਬਾਅਦ ਵਿਚ ਸਵਾਮੀ ਜੀ ਦੀ ਸੈਕਟਰੀ ਬਣੀ। ਇਕ ਨਵਾਂ ਡਾਕਟਰ ਆਇਆ, ਉਹ ਹੋਮਿਓਪੈਥ ਬਣਨਾ ਚਾਹੁੰਦਾ ਸੀ। ਨਾਲ ਹੀ ਨੈਚਰੋਪੈਥੀ ਯੋਗਾ ਸਿਖਣਾ ਚਾਹੁੰਦਾ ਸੀ। ਇਕ ਅਧੇੜ ਉਮਰ ਦੀ ਜੋੜੀ ਆਈ ਸੀ, ਜਿਹੜੇ ਸਵਾਮੀ ਜੀ ਦੀ ਸੇਵਾ ਵਿਚ ਜੋ ਕਹਿਣ ਕਰਨਾ ਚਾਹੁੰਦੇ ਸੀ।

ਇਹ ਜੋੜੀ ਦੱਖਣ ਕੈਰੋਲੀਨਾ ਤੋਂ ਆਈ ਸੀ, ਆਪਣੀ ਗੱਡੀ ਵਿਚ ਰੁਕਦੇ ਮੌਜ ਕਰਦੇ ਪਹੁੰਚੇ। ਬੀਬੀ ਸਵਾਮੀ ਜੀ ਦੀ ਸ਼ਰਧਾਲੂ ਸੀ ਪਰ ਉਸ ਦੇ ਪਤੀ ਨੇ ਕਦੀ ਸਵਾਮੀ ਜੀ ਨੂੰ ਨਹੀਂ ਦੇਖਿਆ ਸੀ, ਉਹ ਇੰਜਨੀਅਰ ਰੀਟਾਇਰ ਹੋਇਆ ਸੀ। ਜਦੋਂ ਉਨ੍ਹਾਂ ਦੀ ਕਾਰ ਪੈਨਸਲਵੇਨੀਆਂ ਦੀ ਹੱਦ ਟੱਪੀ, ਬਿਲ (ਪਤੀ) ਨੂੰ ਬਹੁਤ ਹੀ ਸੋਹਣੀ ਸੁਗੰਧੀ ਆਉਣ ਲਗ ਪਈ, ਬਹੁਤ ਹੀ ਮਿੱਠੀ ਤੇ ਮਧੁਰ। ਉਹ ਆਪਣੀ ਪਤਨੀ ਨੂੰ ਪੁਛਣ ਲੱਗਾ ਇਹ ਕਾਹਦੀ ਸੁਗੰਧੀ ਹੈ, ਬਹੁਤ ਹੀ ਸੋਹਣੀ ਮੋਹਿਤ ਕਰਨ ਵਾਲੀ, ਬਿਲ ਨੂੰ ਸਮਝ ਨਹੀਂ ਆ ਰਹੀ ਸੀ ਕਾਹਦੀ ਖੁਸ਼ਬੂ ਹੈ।

ਬਿਲ ਆਪਣੀ ਪਤਨੀ ਨੂੰ ਪੁੱਛਣ ਲੱਗਾ, ਪਿਆਰੀਏ ਇਹ ਕਾਹਦੀ ਖੁਸ਼ਬੂ ਹੈ ਐਡੀ ਸੋਹਣੀ ਮਹਿਕ।

ਉਹ ਸੁੰਘ ਕੇ ਕਹਿਣ ਲੱਗੀ, ਮੈਨੂੰ ਤਾਂ ਕੋਈ ਖੁਸ਼ਬੂ ਨਹੀਂ ਆ ਰਹੀ।

ਪਰ ਜਿਉਂ ਜਿਉਂ ਉਹ ਸੰਸਥਾ ਦੇ ਨੇੜੇ ਆਉਂਦੇ ਗਏ ਖੁਸ਼ਬੂ ਹੋਰ ਵਧਦੀ ਗਈ। ਜਦੋਂ ਉਹ ਪਹੁੰਚੇ ਤੇ ਉਨ੍ਹਾਂ ਨੂੰ ਆਪਣੇ ਕਮਰੇ ਵਿਚ ਲੈ ਕੇ ਗਏ। ਉਹ ਬੈਠ ਕੇ ਚਾਹ ਪੀ ਰਹੇ ਸਨ ਐਨੇ ਲੰਮੇ ਸਫਰ ਤੋਂ ਬਾਅਦ ਉਹ ਜ਼ਰਾ ਥਕੇਵਾਂ ਲਾਹ ਰਹੇ ਸੀ।

ਇਕ ਦਮ ਬਿਲ ਉਠ ਕੇ ਖੜ੍ਹਾ ਹੋ ਗਿਆ, ਇਹੀ

ਹੈ, ਇਹੀ ਹੈ। ਕਮਰੇ ਦੇ ਇਕ ਕੋਨੇ ਵਿਚ ਅਗਰਬੱਤੀ ਜਲ ਰਹੀ ਸੀ। ਉਸ ਦੀ ਖੁਸ਼ਬੂ ਸੁੰਘ ਕੇ ਉਹ ਕਹਿਣ ਲੱਗਾ। ਇਹ ਪਦਮਨੀ ਧੂਪ ਸੀ ਤੇ ਸਵਾਮੀ ਜੀ ਇਸ ਨੂੰ ਬਹੁਤ ਹੀ ਪਸੰਦ ਕਰਦੇ ਸੀ।

ਇਕ ਦਿਨ ਜਦੋਂ ਸਵਾਮੀ ਜੀ ਦਾ ਮੂੰਹ ਦਾ ਪੂਰੀ ਤਰ੍ਹਾਂ ਔਪਰੇਸ਼ਨ ਹੋ ਗਿਆ। ਜਬਾੜਾ ਠੀਕ ਹੋ ਗਿਆ। ਸਵਾਮੀ ਜੀ ਨੇ ਮੈਨੂੰ ਤੇ ਥਰੀਸਾ ਨੂੰ ਮੇਰੀ ਪਤਨੀ ਨੂੰ ਆਪਣੇ ਕਮਰੇ ਵਿਚ ਬੁਲਾਇਆ। ਸਵਾਮੀ ਜੀ ਸਦਾ ਹੀ ਛੋਟੇ ਜਿਹੇ ਖਾਣੇ ਦੇ ਮੇਜ਼ ਤੇ ਹੀ ਬੈਠਦੇ ਜਾਂ ਫੇਰ ਦਰੀ ਤੇ ਬੈਠਦੇ। ਅੱਜ ਸਵਾਮੀ ਜੀ ਨੇ ਨਿੰਬੂ ਵਾਲੀ ਕਾਲੀ ਚਾਹ ਦਿਤੀ ਵੀ, ਪੀਤੀ ਵੀ, ਸੰਸਥਾ ਕਿਵੇਂ ਚਲ ਰਹੀ ਹੈ, ਸਵਾਮੀ ਜੀ ਪੁੱਛਣ ਲੱਗੇ। ਜਿੰਨੀ ਕੁ ਮੇਰੀ ਸਮਝ ਸੀ ਜੋ ਕੁਝ ਮੈਂ ਦੇਖ ਸਕਦਾ ਸੀ ਮੈਂ ਉਸ ਦੇ ਅਨੁਸਾਰ ਸਵਾਮੀ ਜੀ ਨੂੰ ਦੱਸਿਆ। ਥਰੀਸਾ ਨੂੰ ਜਿੰਨਾ ਚੀਜ਼ਾਂ ਦਾ ਪਤਾ ਸੀ ਉਨ੍ਹਾਂ ਨੇ ਦੱਸਿਆ। ਸਵਾਮੀ ਜੀ 'ਹੂੰਮ' ਕੀਤਾ ਤੇ ਦੂਸਰੇ ਪਾਸੇ ਦੇਖਣ ਲੱਗ ਪਏ। ਅਸੀਂ ਉਨ੍ਹਾਂ ਦੇ ਚਰਨ ਘੁਟਦੇ ਰਹੇ ਤੇ ਹਲਕੀ ਹਲਕੀ ਮਾਲਿਸ਼ ਕਰਦੇ ਰਹੇ ਤੇ ਇਸ ਗੱਲ ਦਾ ਇੰਤਜ਼ਾਰ ਕਰਦੇ ਰਹੇ ਕਿ ਉਹ ਕਦੋਂ ਮੁੜ ਕੇ ਸਾਡੇ ਨਾਲ ਗੱਲ ਕਰਨਗੇ। ਜਦੋਂ ਮੁੜ ਕੇ ਸਵਾਮੀ ਜੀ ਬੋਲੇ, ਜੋ ਉਹ ਬੋਲੇ, ਅਸੀਂ ਉਸ ਵਾਸਤੇ ਤਿਆਰ ਹੀ ਨਹੀਂ ਸੀ, ਮੈਨੂੰ ਤੁਹਾਡੇ ਦੋਨਾਂ ਨਾਲ ਬਹੁਤ ਮੋਹ ਹੈ। ਇਸ ਲਈ ਮੈਨੂੰ ਕੁਝ ਕਰਨਾ ਚਾਹੀਦਾ ਹੈ। ਇਹ ਕੋਈ ਧਮਕੀ ਨਹੀਂ ਸੀ। ਸਵਾਮੀ ਜੀ ਨੇ ਬੜੇ ਪਿਆਰ ਨਾਲ ਕਿਹਾ ਸੀ। ਮੈਂ ਬਹੁਤ ਹੈਰਾਨ ਸੀ ਕਿ ਅੱਗੇ ਹੁਣ ਸਾਡੇ ਨਾਲ ਕੀ ਹੋਏਗਾ?

ਥੋੜ੍ਹੇ ਦਿਨ ਬਾਅਦ ਹੀ ਸਵਾਮੀ ਜੀ ਦੀ ਚਿੱਠੀ ਆਈ ਉਸ ਵਿਚ ਲਿਖਿਆ ਸੀ, ਥਰੀਸਾ ਆਪਣੀਆਂ ਕਿਤਾਬਾਂ ਛਾਪਣ ਦਾ ਕੰਮ ਬਾਕੀ ਜਿਹੜੇ ਲੋਕ ਉਥੇ ਹਨ ਉਨ੍ਹਾਂ ਨੂੰ ਸਿਖਾਵੇ, ਤਾਂ ਜੋ ਉਹ ਉਸ ਦਾ ਕੰਮ ਸਾਂਭ ਸਕਣ। ਥਰੀਸਾ ਕੇਵਲ ਬਾਹਰ ਦਾ ਬਾਗ ਦੇਖੇ, ਪ੍ਰਾਹੁਣਿਆ ਦਾ ਕਮਰੇ ਦੇਖੇ ਤੇ ਲਾਇਬਰੇਰੀ ਵਿਚ ਕੰਮ ਕਰੇ। ਥਰੀਸਾ ਤਾਂ ਜਿਵੇਂ ਮਰ ਹੀ ਗਈ ਹੋਵੇ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਬਹੁਤ ਕੰਮ ਜਿਵੇਂ ਉਹ ਕਰਦੀ ਹੈ ਉਹ ਕਿਉਂ ਨਾ ਕਰੇ। ਉਹ ਮਿਹਨਤ ਕਰਨ ਦੀ, ਵੱਧ ਕੰਮ ਕਰਨ ਦੀ ਆਦੀ ਹੈ ਫੇਰ ਕੀ ਹੋਇਆ? ਉਸ ਕੋਲੋਂ ਕੋਈ ਗਲਤੀ ਹੋ ਗਈ ਹੈ? ਕੀ ਸਵਾਮੀ ਜੀ ਉਸ ਦੇ ਕੰਮ ਤੋਂ ਨਾ ਖੁਸ਼ ਹਨ, ਉਸ ਨੇ ਬੈਠ ਕੇ ਯਾਦ ਕੀਤਾ ਕਿ ਕਿਵੇਂ 35 ਕਿਤਾਬਾਂ ਉਸ ਨੇ ਸੰਸਥਾ ਲਈ ਛਾਪੀਆਂ ਹਨ। ਹੋਰ ਅਨੇਕਾਂ ਹੀ ਖਬਰਾਂ, ਚਿੱਠੀਆਂ, ਕਈ ਮੈਗਜ਼ੀਨ ਕਈ ਕੈਟਾਲੋਗ, ਪ੍ਰੋਗਰਾਮ, ਕਈ ਫਾਰਮ, ਸੈਂਕੜੇ ਚਿੱਠੀਆਂ ਉਸ ਨੇ ਛਾਪੀਆਂ ਹੋਣਗੀਆਂ, ਸੈਂਕੜੇ ਚਿੱਠੀਆਂ ਦਾ ਉਸ ਨੇ ਜਵਾਬ ਦਿਤਾ ਹੋਵੇਗਾ, ਕਈ ਹਫਤੇ ਬੀਤ ਗਏ, ਸਵਾਮੀ ਜੀ ਨੇ ਥਰੀਸਾ ਨਾਲ ਕੋਈ ਗੱਲ ਹੀ ਨਹੀਂ ਕੀਤੀ। ਥਰੀਸਾ ਲਿੱਸੀ ਪੈ ਗਈ। ਉਸ ਨੂੰ ਲਗਣ ਲਗ ਪਿਆ ਜਿਵੇਂ ਉਸ ਦੀ ਸ਼ਕਤੀ ਘਟ ਗਈ ਹੋਵੇ। ਸੰਸਥਾ ਵਿਚ ਸਾਰਿਆਂ ਕੋਲ ਕੋਈ ਨਾ ਕੋਈ ਕੰਮ ਸੀ, ਸਾਰੇ ਹੀ ਕੰਮ ਕਰ ਰਹੇ ਸੀ। ਕੇਵਲ ਥਰੀਸਾ ਕੋਲ ਹੀ ਕੋਈ ਕੰਮ ਨਹੀਂ ਸੀ, ਨਾ ਹੀ ਉਹ ਸਵਾਮੀ ਜੀ ਲਈ ਕੁਝ ਕਰ ਰਹੀ ਸੀ। ਦੂਸਰੇ ਦਿਨ ਜਦੋਂ ਹੀ ਉਹ ਆਪਣੇ ਕਮਰੇ ਵਿਚੋਂ ਬਾਹਰ ਨਿਕਲੀ, ਸਵਾਮੀ ਜੀ ਕਿਸੇ ਕਮਰੇ ਵਿਚੋਂ ਨਿਕਲੇ ਤੇ ਥਰੀਸਾ ਨੂੰ ਕਹਿਣ ਲੱਗੇ, ਮੇਰੇ ਕਮਰੇ ਵਿਚੋਂ ਮੇਰੇ ਮੇਜ਼ ਤੋਂ ਇਹ ਕਾਗਜ਼ ਲੈ ਕੇ ਆ। ਥਰੀਸਾ ਬੜੀ ਖੁਸ਼ ਹੋਈ ਕਿ ਸਵਾਮੀ ਜੀ ਬੋਲੇ ਤਾਂ ਸਹੀ, ਮੈਨੂੰ ਕੁਝ ਕਰਨ ਨੂੰ ਤਾਂ ਕਿਹਾ। ਉਹ ਛੇਤੀ ਨਾਲ ਕਾਗਜ਼ ਲੈ ਕੇ ਆ ਗਈ। ਸਵਾਮੀ ਜੀ ਮੁਸਕਰਾਏ ਤੇ ਕਹਿਣ ਲੱਗੇ, ਤੂੰ ਬਹੁਤ ਸੋਚਦੀ ਹੈਂ, ਇਕ ਗੱਲ ਯਾਦ ਰੱਖ ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।

ਕਿਉਂਕਿ ਥਰੀਸਾ ਕੁਝ ਕਰ ਨਹੀਂ ਰਹੀ ਸੀ ਉਸ ਨੇ ਸਵਾਮੀ ਜੀ ਤੋਂ ਆਗਿਆ ਮੰਗੀ ਕਿ ਉਹ ਆਪਣੇ ਪਰਿਵਾਰ ਨੂੰ ਮਿਲਣ ਜਾ ਸਕਦੀ ਹੈ? ਅਸੀਂ ਜਦੋਂ ਦੇ ਪੈਨਸਲਵੇਨੀਆ ਆਏ ਸੀ, ਅਸੀਂ ਕਦੇ ਪਰਿਵਾਰ ਨੂੰ ਮਿਲਣ ਹੀ ਨਹੀਂ ਸੀ ਗਏ, ਹੁਣ ਜਦੋਂ ਉਹ ਇਥੇ ਕੁਝ ਨਹੀਂ ਕਰ ਰਹੀ, ਇਹ ਚੰਗਾ ਹੀ ਹੋਵੇਗਾ ਜੇ ਉਹ ਘਰ ਹੋ ਆਵੇ। ਐਥੇ ਤਾਂ ਕੋਈ ਬਹੁਤੀ ਉਸ ਦੀ ਲੋੜ ਹੈ ਨਹੀਂ। ਸਵਾਮੀ ਜੀ ਨੇ ਥਰੀਸਾ ਨੂੰ ਅਸੀਸ ਦਿਤੀ ਤੇ ਨਾਲ ਪੈਸੇ ਦਿਤੇ ਕਿ ਉਹ ਜ਼ਰੂਰ ਘਰ ਹੋ ਆਵੇ। ਮੈਂ ਉਸ ਨੂੰ ਸਿਰਾ ਕਰੂਜ ਲੈ ਗਿਆ ਓਥੋਂ ਉਸ ਨੂੰ ਰਾਤ ਦੀ ਗੱਡੀ ਤੇ ਸ਼ਿਕਾਗੋ ਲਈ ਬਿਠਾ ਦਿਤਾ। ਜਦੋਂ ਮੈਂ ਵਾਪਸ ਆ ਰਿਹਾ ਸੀ ਮੈਨੂੰ ਬਹੁਤ ਬੁਰਾ ਲਗ ਰਿਹਾ ਸੀ ਕਿ ਥਰੀਸਾ ਨਾਲ ਕਿਉਂ ਇਹ ਹੋਇਆ ਹੈ। ਉਹ ਐਨਾ ਕੁਝ ਕਰਦੀ ਸੀ ਕੀ ਵਜਾ ਹੈ ਕਿ ਉਸ ਨਾਲ ਇਹ ਸਲੂਕ ਕੀਤਾ ਗਿਆ ਮੈਂ ਮਨ ਹੀ ਮਨ ਫੈਸਲਾ ਕੀਤਾ, ਮੈਂ ਸਵਾਮੀ ਜੀ ਨਾਲ ਕੱਲ੍ਹ ਗੱਲ ਕਰਾਂਗਾ।

ਸਾਰੇ ਸੱਜਣ ਬਾਹਰ ਸੀ। ਸਾਰੀਆਂ ਸਫਾਈਆਂ ਹੋ ਰਹੀਆਂ ਸੀ, ਸਾਲਾਨਾ ਕਾਂਗਰਸ ਦੀਆਂ ਤਿਆਰੀਆਂ ਹੋ ਰਹੀਆਂ ਸੀ। ਮੈਂ ਸਵਾਮੀ ਜੀ ਕੋਲ ਗਿਆ, ਸਵਾਮੀ ਜੀ ਨੇ ਪੁਛਿਆ, ਕੀ ਉਹ ਠੀਕ ਠਾਕ ਚਲੀ ਗਈ ਹੈ?

ਹਾਂ ਜੀ ਉਹ ਚਲੀ ਗਈ ਹੈ ਤੇ ਅੱਜ ਦੁਪਹਿਰੇ ਪਹੁੰਚ ਜਾਵੇਗੀ, ਤੁਸੀਂ ਜਾਣਦੇ ਹੋ। ਮੈਂ ਕਿਹਾ ਜੋ ਕੁਝ ਵੀ ਥਰੀਸਾ ਨਾਲ ਹੋ ਰਿਹਾ ਹੈ ਮੈਨੂੰ ਚੰਗਾ ਨਹੀਂ ਲਗ ਰਿਹਾ, ਮੈਂ ਸੋਚਦਾ ਹਾਂ ਤੁਸੀਂ ਥਰੀਸਾ ਤੇ ਬਹੁਤ ਸਖਤੀ ਕਰ ਰਹੇ ਹੋ।

ਤੂੰ ਇਸ ਗੱਲ ਤੋਂ ਬਿਲਕੁਲ ਬਾਹਰ ਰਹਿ, ਤੇਰਾ ਕੋਈ ਮਤਲਬ ਨਹੀਂ, ਉਹ ਮੇਰੀ ਓਨੀ ਹੀ ਸ਼ਰਧਾਲੂ ਸ਼ਿਸ਼ ਹੈ ਜਿੰਨਾ ਤੂੰ। ਤੈਨੂੰ ਵਿਚ ਆਉਣ ਦੀ ਕੋਈ ਲੋੜ ਨਹੀਂ, ਮੈਂ ਉਸ ਤੇ ਮਿਹਨਤ ਕਰ ਰਿਹਾ ਹਾਂ। ਉਸ ਦੀ ਵਕਾਲਤ ਕਰਨ ਦਾ ਕੋਈ ਫਾਇਦਾ ਨਹੀਂ।

ਬਿਲਕੁਲ ਠੀਕ ਹੈ ਸਵਾਮੀ ਜੀ, ਮੈਂ ਕਿਹਾ ਪਰ ਮੇਰਾ ਮਨ ਨਹੀਂ ਮੰਨਿਆ, ਮੈਂ ਆਪਣੇ ਮੂੰਹ ਵਿਚ ਬੁੜ-ਬੁੜ ਕਰੀ ਗਿਆ, ਸਵਾਮੀ ਜੀ ਅੱਗੇ ਕੁਝ ਕੰਮ ਦੇਖਣ ਚਲੇ ਗਏ।

ਉਸ ਦਿਨ ਦੁਪਹਿਰ ਨੂੰ ਸਵਾਮੀ ਜੀ ਮੇਰੇ ਕੋਲ ਆਏ ਤੇ ਮੈਨੂੰ ਉਨ੍ਹਾਂ ਨੇ ਆਪਣੇ ਕੋਲ ਬਿਠਾਇਆ ਤੇ ਸਵਾਮੀ ਜੀ ਮੇਰੇ ਦਿਲ ਦੀ ਗੱਲ ਕਰਨ ਲਗ ਪਏ, ਥਰੀਸਾ ਐਨੀ ਮਿਹਨਤੀ ਹੈ ਕਿ ਮੈਂ ਐਨਾ ਮਿਹਨਤੀ ਕੋਈ ਨਹੀਂ ਦੇਖਿਆ। ਉਹ ਤਾਂ ਮੇਰੇ ਤੋਂ ਵੀ ਵੱਧ ਮਿਹਨਤੀ ਹੈ।

ਮੇਰੇ ਮਨ ਨੂੰ ਥੋੜ੍ਹੀ ਚੈਨ ਆਈ ਤੇ ਮੈਂ ਬਹੁਤ ਧਿਆਨ ਨਾਲ ਸੁਣਨ ਲਗ ਗਿਆ। ਉਹ ਬਹੁਤ ਸ਼ਕਤੀਸ਼ਾਲੀ ਹੈ ਪਰ ਦੂਸਰਿਆਂ ਨਾਲ ਕਿਵੇਂ ਵਿਵਹਾਰ ਕਰਨਾ ਹੈ ਇਹ ਉਸ ਨੂੰ ਸਿਖਣਾ ਪਵੇਗਾ ਜਿਵੇਂ ਕਿ ਸਭ ਨੂੰ ਸਿਖਣਾ ਪੈਂਦਾ ਹੈ। ਉਹ ਬਹੁਤ ਹੀ ਨਿਪੁੰਨ ਹੈ, ਬਹੁਤ ਹੀ ਪ੍ਰਤਿਭਾਸ਼ਾਲੀ ਹੈ, ਉਹ ਜਦੋਂ ਗੱਲ ਕਰਦੀ ਹੈ ਪੂਰੇ ਆਤਮ ਵਿਸ਼ਵਾਸ਼ ਨਾਲ ਕਰਦੀ ਹੈ, ਜਦੋਂ ਉਹ ਗੱਲ ਕਰਦੀ ਹੈ ਦੂਸਰੇ ਉਸ ਦੇ ਮੁਕਾਬਲੇ ਤੇ ਨਹੀਂ ਆ ਸਕਦੇ, ਉਨ੍ਹਾਂ ਦੇ ਅੰਦਰ ਉਹ ਯੋਗਤਾ ਹੀ ਨਹੀਂ। ਉਸ ਦਾ ਨਤੀਜਾ ਹੁੰਦਾ ਹੈ, ਲੋਕ ਉਸ ਨਾਲ ਈਰਖਾ ਕਰਨ ਲਗ ਪੈਂਦੇ ਹਨ, ਈਰਖਾ ਆਤਮ ਮਾਰਗ ਤੇ ਇਕ ਬਹੁਤ ਵੱਡਾ ਰੋੜਾ ਹੈ, ਮੇਰੇ ਗੁਰੂਦੇਵ ਮੈਨੂੰ ਇਸ ਬਾਰੇ ਬਹੁਤ ਵਾਰੀ ਦਸਦੇ ਸਨ। ਥਰੀਸਾ ਇਸ ਗੱਲ ਨੂੰ ਬਿਲਕੁਲ ਨਹੀਂ ਜਾਣਦੀ, ਉਹ ਦੂਸਰਿਆਂ ਦੀ ਈਰਖਾ ਬਾਰੇ ਬਿਲਕੁਲ ਅਣਭੋਲ ਹੈ ਤੇ ਇਸ ਤਰ੍ਹਾਂ ਉਸ ਨੂੰ ਦੁਖ ਲਗ ਸਕਦਾ ਹੈ। ਮੈਂ ਉਸ ਨੂੰ ਸਿਖਾਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਤੂੰ ਨਾ ਤਾਂ ਮੇਰੀ ਸਹਾਇਤਾ ਕਰ ਰਿਹਾ ਹੈਂ ਨਾ ਉਸ ਦੀ। ਤੂੰ ਤਾਂ ਉਲਟਾ ਦਖਲ ਅੰਦਾਜ਼ੀ ਕਰ ਰਿਹਾ ਹੈਂ। ਤੂੰ ਜ਼ਰਾ ਹੋਰ ਵਾਸਤਵਿਕ ਹੋ ਕੇ ਦੇਖ, ਮੈਂ ਕੋਈ ਉਸ ਨਾਲ ਜਿਆਦਤੀ ਨਹੀਂ ਕਰ ਰਿਹਾ, ਮੈਂ ਉਸ ਦੀ ਬਹੁਤ ਹੀ ਇਜ਼ਤ ਕਰਦਾ ਹਾਂ, ਤੇਰੇ ਨਾਲੋਂ ਵੀ ਵੱਧ, ਉਹ ਮੇਰੇ ਬਹੁਤ ਨੇੜੇ ਹੈ, ਤੂੰ ਮੈਨੂੰ ਆਪਣਾ ਕੰਮ ਕਰਨ ਦੇ।

ਅਗਲੀ ਸ਼ਾਮ ਮੈਨੂੰ ਸਵਾਮੀ ਜੀ ਨੇ ਆਪਣੀ ਨਵੀਂ ਲੱਕੜੀ ਦੀ ਹੱਟ ਵਿਚ ਬੁਲਾਇਆ, ਇਹ ਸਵਾਮੀ ਜੀ ਦਾ ਛੇਵਾਂ ਘਰ ਸੀ। ਜਦੋਂ ਤੋਂ ਅਸੀਂ ਉਨ੍ਹਾਂ ਨੂੰ ਮਿਲੇ ਸੀ, ਸਵਾਮੀ ਜੀ ਘਰ ਦੇਖਦੇ ਉਸ ਨੂੰ ਠੀਕ ਕਰਦੇ, ਪੂਰੀ ਤਰ੍ਹਾਂ ਨਾਲ ਠੀਕ ਕਰਕੇ ਕੁਛ ਮਹੀਨੇ ਰਹਿੰਦੇ। ਫੇਰ ਉਸ ਨੂੰ ਛੱਡ ਦਿੰਦੇ। ਕਿਸੇ ਜੋੜੀ ਨੂੰ ਰਹਿਣ ਲਈ ਦੇ ਦਿੰਦੇ ਤੇ ਫੇਰ ਉਹ ਬਾਹਰੋਂ ਆਉਣਗੇ ਤੇ ਕਹਿਣਗੇ। ਮੇਰੇ ਲਈ ਤਾਂ ਹੁਣ ਕੋਈ ਜਗ੍ਹਾ ਹੀ ਨਹੀਂ ਰਹਿਣ ਨੂੰ। ਸੋ ਫੇਰ ਤੋਂ ਨਵਾਂ ਘਰ ਬਣੇਗਾ, ਇਸ ਵਿਚ ਵੀ ਮੈਨੂੰ ਥਰੀਸਾ ਦਾ ਯੋਗਦਾਨ ਲੱਗਾ ਪਰ ਮੈਂ ਚੁੱਪ ਹੋ ਗਿਆ। ਮੈਨੂੰ ਯਾਦ ਆ ਗਿਆ, ਸਵਾਮੀ ਜੀ ਉਨ੍ਹਾਂ ਤੋਂ ਕੰਮ ਲੈਂਦੇ ਹਨ ਜਿਹੜੇ ਉਨ੍ਹਾਂ ਦੇ ਬਹੁਤ ਕੋਲ ਨੇੜੇ ਹੁੰਦੇ ਹਨ, ਜਿਨ੍ਹਾਂ ਨੂੰ ਸਭ ਤੋਂ ਵੱਧ ਪਿਆਰ ਕਰਦੇ ਹਨ, ਉਨ੍ਹਾਂ ਨਾਲ ਹੀ ਵਧੇਰੇ ਸਖਤੀ ਕਰਦੇ ਹਨ।

ਜਸਟਿਨ! ਸਵਾਮੀ ਜੀ ਕਹਿਣ ਲੱਗੇ, ਜਦੋਂ ਮੈਂ ਚੌਦਾਂ ਸਾਲ ਦਾ ਸੀ, ਮੇਰੇ ਕੋਈ ਰਿਸ਼ਤੇਦਾਰ ਮੈਨੂੰ ਮਾਰਨਾ ਚਾਹੁੰਦੇ ਸੀ ਕਿਉਂਕਿ ਮੈਂ ਆਪਣੇ ਮਾਤਾ ਪਿਤਾ ਦਾ ਇਕੱਲਾ ਵਾਰਿਸ ਸੀ, ਮੈਂ ਬੜਾ ਉਦਾਸ ਹੋ ਗਿਆ ਤੇ ਗੁਰੂਦੇਵ ਕੋਲ ਗਿਆ, ਤੂੰ ਕਿਉਂ ਉਦਾਸ ਹੁੰਦਾ ਹੈਂ, ਤੇਰੇ ਉਤੇ ਤਾਂ ਪ੍ਰਮਾਤਮਾ ਦੀ ਮਿਹਰ ਹੈ, ਪ੍ਰਮਾਤਮਾ ਦਾ ਹੱਥ ਹੈ। ਹਾਂ ਪਰ ਤੈਨੂੰ ਆਪਣਾ ਬਚਾਅ ਆਪ ਵੀ ਕਰਨਾ ਚਾਹੀਦਾ ਹੈ। ਉਸ ਦਾ ਤਰੀਕਾ ਹੈ ਕਿ ਸੰਸਾਰ ਵਿਚ ਸਭ ਤੋਂ ਚੰਗਾ ਬੱਚਾ ਪੈਦਾ ਕਰੋ, ਸੰਸਾਰ ਵਿਚ ਹਿੰਸਕ ਨਹੀਂ ਹੋਵੋ, ਮਿਤਰਤਾ ਕਰੋ, ਮਿੱਤਰ ਬਨਾਉਣ ਲਈ ਮਿਹਨਤ ਕਰਨੀ ਪੈਂਦੀ ਹੈ ਐਵੇਂ ਕੋਈ ਨਹੀਂ ਦਿੰਦਾ। ਸੰਸਾਰ ਵਿਚ ਰਹਿ ਕੇ ਸ਼ਾਂਤੀ ਨਾਲ ਵਧੋ, ਚਲੋ। ਜਿਹੜੇ ਇਥੇ ਰਹਿੰਦੇ ਹਨ ਉਹ ਇਸ ਤਰ੍ਹਾਂ ਨਹੀਂ ਕਰਦੇ। ਸਵਾਮੀ ਜੀ ਕਹਿਣ ਲੱਗੇ ਉਹ ਤਾਂ ਸਵੇਰ ਤੋਂ ਸ਼ਾਮ ਤੱਕ ਮੈਨੂੰ ਤੰਗ ਕਰਦੇ ਹਨ, ਉਹ ਤਾਂ ਹਉਮੈ ਵਿਚ ਹੀ ਉਲਝੇ ਪਏ ਹਨ ਤੇ ਉਨ੍ਹਾਂ ਦਾ ਹਰ ਇਕ ਦਾ ਆਪਣਾ ਆਪਣਾ ਹੀ ਅਜੰਡਾ ਹੈ।

ਮੈਂ ਸਵਾਮੀ ਜੀ ਦੇ ਸ਼ਬਦ ਬੜੇ ਧਿਆਨ ਨਾਲ ਸੁਣਦਾ ਰਿਹਾ, ਮਨ ਵਿਚ ਇਹ ਮਹਿਸੂਸ ਕਰਦਾ ਰਿਹਾ ਕਿ ਜੋ ਸਵਾਮੀ ਜੀ ਕਹਿ ਰਹੇ ਹਨ, ਉਹ ਬਿਲਕੁਲ ਠੀਕ ਹੈ। ਜੇ ਅਸੀਂ ਸੰਸਥਾ ਵਿਚ ਰਹਿ ਕੇ ਦੋਸਤੀ ਨਹੀਂ ਕਰਾਂਗੇ, ਮਿਤਰਤਾ ਨਹੀਂ ਕਰਾਂਗੇ। ਅਸੀਂ ਇਕ ਸਾਂਝਾ ਸਮਾਜ ਕਿਵੇਂ ਬਣਾਵਾਂਗੇ, ਅਸੀਂ ਤਾਂ ਹਰ ਵੇਲੇ ਇਕ ਦੂਸਰੇ ਨੂੰ ਖਿੱਚਣ ਵਿਚ ਹੀ ਲੱਗੇ ਰਹਿੰਦੇ ਹਾਂ। ਮੇਰੇ ਕੰਨਾਂ ਨੇ ਸਵਾਮੀ ਜੀ ਦੀ ਆਵਾਜ਼ ਸੁਣੀ ਤੇ ਮੇਰਾ ਧਿਆਨ ਉਸ ਪਾਸੇ ਚਲਾ ਗਿਆ।

ਮੈਂ ਥਰੀਸਾ ਵਰਗੇ ਸ਼ਿਸ਼ਾਂ ਨੂੰ ਛਾਂਟਦਾ ਹਾਂ, ਜਾਣ ਕੇ ਛਾਂਟਦਾ ਹਾਂ। ਮੈਂ ਉਸ ਦੇ ਬਾਰੇ ਲੋਕਾਂ ਨੂੰ ਵੀ ਗੱਲਾਂ ਕਹਿੰਦਾ ਹਾਂ, ਉਹ ਗੱਲਾਂ ਕਹਿੰਦਾ ਹਾਂ ਜਿਹੜੀ ਸੱਚੀਆਂ ਨਹੀਂ। ਮੈਂ ਇਸ ਕਰਕੇ ਕਹਿੰਦਾ ਹਾਂ ਤਾਕਿ ਲੋਕ ਜਾ ਕੇ ਉਸ ਨੂੰ ਦੱਸਣ ਤੇ ਉਹ ਮੇਰੇ ਕੋਲ ਆਏ ਤਾਂ ਫੇਰ ਮੈਂ ਉਸ ਦੀ ਸਹਾਇਤਾ ਕਰਾਂ। ਉਸ ਨੂੰ ਦੱਸਾਂ ਕਿ ਕਿਵੇਂ ਕਰਨਾ ਹੈ, ਮੈਂ ਨਫਰਤ ਨਹੀਂ ਕਰਦਾ ਮੈਂ ਤਾਂ ਸਹਾਇਤਾ ਕਰਨ ਲਈ ਹੀ ਗੁੱਸਾ ਕਰਦਾ ਹਾਂ, ਮੈਂ ਪਰਵਾਹ ਕਰਦਾ ਹਾਂ ਇਹ

ਪਰਵਾਹ ਕਰਨ ਦਾ ਹੀ ਇਕ ਤਰੀਕਾ ਹੈ। ਮੈਂ ਚਾਹੁੰਦਾ ਹਾਂ ਤੁਸੀਂ ਸਾਰੇ ਫੁੱਲ ਦੀ ਤਰ੍ਹਾਂ ਖਿੜੋ, ਖੇੜੇ ਵਿਚ ਆਓ, ਜਦੋਂ ਦੂਸਰੇ ਲੋਕੀ ਗੁੱਸਾ ਕਰਦੇ ਹਨ ਉਹ ਆਪਣੇ ਆਪ ਨੂੰ ਵੱਡਾ ਦਿਖਾਉਂਦੇ ਹਨ, ਉਹ ਸੰਸਥਾ ਰਾਹੀਂ ਆਪਣੇ ਆਪ ਨੂੰ ਵੱਡਾ ਦੇਖ ਕੇ ਆਪਣੀ ਸ਼ਕਤੀ ਦਿਖਾਉਂਦੇ ਹਨ।

ਮੈਂ ਆਪਣੇ ਆਪ ਵਿਚ ਬਹੁਤ ਸ਼ਰਮਿੰਦਾ ਹੋਇਆ। ਮੈਨੂੰ ਲੱਗਾ ਮੈਨੂੰ ਸਵਾਮੀ ਜੀ ਅੱਗੇ ਥਰੀਸਾ ਬਾਰੇ ਨਹੀਂ ਸੀ ਕੁਝ ਕਹਿਣਾ ਚਾਹੀਦਾ। ਮੈਨੂੰ ਪਤਾ ਹੈ ਸਵਾਮੀ ਜੀ ਉਸ ਨੂੰ ਬਹੁਤ ਪਿਆਰ ਕਰਦੇ ਹਨ ਤੇ ਬਹੁਤ ਹੀ ਸੰਭਾਲ ਵੀ ਕਰਦੇ ਹਨ ਪਰ ਸ਼ਾਇਦ ਪਤੀ ਹੋਣ ਕਰਕੇ ਮੇਰੀ ਮੈਂ ਨੇ ਮੈਨੂੰ ਗੱਲ ਕਰਨ ਲਈ ਮਜ਼ਬੂਰ ਕੀਤਾ।

ਥਰੀਸਾ ਦੀਆਂ ਅੱਖਾਂ ਦੇਖੋ, ਸਵਾਮੀ ਜੀ ਕਹਿ ਰਹੇ ਸੀ, ਕੋਈ ਵੀ ਦੇਖ ਕੇ ਕਹਿ ਸਕਦਾ ਹੈ ਕਿ ਉਹ ਹਿਮਾਲਿਆ ਤੋਂ ਹੈ, ਮੈਡੀਟੇਸ਼ ਕਰਨ ਵਾਲੀ ਹੈ, ਤੂੰ ਨਹੀਂ ਕਹਿ ਸਕਦਾ? ਉਹ ਪਹਾੜਾਂ ਤੇ ਇਕ ਨੱਨ ਦੇ ਰੂਪ ਵਿਚ ਰਹੀ, ਇਕ ਯੋਗਾ ਦੇ ਅਧਿਆਪਕ ਦੇ ਰੂਪ ਵਿਚ ਰਹੀ, ਤੂੰ ਵੀ ਉਥੇ ਹੀ ਸੀ, ਕੀ ਤੂੰ ਇਹ ਮਹਿਸੂਸ ਨਹੀਂ ਕਰਦਾ।

ਤੁਸੀਂ ਮੈਨੂੰ ਦੱਸਿਆ ਹੈ, ਮੈਂ ਤੁਹਾਡੇ ਨਾਲ ਸੀ, ਕੀ ਥਰੀਸਾ ਵੀ ਤੁਹਾਡੇ ਨਾਲ ਸੀ, ਸਵਾਮੀ ਜੀ, ਮੈਂ ਪੁਛਿਆ।

ਬਿਲਕੁਲ ਉਹ ਨਾਲ ਸੀ, ਸਵਾਮੀ ਜੀ ਦੇ ਨੇਤਰਾਂ ਵਿਚ ਪਿਆਰ ਝਲਕ ਰਿਹਾ ਸੀ। ਥਰੀਸਾ ਮੇਰੇ ਨਾਲ ਬਹੁਤ ਵਾਰੀ ਸੀ, ਮੈਂ ਉਸ ਨੂੰ ਦੱਸ ਚੁਕਾ ਹਾਂ, ਉਹ ਬਹੁਤ ਜਨਮ ਮਧਮ ਰਹੀ ਹੈ, ਯੂਰਪ ਵਿਚ ਚਾਰ ਸੌ ਸਾਲ ਤਕ ਉਸ ਦਾ ਨਾਮ ਉਦੋਂ ਵੀ ਥਰੀਸਾ ਹੀ ਸੀ ਉਸ ਨੇ ਬਹੁਤ ਸਾਰੇ ਦੇਸਾਂ ਵਿਚ ਸਕੂਲ ਸ਼ੁਰੂ ਕੀਤੇ।

ਮੇਰਾ ਮਨ ਦੌੜਿਆ, ਮੈਨੂੰ ਲੱਗਾ ਅੱਜ ਮੈਨੂੰ ਨੀਂਦ ਨਹੀਂ ਆਏਗੀ। ਸਵਾਮੀ ਜੀ ਨੇ ਟੈਲੀਫੋਨ ਚੁਕਿਆ ਮੈਂ ਦੇਖ ਰਿਹਾ ਸੀ ਉਹ ਕਿਸੇ ਨੂੰ ਮੈਡੀਟੇਸ਼ਨ ਕਰਨ ਲਈ ਦੱਸ ਰਹੇ ਸੀ, ਤਰੀਕਾ ਦੱਸ ਰਹੇ ਸੀ। ਜਦੋਂ ਉਨ੍ਹਾਂ ਨੇ ਟੈਲੀਫੋਨ ਰੱਖ ਦਿਤਾ ਮੈਂ ਪੁਛਿਆ ਤੁਸੀਂ ਕਿੰਨੇ ਸ਼ਿਸ਼ਾਂ ਨੂੰ ਹਰ ਸ਼ਾਮ ਨੂੰ ਜਾਂਚਦੇ ਹੋ।

'ਦੋ ਹਜ਼ਾਰ ਤੋਂ ਵੱਧ ਨੂੰ' ਸਵਾਮੀ ਜੀ ਕਹਿਣ ਲੱਗੇ, ਭਾਵੇਂ ਨਿਜੀ ਸੰਪਰਕ ਅਵਸ਼ਕ ਨਹੀਂ ਪਰ ਬਹੁਤ ਵਾਰੀ ਇਹ ਜਗਿਆਸੂ ਲਈ ਬੜਾ ਲਾਭਦਾਇਕ ਸਾਬਤ ਹੁੰਦਾ ਹੈ।

ਮੇਰੀ ਖੇਡ ਕਿਸ ਤਰ੍ਹਾਂ ਚਲ ਰਹੀ ਹੈ, ਅਚਾਨਕ ਸਵਾਮੀ ਜੀ ਨੇ ਪੁਛਿਆ। ਉਨ੍ਹਾਂ ਨੇ ਆਪਣਾ ਟੈਨਿਸ ਦਾ ਬੱਲਾ ਚੁੱਕਿਆ ਤੇ ਮਾਰ ਕੇ ਕਹਿਣ ਲੱਗੇ? ਕੀ ਮੈਂ ਬੇਹਤਰ ਹੋ ਰਿਹਾ ਹਾਂ?

ਮੈਂ ਸਵਾਮੀ ਜੀ ਨੂੰ ਭਰੋਸਾ ਦੁਆਇਆ ਕਿ ਉਹ ਬਿਹਤਰ ਹੋ ਰਹੇ ਹਨ। ਸਵਾਮੀ ਜੀ ਨੇ ਜਦੋਂ ਟੈਨਿਸ ਖੇਡਣਾ ਸ਼ੁਰੂ ਕੀਤਾ, ਉਹ ਕੇਵਲ ਗੇਂਦ ਨੂੰ ਹੀ ਮਾਰਦੇ ਸੀ ਬਹੁਤਾ ਨਠਦੇ ਭਜਦੇ ਨਹੀਂ ਸੀ ਪਰ ਹੌਲੀ ਹੌਲੀ ਸਵਾਮੀ ਜੀ ਦੌੜਨ ਵੀ ਲਗ ਪਏ ਸੀ। ਮੈਂ ਉਨ੍ਹਾਂ ਨੂੰ ਪੁਛਿਆ ਉਨ੍ਹਾਂ ਨੇ ਐਨੇ ਸਾਲਾਂ ਬਾਅਦ ਟੇਨਿਸ ਕਿਉਂ ਖੇਡਣੀ ਸ਼ੁਰੂ ਕੀਤੀ।

ਮੈਂ ਤੈਨੂੰ ਦਸਦਾ ਹਾਂ ਕੀ ਹੋਇਆ, ਸਵਾਮੀ ਜੀ ਮੇਰੇ ਕੋਲ ਨੂੰ ਆ ਗਏ ਤੇ ਜਿਹੜੀ ਗੱਲ ਉਨ੍ਹਾਂ ਨੇ ਮੈਨੂੰ ਦੱਸੀ ਮੇਰਾ ਦਿਲ ਟੁੱਟ ਗਿਆ। ਕੁਝ ਮਹੀਨੇ ਪਹਿਲਾਂ ਅਕਤੂਬਰ 1981 ਵਿਚ ਸਵਾਮੀ ਜੀ ਆਪਣੀ ਉਚ ਕੋਟੀ ਦੀਆਂ ਯੋਗਾ ਅਭਿਆਸ ਕਰਨ ਲਈ ਪਿਛਲੇ ਛੋਟੇ ਸੌਣ ਦੇ ਕਮਰੇ ਵਿਚ ਬੈਠ ਗਏ ਤੇ ਉਹ ਆਪਣਾ ਸੂਖਮ ਸਰੀਰ ਲੈ ਕੇ ਚਲੇ ਗਏ, ਬਾਹਰੀ ਸਰੀਰ ਉਥੇ ਹੀ ਪਿਆ ਸੀ, ਉਸ ਰਾਤ ਹਨ੍ਹੇਰੀ ਆਈ ਤੇ ਉਥੇ ਇਕ ਮੇਜ਼ ਤੇ ਲੈਂਪ ਪਿਆ ਸੀ, ਉਹ ਸਵਾਮੀ ਜੀ ਦੇ ਸਿਰ ਤੇ ਲੱਗਾ ਸਿਰ ਦੇ ਪਿਛਲੇ ਪਾਸੇ। ਉਸ ਸਮੇਂ ਸਰੀਰ ਬਹੁਤ ਹੀ ਸੂਖਸ਼ਮ ਗ੍ਰਾਹੀ ਹੁੰਦਾ ਹੈ। ਬਹੁਤ ਹੀ ਨਾਜ਼ੁਕ ਹੁੰਦਾ ਹੈ ਕਿਉਂਕਿ ਯੋਗਾ ਅਭਿਆਸ ਚਲ ਰਿਹਾ ਹੁੰਦਾ ਹੈ, ਕਿਸੇ ਤਰ੍ਹਾਂ ਵੀ ਸਰੀਰ ਨੂੰ ਉਸ ਸਮੇਂ ਹਿਲਾਣਾ ਜੁਲਾਣਾ ਨਹੀਂ ਚਾਹੀਦਾ, ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਦੇਣੀ ਚਾਹੀਦੀ। ਜਦੋਂ ਲੈਂਪ ਡਿਗਿਆ ਤੇ ਦੋ ਸਰੀਰਾਂ ਦਾ ਜੋੜ ਟੁੱਟ ਗਿਆ ਜਿਹੜਾ ਕਿ ਇਕ ਸਿਲਵਰ ਕੋਰਡ ਰਾਹੀਂ ਬੱਧਾ ਹੁੰਦਾ ਹੈ, ਭਾਵ ਕਿ ਜੀਵਨ ਖਤਮ ਹੋ ਗਿਆ, ਪਰ ਗੁਰੂਦੇਵ ਨੇ ਮੈਨੂੰ ਮੇਰੇ ਸਰੀਰ ਅੰਦਰ ਧੱਕ ਹੀ ਦਿਤਾ ਤੇ ਨਾਲ ਕਿਹਾ ਤੂੰ ਹਾਲੇ ਕੰਮ ਕਰਨੇ ਹਨ ਪਰ ਇਸ ਘਟਨਾ ਨੇ ਮੇਰੇ ਸਰੀਰ ਨੂੰ ਬਹੁਤ ਹੀ ਨੁਕਸਾਨ ਪਹੁੰਚਾਇਆ, ਸਵਾਮੀ ਜੀ ਨੂੰ ਦਿਮਾਗ ਤੇ ਸਰੀਰ ਦਾ ਤਾਲ ਮੇਲ ਰਖਣਾ ਔਖਾ ਹੋ ਗਿਆ ਸੀ। ਸਰੀਰ ਵਿਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਗਿਆ ਸੀ, ਉਸ ਸ਼ਾਮ ਨੂੰ ਖ਼ੂਨ ਦੀ ਇਕ ਬਾਲਟੀ ਭਰ ਗਈ ਸੀ ਤੇ ਇਹ ਕਿੰਨੇ ਹੀ ਦਿਨ ਇਸ ਤਰ੍ਹਾਂ ਚਲਦਾ ਰਿਹਾ, ਡਾਕਟਰਾਂ ਨੂੰ ਕੁਝ ਪਤਾ ਨਾ ਲੱਗਾ ਡਾਕਟਰ, diffuse internal bleeding ਕਹਿੰਦੇ ਰਹੇ। ਇਹ ਸਾਲਾਂ ਬੱਧੀ ਚਲਦੀ ਰਹੀ, ਜਿਸ ਨਾਲ ਸਰੀਰ ਬਹੁਤ ਕਮਜ਼ੋਰ ਹੋ ਗਿਆ ਤੇ ਦਰਦ ਜੋ ਕਿਸੇ ਤਰ੍ਹਾਂ ਠੀਕ ਨਹੀਂ ਸੀ ਹੁੰਦਾ।

ਸਵਾਮੀ ਜੀ ਨੂੰ ਸਰੀਰ ਵਿਚ ਰੱਖਣ ਲਈ ਉਨ੍ਹਾਂ ਦੇ ਗੁਰੂਦੇਵ ਨੇ ਸਵਾਮੀ ਜੀ ਨੂੰ ਆਦੇਸ਼ ਦਿਤਾ ਕਿ ਉਹ ਦਬਾ ਕੇ ਵਰਜਿਸ਼ ਕਰਨ ਤੇ ਘੱਟੋ ਘੱਟ ਤਿੰਨ ਤੋਂ ਚਾਰ ਘੰਟੇ ਜ਼ਰੂਰ ਕਰਨ। ਮੈਨੂੰ ਕੋਈ ਪਰਵਾਹ ਨਹਾਂ ਜੇ ਤੂੰ ਖੇਡਦਾ ਖੇਡਦਾ ਧਰਤੀ ਤੇ ਡਿੱਗ ਪਵੇਂ। ਇਹ ਗੁਰੂਦੇਵ ਨੇ ਸਵਾਮੀ ਜੀ ਨੂੰ ਕਿਹਾ।

ਸੋ ਸਵਾਮੀ ਜੀ ਨੇ ਟੈਨਿਸ ਖੇਡਣਾ ਸ਼ੁਰੂ ਕਰ ਦਿਤਾ ਇਸ ਨਾਲ ਸਾਰੀ ਸੰਸਥਾ ਦਾ ਵਾਤਾਵਰਣ ਹੀ ਬਦਲ ਗਿਆ, ਜਿਵੇਂ ਹੀ ਸ਼ਿਸ਼ਾਂ ਨੂੰ ਜਗਿਆਸੂਆਂ ਨੂੰ ਪਤਾ ਲਗਣਾ ਕਿ ਸਵਾਮੀ ਜੀ ਖੇਡਣ ਲਈ ਮੈਦਾਨ ਵਿਚ ਆ ਗਏ ਹਨ, ਸਾਰੇ ਦੇ ਸਾਰੇ ਨਿਕਲ ਕੇ ਬਾਹਰ ਆ ਜਾਂਦੇ ਸੀ ਤੇ ਚਾਰੋਂ ਪਾਸੇ ਖੜ੍ਹੇ ਹੋ ਜਾਂਦੇ ਸੀ। ਖੂਬ ਤਾੜੀਆਂ ਵਜਦੀਆਂ, ਰੌਲਾ ਪੈਂਦਾ, ਬਾਹਰੋਂ ਲੋਕੀ ਬੁਲਾਏ ਜਾਂਦੇ, ਉਹ ਆ ਕੇ ਸਵਾਮੀ ਜੀ ਨਾਲ ਖੇਡਦੇ। ਸਵਾਮੀ ਜੀ ਲਈ ਚੰਗੇ ਤੋਂ ਚੰਗਾ ਰੈਕਟ ਸ਼ਰਧਾਲੂ ਲੈ ਕੇ ਆਉਂਦੇ। ਜਿਹੜੇ ਟੈਨਿਸ ਜਾਣਦੇ ਸੀ ਉਨ੍ਹਾਂ ਦੀ ਪੁਛ ਜ਼ਰਾ ਵਧੇਰੇ ਹੋਣ ਲਗ ਪਈ। ਅੱਧੇ ਤੋਂ ਵੱਧ ਸੰਸਥਾ ਦੇ ਲੋਕੀ ਟੈਨਿਸ ਖੇਡਣ ਲਗ ਪਏ, ਉਹ ਇਹ ਆਸ ਰਖਦੇ ਸੀ ਕਿ ਇਕ ਦਿਨ ਸਵਾਮੀ ਜੀ ਉਨ੍ਹਾਂ ਨਾਲ ਖੇਡਣਗੇ।

ਮੈਨੂੰ ਚਿੰਤਾ ਹੈ ਕਿ ਗੁਰੂਦੇਵ ਮੈਨੂੰ ਕਦੀ ਵੀ ਹਿਮਾਲੀਆ ਬੁਲਾ ਲੈਣਗੇ। ਸਵਾਮੀ ਜੀ ਕਹਿਣ ਲੱਗੇ, ਗੁਰੂਦੇਵ ਨੇ ਮੈਨੂੰ ਚੇਤਾਵਨੀ ਦਿਤੀ ਸੀ। ਸੰਸਥਾ ਨਾਲ ਮੋਹ ਨਾ ਪਾਈ, ਤੂੰ ਅੰਦਾਜ਼ਾ ਨਹੀਂ ਲਾ ਸਕਦਾ ਕਿ ਮੈਂ ਇਥੋਂ ਦੇ ਲੋਕਾਂ ਲਈ ਕੀ ਕਰ ਰਿਹਾ ਹਾਂ। ਜਦੋਂ ਮੈਂ ਚਲਾ ਜਾਵਾਂਗਾ ਤੁਹਾਨੂੰ ਪਤਾ ਲੱਗੇਗਾ।

ਜਦੋਂ ਮੈਂ ਸਵਾਮੀ ਜੀ ਦੇ ਛੋਟੇ ਜਿਹੇ ਘਰੋਂ ਉਸ ਦਿਨ ਆਉਣ ਲੱਗਾ ਸਵਾਮੀ ਜੀ ਨੇ ਮੈਨੂੰ ਘੁੱਟ ਕੇ ਜੱਫੀ ਪਾਈ ਤੇ ਜਦੋਂ ਆਪਣੇ ਘਰ ਜਾ ਰਿਹਾ ਸੀ, ਮੇਰੇ ਅੰਦਰ ਇਕ ਨਵੀਂ ਹੀ ਉਦਾਸੀ ਘਰ ਕਰ ਰਹੀ ਸੀ।

ਹੁਣ ਸਵਾਮੀ ਜੀ ਪੂਰਬ ਵਿਚ ਵਧ ਦੇਰ ਰਹਿਣ ਲਗ ਪਏ, ਅਮਰੀਕਾ ਵਿਚ ਉਹ ਘੱਟ ਤੋਂ ਘੱਟ ਸਮਾਂ ਰਹਿਣ ਲਗ ਪਏ। ਜਦੋਂ ਵੀ ਸਵਾਮੀ ਜੀ ਅਮਰੀਕਾ ਇਥੇ ਹੁੰਦੇ ਥਰੀਸਾ ਤੇ ਮੈਂ ਸਵਾਮੀ ਜੀ ਕੋਲ ਰੋਜ਼ ਸ਼ਾਮ ਨੂੰ ਜਾਂਦੇ ਜਾਂ ਤਾਂ ਉਨ੍ਹਾਂ ਦੇ ਘਰ ਜਾਂਦੇ ਜਾ ਫੇਰ ਦਫਤਰ ਦੇ ਕਮਰੇ ਵਿਚ ਜਾਂਦੇ। ਮੈਨੂੰ ਉਨ੍ਹਾਂ ਨੂੰ ਦੇਖ ਕੇ ਚੰਗਾ ਨਹੀਂ ਸੀ ਲਗਦਾ, ਉਹ ਉਸ ਤਰ੍ਹਾਂ ਠੀਕ ਨਹੀਂ ਸੀ ਲਗਦਾ, ਉਹ ਉਸ ਤਰ੍ਹਾਂ ਠੀਕ ਨਹੀਂ ਸੀ ਹੋ ਰਹੇ ਜਿਸ ਤਰ੍ਹਾਂ ਮੈਂ ਆਸ ਰਖਦਾ ਸੀ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਸਵਾਮੀ ਜੀ ਦਾ ਸ਼ਕਤੀ ਦਾ ਪੱਧਰ ਉਚਾ ਨੀਵਾਂ ਹੁੰਦਾ ਰਿਹਾ, ਕਦੀ ਕਦੀ ਉਨ੍ਹਾਂ ਦੇ ਸਰੀਰ ਤੋਂ ਬਿਲਕੁਲ ਵੀ ਪਤਾ ਨਾ ਲਗਦਾ ਕਿ ਉਹ ਐਨੇ ਬਿਮਾਰ ਰਹਿ ਚੁਕੇ ਹਨ, ਉਨ੍ਹਾਂ ਦੇ ਅੰਦਰੋਂ ਬਾਲਟੀਆਂ ਭਰ ਕੇ ਖੂਨ ਨਿਕਲ ਚੁੱਕਾ ਹੈ, ਕਦੀ ਕਦੀ ਉਨ੍ਹਾਂ ਦਾ ਰੰਗ ਪੀਲਾ ਲਗਦਾ ਬਿਲਕੁਲ ਹਲਦੀ ਵਰਗਾ ਤੇ ਉਹ ਬਹੁਤ ਹੀ ਕਮਜ਼ੋਰ, ਦੁਰਬਲ ਲਗਦੇ। ਮੈਨੂੰ ਐਨੀ ਹੈਰਾਨੀ ਹੋਈ ਤੇ ਨਾਲ ਹੀ ਦੁਖ ਹੋਇਆ ਜਦੋਂ ਮੈਨੂੰ ਸਵਾਮੀ ਜੀ ਨੇ ਦੱਸਿਆ ਕਿ ਕਈ ਸੰਸਥਾ ਦੇ ਸੱਜਣਾਂ ਨੇ ਆ ਕੇ ਸਵਾਮੀ ਜੀ ਨੂੰ ਕਿਹਾ ਕਿ ਚੰਗਾ ਹੋਵੇਗਾ ਜੇ ਉਹ ਬਿਮਾਰੀ ਦੇ ਦਿਨਾਂ ਵਿਚ ਸੰਸਥਾ ਤੋਂ ਬਾਹਰ ਹੀ ਰਹਿ ਜਾਣ।

ਉਸ ਸਮੇਂ ਤੋਂ ਜਦੋਂ ਇਹ ਗੱਲ ਹੋਈ, ਮੈਨੂੰ ਲੱਗਾ ਸਾਡੇ ਜੀਵਨ ਦਾ ਇਥੇ ਕੋਈ ਅਰਥ ਨਹੀਂ, ਅਸੀਂ ਤਾਂ ਬਿਲਕੁਲ ਫਾਲਤੂ ਹਾਂ ਐਵੇਂ ਹਾਂ। ਅਸੀਂ ਇਹ ਫੈਸਲਾ ਕੀਤਾ ਕਿ ਅਸੀਂ ਬਿਲਕੁਲ ਨਿਰਪੱਖ ਹੋ ਕੇ ਰਹਾਂਗੇ। ਜੇ ਸਵਾਮੀ ਜੀ ਕੋਈ ਡਿਊਟੀ ਦੇਣਗੇ, ਅਸੀਂ ਕਰਾਂਗੇ, ਨਹੀਂ ਤੇ ਅਸੀਂ ਕੁਛ ਨਹੀਂ ਕਹਾਂਗੇ। ਇਸ ਤਰ੍ਹਾਂ ਹੋਇਆ ਕਿ ਸਾਰੇ ਦੇਸ਼ ਵਿਚ ਮੇਰੇ ਲੈਕਚਰਾਂ ਦੀ ਬਹੁਤ ਮੰਗ ਹੋ ਗਈ। ਮੈਂ ਵਧੇਰੇ ਬਾਹਰ ਜਾਣ ਲਗ ਪਿਆ ਤੇ ਮੇਰਾ ਸਮਾਂ ਬਾਹਰ ਲਗ ਜਾਂਦਾ। ਮੈਂ ਸੰਸਥਾ ਤੋਂ ਦੂਰ ਹੋ ਗਿਆ ਪਰ ਮੈਂ ਰੋਜ਼ ਸ਼ਾਮ ਨੂੰ ਟੈਲੀਫੋਨ ਕਰਕੇ ਸਭ ਕੁਝ ਠੀਕ ਠਾਕ ਹੈ, ਪੁਛ ਲੈਂਦਾ ਸੀ।

ਇਕ ਦਿਨ ਮੈਂ ਟੈਕਸਾਜ਼ ਤੋਂ ਵਾਪਸ ਆਇਆ ਹੀ ਸੀ, ਮੈਂ ਛੋਟੀ ਜਿਹੀ ਦੌੜ ਲਗਾਈ ਤੇ ਮੈਂ ਸੁਣਿਆ ਕਿ ਸਵਾਮੀ ਜੀ ਜ਼ੋਰ ਦੀ ਮੈਨੂੰ ਬੁਲਾ ਰਹੇ ਹਨ, ਕਹਿ ਰਹੇ ਹਨ ਕਿ ਆ ਕੇ ਖੇਡ, ਤੂੰ ਮੇਰੇ ਨਾਲ ਖੇਡੇਂਗਾ ਨਹੀਂ?

ਮੈਨੂੰ ਬੜਾ ਅਜੀਬ ਲੱਗਾ ਕਿ ਸਵਾਮੀ ਜੀ ਮੈਨੂੰ ਬੁਲਾ ਰਹੇ ਹਨ, ਉਨ੍ਹਾਂ ਦੇ ਸਾਮ੍ਹਣੇ ਪਹਿਲਾਂ ਹੀ ਦੋ ਖਿਡਾਰੀ ਖੇਡ ਰਹੇ ਸੀ ਤੇ ਤਿੰਨ ਖੜ੍ਹੇ ਉਡੀਕ ਰਹੇ ਸੀ, ਪਰ ਫੇਰ ਵੀ ਮੈਂ ਦੌੜ ਕੇ ਕਮਰੇ ਵਿਚ ਗਿਆ, ਆਪਣਾ ਰੈਕਟ ਲੈ ਕੇ ਆਇਆ। ਸਵਾਮੀ ਜੀ ਨੇ ਮੈਨੂੰ ਇਸ਼ਾਰਾ ਕੀਤਾ ਮੈਂ ਉਨ੍ਹਾਂ ਵਲ ਆ ਜਾਵਾਂ। ਕਿੰਨੀ ਦੇਰ ਮੈਂ ਉਡੀਕਦਾ ਰਿਹਾ ਕਿ ਹੁਣ ਮੈਨੂੰ ਗੇਂਦ ਮਿਲਦੀ ਹੈ, ਹੁਣ ਮਿਲਦੀ ਹੈ, ਮੈਂ ਕੁਝ ਕਾਹਲਾ ਪੈ ਗਿਆ। ਮੈਂ ਸੋਚਣ ਲੱਗਾ, ਕੀ ਫਾਇਦਾ ਹੈ ਜੇ ਮੈਂ ਦੱਸ ਸ਼ਾਟਾਂ ਵਿਚ ਇਕ ਹੀ ਮਾਰਨਾ ਹੈ? ਇਹ ਕੀ ਅਭਿਆਸ ਹੋਇਆ?

ਬਿਲਕੁਲ ਏਸੇ ਸਮੇਂ ਹੀ ਸੁਆਮੀ ਜੀ ਨੇ ਮੇਰੇ ਵਲ ਮੂੰਹ ਕੀਤਾ ਤੇ ਉਚੀ ਆਵਾਜ਼ ਵਿਚ ਕਹਿਣ ਲੱਗੇ, ਗੁਰੂ ਦਾ ਸਤਿਕਾਰ ਕਰਨਾ ਸਿੱਖੋ, ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਇਹ ਗੱਲ ਸਿੱਖਣ ਵਾਲੀ ਹੈ। ਮੇਰੇ ਵਿਚਾਰਾਂ ਦਾ ਉਤਰ ਦਿੰਦੇ, ਸਵਾਮੀ ਜੀ ਕਹਿਣ ਲੱਗੇ ਮੇਰੇ ਨਾਲ ਕਦੀ ਵੀ ਮੁਕਾਬਲਾ ਨਾ ਕਰੋ, ਕਦੀ ਭੁੱਲ ਕੇ ਵੀ ਨਹੀਂ।

ਮੈਂ ਅਜੇ ਇਨ੍ਹਾਂ ਸ਼ਬਦਾਂ ਤੇ ਵਿਚਾਰ ਕਰ ਹੀ ਰਿਹਾ ਸੀ ਸਵਾਮੀ ਜੀ ਨੇ ਖੇਡਣਾ ਬੰਦ ਕਰ ਦਿਤਾ ਤੇ ਸਾਮ੍ਹਣੇ ਵਾਲੇ ਨੂੰ ਕਿਹਾ ਕਿ ਗੇਂਦ ਮੇਰੇ ਵਲ ਸੁਟੇ। ਇਸ ਪਿਛੋਂ ਸਵਾਮੀ ਜੀ ਹੌਲੀ ਹੌਲੀ ਸਾਰੇ ਕੋਰਟ ਵਿਚ ਗਏ ਤੇ ਜਿੰਨੀਆਂ ਗੇਂਦਾਂ ਖਿਲਰੀਆਂ ਪਈਆਂ ਸੀ ਸਾਰੀਆਂ

ਚੁੱਕੀਆਂ ਤੇ ਮੇਰੇ ਕੋਲ ਲੈ ਆਏ। ਮੈਂ ਸਵਾਮੀ ਜੀ ਨੂੰ ਇਸ ਤਰ੍ਹਾਂ ਕਿਸੇ ਲਈ ਨਹੀਂ ਕਰਦਿਆਂ ਦੇਖਿਆ, ਮੈਂ ਬਹੁਤ ਹੀ ਸ਼ਰਮਿੰਦਾ ਹੋਇਆ। ਆਪਣੇ ਆਪ ਵਿਚ ਕੱਚਾ ਪੈ ਗਿਆ, ਮੈਨੂੰ ਆਪਣੇ ਅਹੰਕਾਰ ਤੇ ਬਹੁਤ ਸ਼ਰਮ ਆਈ ਤੇ ਮੈਂ ਇਹ ਮਹਿਸੂਸ ਕੀਤਾ ਕਿ ਜਦੋਂ ਤਕ ਗੁਰੂ ਦੇ ਅੱਗੇ ਪੂਰੀ ਤਰ੍ਹਾਂ ਸਮਰਪਣ ਨਾ ਕੀਤਾ ਜਾਏ ਉਦੋਂ ਤਕ ਸਿਖਿਆ ਨਹੀਂ ਜਾ ਸਕਦਾ ਕਿਉਂਕਿ ਅਸੀਂ ਕਿਤੇ ਨਾ ਕਿਤੇ ਮੈਂ ਤੇ ਮੇਰੀ ਬਚਾ ਕੇ ਰਖ ਛੱਡਦੇ ਹਾਂ।

ਉਨ੍ਹਾਂ ਦਿਨਾਂ ਵਿਚ ਮੈਂ ਕਈ ਘੰਟੇ ਬਾਹਰ ਦੇ ਵਿਸ਼ਵਵਿਦਿਆਲਿਆ ਵਿਚ ਜਾਂਦਾ ਤੇ ਉਨ੍ਹਾਂ ਨੂੰ ਲੈਕਚਰ ਦਿੰਦਾ। ਦੋ ਵਿਸ਼ਵਵਿਦਿਆਲਿਆ ਤਾਂ ਪੂਰਬ ਤਟ ਤੇ ਸੀ ਬਾਕੀ ਮੈਂ ਕਈ ਗਿਰਜਿਆਂ ਵਿਚ ਵੀ ਬੁਲਾਇਆ ਗਿਆ। ਵਿਚ ਹੀ ਮੈਂ ਸਵਾਮੀ ਜੀ ਨਾਲ ਵੀ ਕੰਮ ਕਰਾਉਂਦਾ। ਜਿਹੜਾ ਵੀ ਕੋਈ ਸੰਸਥਾ ਤੋਂ ਬਾਹਰ ਦਾ ਥਾਂ ਸੀ ਮੈਂ ਉਸ ਨੂੰ ਸਜਾਉਣ ਵਿਚ ਪੂਰਾ ਯੋਗਦਾਨ ਪਾਉਂਦਾ। ਸਵਾਮੀ ਜੀ ਸਾਨੂੰ ਦਸਦੇ, ਇਥੋਂ ਥਾਂ ਪਟੋ, ਇਥੋਂ ਸਾਫ ਕਰੋ, ਇਥੇ ਦਰਖਤ ਲਗਾਓ, ਸਵਾਮੀ ਜੀ ਨੇ ਗੇਟ ਇਕ ਬਹੁਤ ਹੀ ਸੋਹਣੇ ਜਾਪਾਨੀ ਤਰੀਕੇ ਦਾ ਬਣਾਇਆ, ਕੰਮ ਕਰਕੇ ਅਸੀਂ ਘਰ ਆਉਂਦੇ ਨਹਾ ਧੋ ਕੇ ਟਿਲਕ (ਦੁਧ ਵਿਚ ਕੇਸਰ ਪਾ ਕੇ) ਪੀਂਦੇ ਤੇ ਸਵਾਮੀ ਜੀ ਨਾਲ ਦੇਰ ਤੱਕ ਗਲ ਬਾਤ ਚਲਦੀ।

ਇਨ੍ਹਾਂ ਦਿਨਾਂ ਵਿਚ ਜਿਥੇ ਵੀ ਸਵਾਮੀ ਜੀ ਗਏ ਅਸੀਂ ਨਾਲ ਹੀ ਗਏ, ਜਦੋਂ ਤਕ ਸਵਾਮੀ ਜੀ ਨੇ ਸਾਨੂੰ ਮਨਾਂ ਨਹੀਂ ਕੀਤਾ। ਇਕ ਵਾਰੀ ਅਸੀਂ ਰਮਨਾ ਮੂਰਤੀ ਮਿਸ਼ਰਾ ਦੇ ਅਨੰਦ ਆਸ਼ਰਮ ਨਿਊਯਾਰਕ ਗਏ। ਸਵਾਮੀ ਜੀ ਉਥੇ ਪ੍ਰਵਚਨ ਕਰਨ ਗਏ ਸੀ। ਸਵਾਮੀ ਜੀ ਨੇ ਅਨੁਸਾਸ਼ਨ ਦੇ ਬਾਰੇ ਦੱਸਿਆ ਕਿ ਕਿਵੇਂ ਆਤਮ ਮਾਰਗ ਤੇ ਚਲਣ ਲਈ ਅਨੁਸਾਸ਼ਨ ਅਤਿ ਆਵਸ਼ਕ ਹੈ। ਉਸ ਤੋਂ ਬਾਅਦ ਅਸੀਂ ਸਵਾਮੀ ਜੀ ਦੇ ਕਮਰੇ ਵਿਚ ਨਿਊਯਾਰਕ ਦੇ ਹੋਟਲ ਵਿਚ ਗਏ। ਕੁਝ ਭਾਰਤੀ ਲੋਕ ਜਿਨ੍ਹਾਂ ਨੇ ਪ੍ਰਵਚਨ ਸੁਣੇ ਸੀ ਉਹ ਵੀ ਨਾਲ ਸੀ ਉਹ ਸ਼ਾਮ ਬਹੁਤ ਹੀ ਸੋਹਾਵਣੀ ਸ਼ਾਮ ਸੀ ਸਵਾਮੀ ਜੀ ਸਾਰਿਆਂ ਨਾਲ ਮਖੌਲ ਕਰਦੇ ਰਹੇ।

'ਸਾਡਾ ਤਿੰਨਾਂ ਦਾ ਇਕ ਦੂਸਰੇ ਨਾਲ ਇਕ ਪੈਕਟ ਹੈ ਸਵਾਮੀ ਜੀ ਕਹਿਣ ਲੱਗੇ। ਜਦੋਂ ਮੈਨੂੰ ਕੋਈ ਚੀਜ਼ ਚਾਹੀਦੀ ਹੁੰਦੀ ਹੈ, ਥਰੀਸਾ ਤੇ ਜਸਟਿਨ ਕੋਲ ਹੁੰਦੀ ਹੈ, ਉਹ ਦੇ ਦਿੰਦੇ ਹਨ। ਜਦੋਂ ਉਨ੍ਹਾਂ ਨੂੰ ਕੁਝ ਚਾਹੀਦਾ ਹੁੰਦਾ, ਤੇ ਮੈਂ ਦੇ ਦਿੰਦਾ ਹਾਂ। ਜਦੋਂ ਸਾਡੇ ਕੋਲ ਕੁਝ ਨਹੀਂ ਹੁੰਦਾ ਅਸੀਂ ਪ੍ਰਭੂ ਦੇ ਗੁਣ ਗਾਣ ਕਰਦੇ ਹਾਂ।

ਬਾਹਰੋਂ ਆਇਆਂ ਨੂੰ ਇਹ ਸਭ ਕੁਝ ਚੰਗਾ ਲਗ ਰਿਹਾ ਸੀ। ਉਹ ਇਕ ਤਰ੍ਹਾਂ ਦਾ ਅਨੰਦ ਮਾਣ ਰਹੇ ਸੀ ਤੇ ਸਵਾਮੀ ਜੀ ਉਨ੍ਹਾਂ ਨੂੰ ਖੁਸ਼ ਕਰ ਰਹੇ ਸੀ।

ਥਰੀਸਾ ਤੁਹਾਡੇ ਲਈ ਕੁਝ ਵੀ ਕਰ ਦੇਵੇਗੀ ਪਰ ਹਾਂ ਜੇ ਤੁਸੀਂ ਉਸ ਨੂੰ ਨਹਾਉਣ ਵਾਲਾ ਟੱਬ ਵਰਤਣ ਦੀ ਆਗਿਆ ਦੇ ਦਿਓਗੇ ਤੇ ਜਸਟਿਨ ਤੁਹਾਡੇ ਲਈ ਕੁਛ ਵੀ ਕਰ ਦੇਵੇਗਾ ਕਿ ਤੁਸੀਂ ਉਸ ਨੂੰ ਚੰਗੀ ਰੋਟੀ ਖੁਆ ਦਿਓ। ਪਿਛਲੇ ਜਨਮ ਵਿਚ ਇਹ ਗਣੇਸ਼ ਸੀ।

ਸਾਰੇ ਜਿਹੜੇ ਬੈਠੇ ਸੀ ਉਹ ਬਹੁਤ ਹੀ ਖੁਸ਼ ਹੋਏ। ਗਣੇਸ਼ ਦੇ ਨਾਂ ਤੇ ਬਹੁਤ ਹਸੇ, ਮੈਂ ਹੌਲੀ ਜਿਹੀ ਕਿਹਾ ਕਿ ਜੇ ਕਿਤੇ ਮੇਰੇ ਕੋਲ ਗਣੇਸ਼ ਦੀਆਂ ਸ਼ਕਤੀਆਂ ਵੀ ਹੁੰਦੀਆਂ। ਜਦੋਂ ਮੈਂ ਗੁਰੂ ਜੀ ਨੂੰ ਦੇਖਿਆ, ਉਹ ਵੀ ਹਸ ਰਹੇ ਸੀ। ਮੈਂ ਕਿਹਾ, ਲੈ ਮੇਰੀ ਐਸੀ ਤੈਸੀ ਹੋ ਗਈ।

1982 ਵਿਚ ਸਵਾਮੀ ਜੀ ਦਾ ਇਕ ਖਾਸ ਉਦੇਸ਼ ਸੀ, ਉਹ ਸੀ ਐਨ ਨੂੰ ਮਰਨ ਲਈ ਤਿਆਰ ਕਰਨਾ, ਉਸ ਸਾਲ ਸਵਾਮੀ ਜੀ ਬਹੁਤ ਵਾਰ ਸ਼ਿਕਾਗੋ ਗਏ, ਐਨ ਨੂੰ ਬਹੁਤ ਪਿਆਰ ਕੀਤਾ, ਐਨ ਬਹੁਤ ਬੀਮਾਰ ਹੋ ਗਈ ਸੀ ਉਸ ਦੇ ਗੁਰਦੇ ਕੰਮ ਕਰਨੇ ਬੰਦ ਹੋ ਗਏ ਸੀ ਤੇ ਉਸ ਨੂੰ ਮਸ਼ੀਨ ਤੇ ਰੱਖਿਆ ਹੋਇਆ ਸੀ, ਸਵਾਮੀ ਜੀ ਨੇ ਜਾ ਕੇ ਉਸ ਨੂੰ ਦੱਸਿਆ ਕਿ ਮਸ਼ੀਨ ਤੇ ਰਹਿਣ ਦੀ ਕੋਈ ਲੋੜ ਨਹੀਂ। ਡਾਕਟਰ ਨੂੰ ਇਹ ਗੱਲ ਠੀਕ ਨਹੀਂ ਲੱਗੀ ਪਰ ਐਨ ਹੌਲੀ ਹੌਲੀ ਨਿਘਰਦੀ ਗਈ ਤੇ ਆਪਣੇ ਪਿਆਰੇ ਦੇ ਪਿਆਰ ਵਿਚ ਜੀਉਂਦੀ ਰਹੀ। ਫੇਰ ਸਵਾਮੀ ਜੀ ਭਾਰਤ ਆ ਗਏ, ਪਰ ਉਸ ਦੇ ਅੰਤ ਸਮੇਂ ਜਿਵੇਂ ਸਵਾਮੀ ਜੀ ਨੇ ਉਸ ਨੂੰ ਬਚਨ ਦਿਤਾ ਸੀ ਉਸ ਦੇ ਅੰਤ ਸਮੇਂ ਸਵਾਮੀ ਜੀ ਉਸ ਦੇ ਸਾਮ੍ਹਣੇ ਵਲ ਖੜ੍ਹੇ ਸੀ। ਉਸ ਨੂੰ ਉਨ੍ਹਾਂ ਨੇ ਪ੍ਰਤੱਖ ਦਰਸ਼ਨ ਦਿਤੇ ਤੇ ਉਸ ਨੂੰ ਪਾਰ ਲੰਘਾਇਆ, ਮੁਕਤੀ ਦਿਤੀ।

ਕੁਝ ਸਾਲਾਂ ਬਾਦ ਐਨ ਦੇ ਭਰਾ ਨੇ ਮੈਨੂੰ ਉਸ ਦੇ ਆਖਰੀ ਦਿਨਾਂ ਬਾਰੇ ਦੱਸਿਆ ਤੇ ਮੈਨੂੰ ਬੁਲਾਇਆ ਕਿ ਮੈਂ ਉਸ ਦੀਆਂ ਸਾਂਭੀਆਂ ਯਾਦਾਂ ਲੈ ਜਾਵਾਂ, ਉਨ੍ਹਾਂ ਨੇ ਬੰਦ ਕਰਕੇ ਰੱਖੀਆਂ ਹੋਈਆਂ ਸੀ। ਮੈਂ ਉਨ੍ਹਾਂ ਦੇ ਪੁਰਾਣੇ ਘਰ ਵਿਚ ਗਿਆ, ਫੋਟੋਆਂ ਦੇਖੀਆਂ, ਟੇਪਾਂ ਦੇਖੀਆਂ ਤੇ ਚਿੱਠੀਆਂ ਦੇਖੀਆਂ ਜਿਹੜੀਆਂ ਲਿਆਉਣ ਯੋਗ ਸੀ, ਮੈਂ ਲੈ ਆਇਆ ਤੇ ਅਲਵਿਦਾ ਕਹਿ ਆਇਆ। ਕਿਟੀ ਅਜੇ ਵੀ ਉਸੇ ਤਰ੍ਹਾਂ ਬੈਠੀ ਸੀ ਜਿਵੇਂ ਪਹਿਲੇ ਬੈਠਿਆ ਕਰਦੀ ਸੀ।

***'ਚਲਦਾ'***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

## ਹੁਕਮਨਾਮਾ

*ਸਲੋਕ*
*ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ॥*
*ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ॥੧॥*
*ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ॥*
*ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ॥੨॥*
*ਪਉੜੀ॥*
*ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ॥*
*ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ॥*
*ਨਿਰਮਲ ਭਏ ਸਰੀਰ ਜਨ ਧੂਰੀ ਨਾਇਆ॥*
*ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ॥*
*ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ॥ ਅੰਗ - 710*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਸਦਕੇ ਅੰਮ੍ਰਿਤ ਵੇਲਾ ਸੰਭਾਲਣਾ ਤੇ ਹਰੀ ਦਾ ਜਸ ਕਰਨਾ ਕਲਜੁਗ ਦੇ ਅੰਦਰ ਇਹ ਬਹੁਤ ਹੀ ਦੁਰਲੱਭ ਬਖਸ਼ਿਸ਼ ਹੈ ਜੋ ਗੁਰੂ ਮਹਾਰਾਜ ਜੀ ਨੇ ਅਪਾਰ ਕਿਰਪਾ ਕਰਕੇ ਆਪਣੇ ਪਿਆਰਿਆਂ ਦੀ ਕਲਿਆਣ ਵਾਸਤੇ ਬਖਸ਼ਿਸ਼ ਕੀਤੀ ਹੈ। ਸੰਗਤਾਂ ਦੇ ਮਨ ਵਿਚ ਚਾਓ ਹੈ, ਹਰ ਸਾਲ ਤੋਂ ਬਾਅਦ ਓਹੀ ਦਿਨ ਘੁੰਮ ਕੇ ਆ ਜਾਂਦਾ ਹੈ ਜਿਸ ਦਿਨ ਦਾ ਪ੍ਰਕਾਸ਼ ਪੁਰਬ ਗੁਰਸਿੱਖਾਂ ਦੇ ਮਨ ਵਿਚ ਚਾਓ ਪੈਦਾ ਕਰਦਾ ਹੈ, ਪ੍ਰਭਾਤ ਫੇਰੀਆਂ ਦੇ ਵਿਚ ਉਠ ਕੇ ਜਾਂਦੇ ਨੇ, ਕੀਰਤਨ ਕਰਦੇ ਨੇ, ਦਾਨ ਕਰਦੇ ਨੇ, ਲੰਗਰ ਚਲਾਉਂਦੇ ਨੇ, ਬਹੁਤ ਵਿਚਾਰਾਂ ਸੁਣਦੇ ਨੇ, ਕਿਸ ਵਾਸਤੇ? ਇਸ ਦਾ ਜੇ ਮਤਲਬ ਸਾਫ ਹੈ ਮਨ ਦੇ ਅੰਦਰ, ਫੇਰ ਬਹੁਤਾ ਫਲ ਹੋਇਆ ਕਰਦਾ ਹੈ। ਜੇ 'ਕਿਸ ਵਾਸਤੇ' ਦਾ ਜਵਾਬ ਅੰਦਰ ਨਹੀਂ ਹੈ ਤਾਂ ਇਹ ਕਰਮ ਵੀ ਇਕ ਰਸਮ ਬਣ ਜਾਇਆ ਕਰਦਾ ਹੈ।

ਸੋਝੀਵਾਨ ਕੌਮਾਂ, ਸੋਝੀਵਾਨ ਸੰਸਥਾਵਾਂ, ਚਾਹੇ ਉਹ ਵਪਾਰਕ ਅਦਾਰੇ ਹੋਣ, ਉਹ ਸਾਲ ਤੋਂ ਬਾਅਦ ਆਪਣਾ ਲੇਖਾ ਜੋਖਾ ਤਿਆਰ ਕਰਦੇ ਨੇ ਕਿ ਕਿੰਨਾ ਘਾਟਾ ਪਿਆ, ਕਿੰਨਾ ਵਾਧਾ ਪਿਆ। ਇਸੇ ਤਰ੍ਹਾਂ ਨਿਜੀ ਜੀਵਨ ਲੇਖੇ ਜੋਖੇ ਪਰਖਦਾ ਹੈ ਕਿ ਪਿਛਲੇ ਨਾਲੋਂ ਕੁਝ ਤਰੱਕੀ ਹੋਈ ਹੈ ਜਾਂ ਮੈਂ ਉਸੇ ਥਾਂ ਤੇ ਹਾਂ ਜਾਂ ਓਸ ਤੋਂ ਹੇਠਾਂ ਚਲਿਆ ਗਿਆ।

ਗੁਰੂ ਨਾਨਕ ਪਾਤਸ਼ਾਹ ਕਿਸੇ ਦੀ ਟੁੱਲ੍ਹ (ਅਟਕਲ-ਪੱਚੂ ਗੱਲਾਂ) ਦੇ ਵਿਚ ਵਿਸ਼ਵਾਸ ਨਹੀਂ ਕਰਦੇ। ਹਰ ਰਸਮ ਰਿਵਾਜ ਦੀ ਤਹਿ ਵਿਚ ਕੋਈ ਜੀਉਂਦੀ ਜਾਗਦੀ ਚੀਜ਼ ਹੈ ਹੁਲਾਰੇ ਦੇਣ ਵਾਲੀ, ਪ੍ਰੇਰਨਾ ਦੇਣ ਵਾਲੀ, ਜੇ ਤਾਂ ਉਸ ਦੀ ਸੰਭਾਲ ਕੀਤੀ ਜਾਂਦੀ ਹੈ, ਓਸ ਦੀ ਸੋਝੀ ਹੈ ਫੇਰ ਤਾਂ ਉਹ ਪ੍ਰਵਾਨ ਹੁੰਦੀ ਹੈ ਨਹੀਂ ਤਾਂ ਉਹ ਰੱਦ ਕਰ ਦਿੰਦੇ ਨੇ।

ਪੰਡਤ ਆਉਂਦਾ ਹੈ, ਜਨੇਊ ਪਾਉਣ ਲਗਦਾ ਹੈ। ਬੜਾ ਭਾਰਾ ਇਕੱਠ ਹੋ ਗਿਆ। ਕਿਸ਼ੋਰ ਅਵਸਥਾ ਹੈ ਗੁਰੂ ਨਾਨਕ ਪਾਤਸ਼ਾਹ ਦੀ। ਕੋਈ ਸੋਚ ਵੀ ਨਹੀਂ ਸਕਦਾ ਕਿ 9 ਸਾਲ ਦਾ ਬਾਲਕ ਇਹੋ ਜਿਹੇ ਸਵਾਲ ਕਰ ਦੇਵੇਗਾ ਜਿਸ ਦਾ ਜਵਾਬ ਕਿਸੇ ਕੋਲ ਵੀ ਨਹੀਂ ਹੋਏਗਾ। ਰਸਮ ਕੀਤੀ ਜਾਂਦੀ ਹੈ। ਬੇਅੰਤ ਭਾਈਚਾਰਾ ਤੇ ਜਾਨਣ ਪਛਾਨਣ ਵਾਲਿਆਂ ਦਾ ਇਕੱਠ ਤੇ ਰਿਸ਼ਤੇਦਾਰ ਸਾਰੇ ਬੁਲਾ ਲਏ ਜਾਂਦੇ ਨੇ। ਪੰਡਤ ਜਨੇਊ ਤਿਆਰ ਕਰਕੇ ਪਾਉਣ ਲਗਦਾ ਹੈ ਤਾਂ ਗੁਰੂ ਨਾਨਕ ਪਾਤਸ਼ਾਹ ਰੋਕ ਦਿੰਦੇ ਨੇ।

ਕਹਿਣ ਲੱਗੇ, "ਇਹ ਧਾਗਾ ਮੇਰੇ ਗਲ ਵਿਚ ਕਿਉਂ ਪਾਉਂਦੇ ਹੋ? ਇਸ ਦੀ ਕੀ ਮਹੱਤਤਾ ਹੈ? ਜੇ ਮੈਂ ਨਹੀਂ ਪਾਉਂਦਾ ਤਾਂ ਇਸ ਦੇ ਨਾਲ ਕੀ ਵਿਗੜਦਾ ਹੈ?"

ਪੰਡਤ ਦੇ ਕੋਲ ਕੋਈ ਜਵਾਬ ਨਹੀਂ ਹੈ। ਰਸਮ ਦਾ ਜਵਾਬ ਹੈ ਕਿ ਇਹ ਰਸਮ ਹੈ ਰਿਵਾਜ ਹੈ। ਇਹ ਪਾਇਆ ਜਾਵੇ ਤਾਂ, ਜਿਸ ਤਰ੍ਹਾਂ ਅਸੀਂ ਗੁਰੂ ਧਾਰਨ ਕਰ ਲੈਂਦੇ ਹਾਂ, ਗੁਰਸਿਖ ਕਹਾਉਣ ਲੱਗ ਜਾਂਦੇ ਹਾਂ। ਇਸ ਤਰ੍ਹਾਂ ਇਹ ਇਕ ਨਵਾਂ ਜਨਮ ਹੁੰਦਾ ਹੈ ਜਦੋਂ ਯਗੋਪਵੀਤ ਵਿਧੀਪੂਰਵਕ ਪੰਡਤ ਗੱਲ ਵਿਚ ਪਾ ਦਿੰਦਾ ਹੈ ਤੇ ਫੇਰ ਉਹ ਗੁਰੂ ਬਣ ਜਾਇਆ ਕਰਦਾ ਹੈ ਕੁਲ ਦਾ ਕਿਉਂਕਿ ਉਸ ਦੇ ਨਾਲ ਉਹ ਇਕ ਮੰਤਰ ਵੀ ਦਿਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, "ਇਸ ਧਾਗੇ ਨੇ ਤਾਂ ਮੇਰਾ ਕੁਝ ਬਦਲਣਾ ਨਹੀਂ ਹੈ। ਇਸ ਦੇ ਵਿੱਚ ਕੋਈ ਐਸੀ ਗੁਪਤ ਸ਼ਕਤੀ ਨਹੀਂ ਹੈ ਜਿਹੜੀ ਮੇਰੇ ਉਤੇ ਕੋਈ ਅਸਰ ਕਰ ਜਾਵੇ। ਇਹ ਕਪਾਹ ਤੁਸੀਂ ਮੇਰੇ ਸਾਹਮਣੇ ਹੀ ਲਈ ਹੈ ਤੇ ਇਥੇ ਹੀ ਤੁਸੀਂ ਇਸ ਨੂੰ ਵਟ ਦਿੱਤਾ ਹੈ, ਗੰਢਾਂ ਦਿੱਤੀਆਂ ਨੇ। ਇਸ ਦੇ ਨਾਲ ਦੀ ਕਪਾਹ ਹੋਰ ਪਈ ਹੈ ਤੇ ਇਸ ਦੇ ਵਿੱਚ ਕੀ ਵਿਸ਼ੇਸ਼ਤਾ ਹੈ ਕਿ ਜਦੋਂ ਮੈਂ ਸੰਸਾਰ ਤੋਂ ਜਾਵਾਂਗਾ ਮੇਰੇ ਨਾਲ ਜਾਏਗਾ?

ਕੋਈ ਜਵਾਬ ਨਹੀਂ ਆਉਂਦਾ। ਉਸ ਵੇਲੇ ਆਪ ਤੋਂ ਪੁਛਿਆ ਗਿਆ ਕਿ ਇਸ ਤੋਂ ਆਪ ਦਾ ਕੀ ਮਤਲਬ ਹੈ?

ਮਹਾਰਾਜ ਕਹਿੰਦੇ, "ਜੇ ਇਸ ਦੇ ਪਿੱਛੇ ਕੋਈ ਚੀਜ਼ ਨਹੀਂ, ਚਿੰਨ੍ਹ ਨਹੀਂ ਹੈ ਤਾਂ ਇਸ ਦੇ ਪਾਉਣ ਦਾ ਕੋਈ ਲਾਭ ਨਹੀਂ ਹੈ। ਕਪਾਹ ਦੀ ਥਾਂ ਤੇ ਦਇਆ ਦਾ ਗੁਣ ਧਾਰਨ ਕਰ ਲਿਆ ਜਾਵੇ, ਸੰਤੋਖ ਦਾ ਸੂਤ ਬਣਾ ਲਿਆ ਜਾਵੇ, ਸਤ ਦਾ ਜੀਵਨ, ਸੁੱਚਾ ਜੀਵਨ ਜੇ ਅਪਣਾ ਲਿਆ ਜਾਵੇ, ਸਤ ਦਾ ਜੀਵਨ ਹੋਵੇ, ਜਤ ਧਾਰਨ ਕੀਤਾ ਹੋਵੇ, ਇਹ ਤਾਂ ਜੀਵ ਦੇ ਨਾਲ ਨਿਭ ਸਕਦਾ ਹੈ। ਧਾਗਾ ਤਾਂ ਇਥੇ ਹੀ ਟੁੱਟ ਜਾਣਾ ਹੈ, ਮੈਲਾ ਹੋ ਜਾਣਾ ਹੈ। ਫੇਰ ਹੋਰ ਮੈਂ ਆਪੇ ਹੀ ਪਾ ਲੈਣਾ ਹੈ ਜਾਂ ਤੇਰੇ ਘਰੋਂ ਲਿਆ ਕੇ ਪਾ ਲੈਣਾ ਹੈ। ਇਹ ਨਹੀਂ ਕੰਮ ਸਾਰਦਾ। ਇਸ ਲਈ ਜੇ ਤੇਰੇ ਕੋਲ ਕੋਈ ਐਸੀ ਚੀਜ਼ ਹੈ ਜਿਹੜੀ ਜੀਵ ਦੇ ਨਾਲ ਨਿਭ ਜਾਵੇ ਉਹ ਪਾ ਦੇਹ।"

ਜੇ ਦਇਆ ਆਦਮੀ ਦੇ ਅੰਦਰ ਨਹੀਂ ਪੈਦਾ ਹੋਈ ਤਾਂ ਉਸ ਦੇ ਅੰਦਰ ਧਰਮ ਨਹੀਂ ਆਇਆ ਕਰਦਾ ਕਦੇ ਵੀ। ਜੀਵਾਂ ਨੂੰ ਮਾਰ ਕੇ ਖਾਣਾ, ਦੂਸਰੇ ਦੇ ਉੱਤੇ ਧੱਕਾ ਕਰਨਾ, ਦੂਸਰੇ ਨੂੰ ਨੀਚਾ ਦਿਖਾਉਣਾ ਤੇ ਦਇਆ ਦਾ ਜਜ਼ਬਾ ਪੈਦਾ ਨਾ ਹੋਣਾ। ਮਹਾਰਾਜ ਕਹਿੰਦੇ ਦਇਆ ਤੋਂ ਬਗੈਰ ਤਾਂ ਆਦਮੀ ਧਰਮ ਵਿਚ ਆਇਆ ਹੀ ਨਹੀਂ ਹੈ ਕਿਉਂਕਿ ਧਰਮ ਪੈਦਾ ਹੀ ਦਇਆ ਤੋਂ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਮਾਂ ਨਹੀਂ ਵਸੀ ਉਥੇ ਪੁੱਤਰ ਨੇ ਕੀ ਵਾਸਾ ਕਰਨਾ ਹੈ। ਜੋ ਧਰਮ ਹੈ ਇਹ ਇਕ ਸਰਵ ਵਿਆਪਕ ਆਚਰਨ ਹੋਇਆ ਕਰਦਾ ਹੈ। ਉਸ ਦੇ ਵਿਚ ਇਹ ਗੁਣ ਹੋਇਆ ਕਰਦੇ ਨੇ ਜਿਹੜੇ ਸੁਖ ਹੀ ਸੁਖ ਦਿੰਦੇ ਨੇ। ਖਿਮਾ ਹੈ, ਧੀਰਜ ਹੈ, ਸੰਤੋਖ ਹੈ, ਸਤ ਹੈ, ਮਿੱਠੇ ਬਚਨ ਨੇ ਤੇ ਆਚਰਨ ਹੈ, ਸੌਚ ਹੈ-ਪਵਿੱਤਰਤਾ ਹੈ ਸਭ ਚੀਜ਼ ਦੀ - ਸਰੀਰ ਦੀ ਪਵਿੱਤਰਤਾ, ਮਨ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ ਇਹ ਸਾਰੀਆਂ ਪਵਿੱਤਰਤਾਵਾਂ ਜੇ ਪੈਦਾ ਨਹੀਂ ਹੁੰਦੀਆਂ ਤਾਂ ਆਦਮੀ ਦਾ ਜੀਵਨ ਕੁਝ ਵੀ ਨਹੀਂ ਹੈ। ਇਹ ਸਾਰੀਆਂ ਚੀਜ਼ਾਂ ਮਿੱਠਾ ਬੋਲਣਾ, ਦਾਨ ਕਰਨਾ, ਸੇਵਾ ਕਰਨੀ ਆਦਿ ਧਰਮ ਵਿਚੋਂ ਪੈਦਾ ਹੁੰਦੀਆਂ ਹਨ। ਜੇ ਮਾਂ (ਦਇਆ) ਹੀ ਨਹੀਂ ਆਈ ਤਾਂ ਧਰਮ ਕਿਥੋਂ ਪੈਦਾ ਹੋ ਜਾਏਗਾ। ਸੋ ਮਹਾਰਾਜ ਕਹਿੰਦੇ -

***ਧੌਲੁ ਧਰਮੁ ਦਇਆ ਕਾ ਪੂਤੁ॥*** *ਅੰਗ - 3*

ਕਹਿਣ ਲੱਗੇ, "ਪੰਡਤ ਜੀ! ਜੇ ਦਇਆ ਦੀ ਤੇਰੇ ਕੋਲ ਕਪਾਹ ਹੈ ਤਾਂ ਧਰਮ ਨੇ ਪੈਦਾ ਹੋਣਾ ਹੈ। ਜੇ ਦਇਆ ਨਹੀਂ ਹੈ ਤਾਂ ਧਰਮ ਪੈਦਾ ਨਹੀਂ ਹੋਣਾ ਤੇ ਸੰਤੋਖ ਜਿੰਨੀ ਦੇਰ ਤੱਕ ਨਹੀਂ ਆਇਆ........।"

ਕਿੰਨੀ ਕਿਸਮ ਦਾ ਸੰਤੋਖ ਹੈ?

ਕਮਾਈ ਕਰਦਾ ਹੈ ਆਦਮੀ, ਦਫਤਰ ਵਿਚ ਕੰਮ ਕਰਦਾ ਹੈ, ਹੋਰ ਥਾਂ ਤੇ ਕਰਦਾ ਹੈ, ਜੇ ਇਮਾਨਦਾਰੀ ਉਸ ਦੇ ਵਿੱਚ ਨਹੀਂ ਆਈ ਤਾਂ ਉਸ ਦਾ ਜਨੇਊ ਪਾਇਆ ਹੋਇਆ ਜਾਂ ਧਰਮ ਦੇ ਹੋਰ ਚਿੰਨ੍ਹ ਪਹਿਨੇ ਹੋਏ ਕੀ ਮਹੱਤਵ ਰਖਦੇ ਨੇ ਜੇ ਉਸ ਦੇ ਅੰਦਰ ਸੰਤੋਖ ਦੀ ਭਾਵਨਾ ਨਹੀਂ ਆਈ। ਉਸ ਦਾ ਮਨ ਭਟਕ ਰਿਹਾ ਹੈ। ਮਨ ਵਿੱਚ ਸੰਤੋਖ ਨਹੀਂ ਉਸ ਦੇ, ਬੁੱਧੀ ਵਿਚ ਸੰਤੋਖ ਨਹੀਂ, ਜੇ ਬਚਨ ਵਿੱਚ ਸੰਤੋਖ ਨਹੀਂ ਹੈ ਤਾਂ ਉਸ ਦਾ ਜੀਵਨ ਬਿਲਕੁਲ ਨਕਾਰਾ ਹੈ ਕਿਸੇ ਕੰਮ ਦਾ ਨਹੀਂ ਹੈ। ਜਤ ਹੈ ਸਾਰੀਆਂ ਇੰਦ੍ਰੀਆਂ ਦਾ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*** *ਅੰਗ - 274*

***ਕਰਨ ਨ ਸੁਨੈ ਕਾਹੂ ਕੀ ਨਿੰਦਾ॥*** *ਅੰਗ - 274*

ਹੱਥਾਂ ਨਾਲ ਸੇਵਾ ਕਰਨੀ, ਪੈਰਾਂ ਨਾਲ ਚੱਲ ਕੇ ਜਿਸ ਥਾਂ ਤੇ ਸਤਿਸੰਗ ਹੁੰਦਾ ਹੈ ਰੱਬ ਦੇ ਪਿਆਰੇ ਇਕੱਠੇ ਹੋ ਕੇ ਹਰੀ ਦਾ ਜਸ ਕਰਦੇ ਨੇ ਉਸ ਥਾਂ ਪਹੁੰਚਣਾ, ਜੀਵਨ ਤੇ ਪਹਿਰਾ ਦੇਣਾ, ਬਚਨ ਦਾ ਪੱਕਾ ਹੋਣਾ ਆਦਿ> ਜੇ ਜਤ ਹੀ ਨਹੀਂ ਧਾਰਨ ਕਰਿਆ ਇੰਦ੍ਰੀਆਂ ਦਾ ਤਾਂ ਜੀਵਨ ਦਾ ਕੀ ਮਹੱਤਵ ਤੇ ਸਤਿ ਦਾ ਜੋ ਜੀਵਨ ਹੈ 'ਸਤਿਵਾਦੀ' ਹੋਣਾ, ਕਦੇ ਵੀ ਭੁੱਲ ਕੇ ਵੀ ਕਿਸੇ ਤਰੀਕੇ ਨਾਲ ਝੂਠ ਦੀ ਬਾਤ ਮਨ ਵਿਚੋਂ ਨਾ ਕਹਿਣੀ।

ਪਹਿਲੇ ਸਮਿਆਂ ਵਿਚ ਇਹ ਬਾਤਾਂ ਚਲਦੀਆਂ ਸੀ ਦੁਆਪਰ ਯੁੱਗ ਤੱਕ। ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਦੇ ਜੀਵਨ ਵਿੱਚ ਇਕ ਇਹੋ ਜਿਹਾ ਵਾਕਿਆ ਆਉਂਦਾ ਹੈ ਕਿ ਆਪ 'ਸਤਿਵਾਦੀ' ਸਨ। ਇਕ ਵਾਰੀ ਆਪ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੇ ਪਿੱਛੇ ਤੁਰੇ ਜਾਂਦੇ ਸੀ ਪਰ ਐਸਾ ਹੋਇਆ ਕਿ ਆਪ ਬਰਾਬਰ ਆ ਗਏ, ਦੋ ਚਾਰ ਕਦਮ ਬਰਾਬਰ ਪੁੱਟ ਲਏ ਤੇ ਆਪ ਦੀ ਬਾਂਹ ਗੁਰੂ ਮਹਾਰਾਜ ਜੀ ਤੋਂ ਅੱਗੇ ਲੰਘ ਗਈ। ਉਸ ਵੇਲੇ ਆਪ ਜੀ ਦੇ ਮਨ ਵਿਚ ਆਇਆ ਕਿ ਮੇਰੀ ਬਾਂਹ ਗੁਰੂ ਮਹਾਰਾਜ ਜੀ ਤੋਂ ਅੱਗੇ ਲੰਘ ਗਈ ਹੈ ਤੇ ਅੱਜ ਤੋਂ ਬਾਅਦ ਮੈਂ ਇਸ ਬਾਂਹ ਤੋਂ ਕੰਮ ਨਹੀਂ ਲੈਣਾ। ਬਾਕੀ ਦੀ ਜ਼ਿੰਦਗੀ ਉਨ੍ਹਾਂ ਨੇ ਉਸ ਬਾਂਹ ਨੂੰ ਛਾਤੀ ਨਾਲ ਲਾ ਕੇ ਰੱਖਿਆ। ਸੋ ਇਹ ਸਤਿਵਾਦੀ' ਜੀਵਨ ਕਹਾਉਂਦਾ ਹੈ। 'ਸਤਿ' ਦੇ ਉਤੇ ਅਧਾਰਤ, ਸਾਰਾ ਸੰਸਾਰ ਜਾਣ ਜਾਂਦਾ ਹੈ ਕਿ ਇਹ 'ਸਤਿਵਾਦੀ' ਹੈ। ਇਸ ਨੇ ਜੋ ਬਚਨ ਕਹਿਣਾ ਹੈ ਫੇਰ ਕਦੇ ਗਲਤ ਹੋਣਾ ਹੀ ਨਹੀਂ ਬਚਨ, ਬਿਲਕੁਲ ਸਹੀ ਹੋਏਗਾ ਕਿਉਂਕਿ ਪ੍ਰਮੇਸ਼ਰ ਸਤਿ ਹੈ ਤੇ ਉਸ ਦਾ ਬਚਨ ਵੀ ਆਪ ਦਾ 'ਸਤਿ' ਹੋਵੇ।

ਸੋ ਮਹਾਰਾਜ ਜੀ ਕਹਿੰਦੇ, "ਪੰਡਤ ਜੀ! ਜੇ ਇਹ ਚੀਜ਼ਾਂ ਨਹੀਂ ਮਿਲ ਸਕਦੀਆਂ ਮੈਨੂੰ ਇਸ ਧਾਗੇ ਵਿਚੋਂ ਤਾਂ ਰਹਿਣ ਦਿਓ, ਮੈਂ ਬੋਝ ਨਹੀਂ ਚੁਕਣਾ। ਇਹ ਟੁੱਟ ਜਾਂਦਾ ਹੈ, ਇਹ ਮੈਲਾ ਹੋ ਜਾਂਦਾ ਹੈ।

ਤੁਸੀਂ ਇਹ ਦਸੋ। ਇਹ ਗੱਲ ਵਿਚ ਤਾਂ ਮੇਰੇ ਪਾ ਦਿੱਤਾ, ਅੱਖਾਂ ਦੇ ਉਤੇ ਮੇਰੇ ਕੀ ਪਾਬੰਦੀ ਲਾਓਂਗੇ? ਕੰਨਾਂ ਤੇ ਕੀ ਪਾਬੰਦੀ ਲਾਓਂਗੇ? ਚਲੋ ਇਨ੍ਹਾਂ ਤੇ ਵੀ ਲਾ ਦਿਓ ਅੱਖਾਂ ਤੇ ਖੋਪੇ ਲਾ ਦਿਓ, ਕੰਨਾਂ ਵਿੱਚ ਰੂੰ ਪਾ ਦਿਓ ਲੇਕਿਨ ਮਨ ਮੇਰੇ ਨੂੰ ਤੁਸੀਂ ਕਿਵੇਂ ਰੋਕ ਲਓਗੇ? ਮਨ ਦੇ ਖਿਆਲ ਕਿਵੇਂ ਰੁਕ ਜਾਣਗੇ? ਕਿਵੇਂ ਸ਼ੁਧ ਹੋ ਜਾਣਗੇ?"

ਸੋ ਗੁਰੂ ਨਾਨਕ ਪਾਤਸ਼ਾਹ ਜੀ ਦਾ ਸੰਸਾਰ ਤੇ ਆਉਣਾ, ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ –

***ਸਤਿਗੁਰ ਨਾਨਕ ਪ੍ਰਗਟਿਆ,***
***ਮਿਟੀ ਧੁੰਧੁ ਜਗਿ ਚਾਨਣੁ ਹੋਆ।***

***ਭਾਈ ਗੁਰਦਾਸ ਜੀ ਦੀ ਵਾਰ 1/27***

ਇਹ ਧੁੰਦ ਕਿਹੜੀ ਸੀ ਜਿਹੜੀ ਪਈ ਹੋਈ ਸੀ ਕਿਉਂਕਿ ਪਹਿਲਾਂ ਵੀ ਮਜ਼ਹਬ ਸੀ। ਪਹਿਲਾਂ ਵੀ ਵੱਡੇ ਵੱਡੇ ਮਹਾਂਪੁਰਸ਼ ਆਏ, ਸਾਰੇ ਸੰਸਾਰ ਦੇ ਉਤੇ ਆਏ ਤੇ ਧੁੰਦ ਕਿਵੇਂ ਦੂਰ ਕਰ ਦਿੱਤੀ ਗੁਰੂ ਨਾਨਕ ਪਾਤਸ਼ਾਹ ਨੇ। ਉਨ੍ਹਾਂ ਤੋਂ ਪਹਿਲਾਂ ਧੁੰਦ ਰਹਿ ਕਿਵੇਂ ਗਈ? ਇਹ ਚੀਜ਼ਾਂ ਨੇ ਜੋ ਸਾਡੇ ਵਿਚਾਰਨ ਵਾਲੀਆਂ ਨੇ।

ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਦਰਸ਼ਨ ਭਾਰਤਵਰਸ਼ ਵਿਚ ਮੌਜੂਦ ਸੀ, ਸੰਸਾਰ ਦੇ ਅੰਦਰ ਹੋਰ ਅਨੇਕਾਂ ਧਰਮ ਗ੍ਰੰਥ ਸਨ ਜੋ ਰਾਹ ਦਿਖਾਉਂਦੇ ਸਨ ਪਰ ਉਨ੍ਹਾਂ ਵਿੱਚ ਸਪਸ਼ਟਤਾ ਨਹੀਂ ਸੀ ਬੜਾ ਜ਼ਬਰਦਸਤ, ਤਰਕ ਵਿਤਰਕ ਸੀ ਆਪਸ ਦੇ ਵਿੱਚ, ਭਾਰਤਵਰਸ਼ ਦੇ ਸਾਸ਼ਤਰ ਵਾਹਿਗੁਰੂ ਨੂੰ ਇਸ ਤਰ੍ਹਾਂ ਪ੍ਰਗਟ ਨਹੀਂ ਸੀ ਕਰਦੇ ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਕਰਿਆ। ਕੁਝ ਮੰਨਦੇ ਸੀ, ਕੁਝ ਨਹੀਂ ਸੀ ਮੰਨਦੇ। ਸਾਂਖ ਸਾਸ਼ਤਰ ਨੇ ਮੰਨਿਆ ਹੀ ਨਹੀਂ ਕਿ ਵਾਹਿਗੁਰੂ ਹੈ। ਉਸ ਨੇ ਪ੍ਰਾਕਿਰਤੀ ਦੀ ਖੋਜ ਕਰੀ, ਬੜੀ ਜਬਰਦਸਤ ਖੋਜ ਹੈ। ਅੱਜ ਵੀ ਵਿਗਿਆਨ ਉਸ ਉਤੇ ਖੜੀ ਹੈ, ਉਸ ਤੇ ਅਧਾਰਿਤ ਹੈ, ਲੇਕਿਨ ਪ੍ਰਮੇਸ਼ਰ ਵੱਲ ਨਹੀਂ ਉਹ ਗਿਆ, ਉਸ ਨੇ ਪ੍ਰਾਕਿਰਤੀ ਨੂੰ ਮੰਨਿਆ ਜੋ ਕੁਝ ਆਹ ਦਿਸਦਾ ਹੈ ਇਸ ਨੂੰ ਉਹ ਪ੍ਰਾਕਿਰਤੀ ਕਹਿੰਦਾ ਸੀ।

ਦੂਸਰਾ ਜੋ ਨਿਆਏ ਸਾਸ਼ਤਰ ਸੀ ਉਹ ਪ੍ਰਮਾਣੂਆਂ ਨੂੰ ਮੰਨਦਾ ਸੀ ਕਿ ਪ੍ਰਮਾਣੂਆਂ ਤੋਂ ਸੰਸਾਰ ਬਣਿਆ। ਜੋ ਪਾਤੰਜਲ ਸਾਸ਼ਤਰ ਸੀ ਉਹ ਪੁਰਖ, ਪ੍ਰਾਕਿਰਤੀ ਤੇ ਜੀਵਨ ਕਿੰਨ ਚੀਜ਼ਾਂ ਨੂੰ ਮੰਨਦਾ ਸੀ। ਵੇਦਾਂਤ ਜੋ ਸੀ ਉਹ ਮਾਇਆ ਨੂੰ ਅਨਰ ਬਚਨੀ ਤੇ ਬ੍ਰਹਮ ਨੂੰ ਮੰਨਦੇ ਸੀ ਇਹ ਸਾਡੇ ਸਿੱਖੀ ਸਿਧਾਂਤ ਦੇ ਬਹੁਤ ਨੇੜੇ ਸੀ।

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸੰਸਾਰ ਦੇ ਉਤੇ ਜੋ ਵਿਆਖਿਆ ਕੀਤੀ ਉਹ ਜੇ ਸਾਡੀ ਸਮਝ ਵਿਚ ਆ ਜਾਵੇ ਤੇ ਸਾਡੇ ਹਿਰਦੇ ਵਿਚ ਓਹ ਨਿਵਾਸ ਪਾ ਲਵੇ ਤਾਂ ਅਸੀਂ ਵੀ ਕਿਸੇ ਕਿਨਾਰੇ ਪਹੁੰਚ ਸਕਦੇ ਹਾਂ। ਗੁਰੂ ਨਾਨਕ ਪਾਤਸ਼ਾਹ ਦਾ ਜੋ ਸਿਧਾਂਤ ਹੈ ਜੇ ਸਾਨੂੰ ਕੋਈ ਪੁਛੇ ਕਿ ਤੁਹਾਡਾ ਕੀ ਸਿਧਾਂਤ ਹੈ? ਕਾਹਦੇ ਵਾਸਤੇ ਤੁਸੀਂ ਕੇਸ ਰੱਖੇ ਨੇ? ਕਾਹਦੇ ਵਾਸਤੇ ਤੁਸੀਂ ਅੰਮ੍ਰਿਤ ਛਕਦੇ ਹੋ? ਕਾਹਦੇ ਵਾਸਤੇ ਤੁਸੀਂ ਤੁਰੇ ਫਿਰਦੇ ਹੋ? ਤੁਹਾਡੇ ਧਰਮ ਦਾ ਸਿਧਾਂਤ ਕੀ ਹੈ? ਨਿਸ਼ਾਨਾ ਕੀ ਹੈ ਤੁਹਾਡੇ ਧਰਮ ਦਾ? ਦੋ ਅੱਖਰਾਂ ਵਿੱਚ ਅਸੀਂ ਪੜ੍ਹੀ ਲਿਖੀ ਸਮਾਜ ਵਿਚ ਦੱਸ ਨਹੀਂ ਸਕਦੇ ਕਿ ਸਾਡਾ ਨਿਸ਼ਾਨਾ ਕੀ ਹੈ? ਅਸੀਂ ਕਹਿ ਦੇਵਾਂਗੇ ਕਿ 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ।' ਇਹ ਸਾਡਾ ਸਿਧਾਂਤ ਹੈ ਲੇਕਿਨ ਇਹ ਤਾਂ ਜੀਵਨ ਦਾ ਰਸਤਾ ਹੈ ਕਿਸੇ ਸਿਧਾਂਤ ਤੇ ਪਹੁੰਚਣ ਨੂੰ। ਸੋ ਇਸੇ ਤਰ੍ਹਾਂ ਜੇ ਅਸੀਂ 'ਗੁਰਮੁਖ ਨਾਮ ਦਾਨ ਇਸਨਾਨ' ਕਹਿੰਦੇ ਹਾਂ ਇਹ ਗੁਰਮੁਖ ਦੀ ਰਹਿਤ ਹੈ। ਅੰਤਿਮ ਨਿਸ਼ਾਨਾ ਕੀ ਹੈ?

ਮਹਾਰਾਜ ਜੀ ਅੰਤਮ ਨਿਸ਼ਾਨਾ ਜੋ ਹੈ ਉਹ ਹੈ –

***ਏਕੋ ਬ੍ਰਹਮ ਦੁਤੀਆ ਨਾਸਤਿ॥***
***ੴ***

ਵਾਹਿਗੁਰੂ ਤੋਂ ਬਗੈਰ ਨਾ ਕੋਈ ਚੀਜ਼ ਹੈ, ਨਾ ਕੋਈ ਹੋਏਗੀ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥***

***ਅੰਗ - 1291***

ਭਾਈ ਗੁਰਦਾਸ ਜੀ ਨੇ ਏਸ ਨੂੰ ਹੋਰ ਖੋਲ੍ਹ ਕੇ ਦੱਸਿਆ ਹੈ ਕਿ –

***ਨਿਰੰਕਾਰੁ ਆਕਾਰੁ ਹੋਇ.........॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਜਦੋਂ ਨਿਰੰਕਾਰ ਨੇ ਸੰਸਾਰ ਦੀ ਰਚਨਾ ਕਰਨੀ ਸੀ ਤਾਂ ਆਪ ਅਕਾਰ ਵਿਚ ਆਇਆ –

***.......... ਏਕੰਕਾਰੁ ਅਪਾਰੁ ਸਦਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਤੇ ਨਾਉਂ ਹੋਇਆ 'ਏਕੰਕਾਰ'।

***ਏਕੰਕਾਰਹੁ ਸਬਦ ਧੁਨਿ ..........॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਏਕੰਕਾਰ ਤੋਂ ਜੋ ਪਹਿਲਾ ਕਰਮ ਹੋਇਆ ਉਹ 'ਸ਼ਬਦ ਧੁਨ' ਹੋਈ।

***ਪ੍ਰਥਮ ਓਅੰਕਾਰ ਤਿਨ ਕਹਾ ਧੁਨ ਪੂਰ ਜਗਤ ਮੋ ਰਹਾ।***

ਉਹ ਧੁਨ ਜੋ ਹੈ ਅਲਹਿਦਾ ਨਹੀਂ ਹੈ, ਵਾਹਿਗੁਰੂ ਜੀ ਦੇ ਅੰਦਰ ਹੀ ਹੈ ਉਹ। ਰਚਨਾ ਤੋਂ ਪਹਿਲਾਂ ਸ਼ਬਦ ਹੀ ਸੀ ਵਾਹਿਗੁਰੂ। ਇਸੇ ਕਰਕੇ ਸਾਨੂੰ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਲੜ ਲਾਇਆ ਹੈ ਕਿਉਂਕਿ ਇਹ ਗੱਲ ਸਮਝਣ ਵਾਲੀ ਹੈ ਕਿ ਸ਼ਬਦ ਹੈ ਕੀ? ਆਦਿ ਸ਼ਬਦ ਕੀ ਹੈ? ਕਹਿੰਦੇ –

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਦੀ ਵਾਰ 26/2***

ਗੁਰੂ ਨਾਨਕ ਪਾਤਸ਼ਾਹ ਨੇ ਦੋ ਨੂੰ ਇਕ ਕਰਕੇ ਬ੍ਰੈਕਟ ਕਰ ਦਿੱਤਾ ਕਿ 'ੴ ਸਤਿ'..... ਉਸ ਤੋਂ ਮਗਰੋਂ ਇਹੀ ਸਤਿ ਹੈ 'ੴ' ਜਿਸ ਨੂੰ ਪਰਮ ਤੱਤ ਕਹਿੰਦੇ ਨੇ ਉਹ ੴ ਹੈ। ਸੋ 'ੴ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - 3***

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥***
***ਅੰਗ - 463***

ਸੋ ਸਾਰਾ ਸੰਸਾਰ ਪ੍ਰਮੇਸ਼ਰ ਵਿਚੋਂ ਹੋਇਆ ਹੈ ਤੇ ਪ੍ਰਮੇਸ਼ਰ ਵਿਚ ਹੀ ਲੀਨ ਹੋ ਜਾਂਦਾ ਹੈ। 'ਏਕ ਵਾਦ ਹੈ' ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਧਾਂਤ। ਜੇ ਦੁਨੀਆਂ ਸਮਝ ਜਾਵੇ ਤਾਂ ਜੋ ਹੱਦਾਂ ਬਣੀਆਂ ਹੋਈਆਂ ਨੇ ਭੂਗੋਲਿਕ ਇਹ ਸਭ ਹਟ ਜਾਣ, ਸਾਰਾ ਸੰਸਾਰ ਇਕ ਹੋ ਜਾਵੇ, ਕੋਈ ਦ੍ਵੈਤ ਨਾ ਰਹੇ, ਕੋਈ ਈਰਖਾ ਨਾ ਰਹੇ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਿਧਾਂਤ ਵਿਚ ਪ੍ਰਧਾਨਤਾ ਦਿੱਤੀ ਹੈ ਕਿ –

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਅੰਗ - 1076***

ਸੋ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਜੋ ਸ਼ਿਰੋਮਣੀ ਭਗਤੀ ਦਿੱਤੀ ਹੈ ਉਹ ਨਾਮ ਸਿਮਰਨ ਦੀ ਦਿੱਤੀ ਹੈ –

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਅੰਗ - 1185***

ਸੋ ਇਸ ਤਰ੍ਹਾਂ ਦੇ ਨਾਲ ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਯਾਦ ਮਨਾਉਂਦੇ ਹੋ, ਉਨ੍ਹਾਂ ਦੇ ਸਿਧਾਤਾਂ ਨੂੰ ਸਮਝਣ ਦਾ ਯਤਨ ਕਰੋ, ਜੀਵਨ ਬਣਾਓ ਤੇ ਫੇਰ ਇਹ ਸਾਡੇ ਵਾਸਤੇ ਸਫਲ ਹੈ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........

ਪਤਾ/Address ..........

..........

..........

.......... Pin Code ..........

Phone .......... Email : ..........

ਮੈਂ.......... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......... ਮਿਤੀ.......... ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 06, 13, 20, 27 ਮਾਰਚ।

**ਸੰਗਰਾਂਦ** - 14 ਮਾਰਚ, ਦਿਨ ਸੋਮਵਾਰ।

**ਪੂਰਨਮਾਸ਼ੀ** - 25 ਮਾਰਚ, ਦਿਨ ਸ਼ੁਕਰਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 26 ਮਾਰਚ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**-: Postal Address :-**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 25/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 100/- | |
| 31. | ਗੁਰੂ ਅਮਰਦਾਸ ਪਰਸੀਐ | | |

| English Version | Price |
|---|---|
| 1. Baisakhi | Rs. 5/- |
| 2. How Rend The Veil of Untruth | Rs. 70/- |
| C. Discourses on the Beyond-1 | Rs 50/- |
| 4. Discourses on the Beyond -2 | Rs. 50/- |
| 5. Discourses on the Beyond -3 | Rs. 50/- |
| 6. Discourses on the Beyond -4 | Rs. 60/- |
| 7. Discourses on the Beyond -5 | Rs. 60/- |
| 8. The way to the imperceptible | Rs. 80/- |
| 9. The Lights Immortal | Rs. 20/- |
| 10. Transcendental Bliss | Rs. 70/- |
| 11. How to Know Thy Real Self-(Vol-1) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |